ਰੰਗ ਗੋਰਾ, ਕੱਦ 5 ਫੁੱਟ 11 ਇੰਚ, ਉਮਰ 23 ਸਾਲ, ਮਕੈਨੀਕਲ ਇੰਜੀਨੀਅਰ (ਬੀ ਟੈਕ ) ਐਮ ਟੈਕ ਸ਼ੁਰੂ, ਪਿਤਾ ਸਰਕਾਰੀ ਨੌਕਰੀ (ਲੁਧਿਆਣਾ ਪੰਜਾਬ), ਸੁੰਦਰ ਸੁਸ਼ੀਲ ਲੜਕੇ ਦੇ ਲਈ ਅਮਰੀਕਾ ਵਿਚ ਰਹਿੰਦੀ ਸੁੰਦਰ ਲੜਕੀ ਦੀ ਲੋੜ ਹੈ। ਦੁਆਬੇ ਨੂੰ ਪਹਿਲ ਦਿਤੀ ਜਾਵੇਗੀ।
ਸੰਪਰਕ ਕਰੋ: 09417600014, 09417177666 (ਮੋਬਾਇਲ), ਈਮੇਲ
amarjitchander@yahoo.com
ਅਤੇ
Lovelychndr3@gmail.com


ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 4
April 30, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com




ਸਤਪਾਲ ਅਤੇ ਕਮਲਜੀਤ ਸੂਰੀਲਾ ਦਾ ਸਪੁੱਤਰ ਜੋਸ਼ ਸੂਰੀਲਾ ਆਗਾਮੀ 28 ਤੋਂ 30 ਜੂਨ ਨੂੰ ਬੋਸਟਨ ਵਿਚ ਹੋਣ ਜਾ ਰਹੀ ਫਿਊਚਰ ਸਾਇੰਸ ਅਤੇ ਤਕਨੀਕ ਸੰਮੇਲਨ ਵਿਚ ਕੈਲੀਫੋਰਨੀਆ ਦੇ ਪ੍ਰਤੀਨਿਧੀ ਵਜੋਂ ਸ਼ਾਮਲ ਹੋਣਗੇ।


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਮਹਾਨ ਸਿੱਖ ਜਰਨੈਲ ਸ: ਹਰੀ ਸਿੰਘ ਨਲੂਆ ਦੇ ਜਨਮ ਦਿਨ ਤੇ ਪ੍ਰੋ: ਐਚ. ਐਲ. ਕਪੂਰ ਜੀ ਦਾ ਲਿਖਿਆ ਵਿਸ਼ੇਸ਼ ਲੇਖ (ਦੇਖੋ ਸਫਾ 18 ਤੇ)

# ਨੇਪਾਲ ਵਿਚ ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ 6000 ਤੋਂ ਟੱਪੀ

**ਕਾਠਮੰਡੂ–** ਨੇਪਾਲ ਭੂਚਾਲ ਵਿਚ ਮਰਨ ਵਾਲਿਆਂ ਦੀ ਗਿਣਤੀ ਅੱਜ ਵਧ ਕੇ 6000 ਤੋਂ ਟੱਪ ਗਈ। ਨੇਪਾਲ ਦੇ ਪ੍ਰਧਾਨ ਮੰਤਰੀ ਸੁਸ਼ੀਲ ਕੋਇਰਾਲਾ ਨੂੰ ਉਦੋਂ ਭੂਚਾਲ ਪੀੜਤਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ, ਜਦੋਂ ਉਹ ਭੂਚਾਲ ਰਾਹਤ ਕੈਂਪਾਂ ਵਿੱਚ ਹਾਲਤ ਦਾ ਜਾਇਜ਼ਾ ਲੈਣ ਪੁੱਜੇ। ਲੋਕਾਂ ਨੇ ਪ੍ਰਧਾਨ ਮੰਤਰੀ ਨੂੰ ਘੇਰ ਕੇ ਨਾਅਰੇਬਜ਼ੀ ਕੀਤੀ ਅਤੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਕੋਈ ਸਹਾਇਤਾ ਨਹੀਂ ਮਿਲ ਰਹੀ। ਸ੍ਰੀ ਕੋਇਰਾਲਾ ਨੇ ਰੋਹ ਵਿੱਚ ਆਏ ਭੂਚਾਲ ਪੀੜਤਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਤੱਕ ਰਾਹਤ ਛੇਤੀ ਹੀ ਪੁੱਜੇਗੀ ਤੇ ਸਰਕਾਰ ਵੱਲੋਂ ਹਾਲਤ ਛੇਤੀ ਤੋਂ ਛੇਤੀ ਸੁਧਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੂਜੇ ਪਾਸੇ ਹਾਲੇ ਵੀ ਹਜ਼ਾਰਾਂ ਭੂਚਾਲ ਪੀੜਤ ਖੁੱਲ੍ਹੇ ਆਸਮਾਨ ਹੇਠਾਂ ਦਿਨ ਕਟੀ ਲਈ ਮਜਬੂਰ ਹਨ ਅਤੇ ਭੂਚਾਲ ਦੇ ਲਗਾਤਾਰ ਆ ਰਹੇ ਝਟਕਿਆਂ ਕਾਰਨ ਉਨ੍ਹਾਂ ਦੀ ਆਪਣੇ ਟੁੱਟੇ-ਭੱਜੇ ਘਰਾਂ ਵਿਚ ਪਰਤਣ ਦੀ ਹਿੰਮਤ ਨਹੀਂ ਪੈ ਰਹੀ। ਇਨ੍ਹਾਂ ਲੋਕਾਂ ਦੀਆਂ ਖਾਣ-ਪੀਣ ਦੀ ਸਮੱਗਰੀ ਖੋਹਣ ਲਈ ਪੁਲੀਸ ਨਾਲ ਝੜੱਪਾਂ ਹੋਣ



ਦੀਆਂ ਵੀ ਖ਼ਬਰਾਂ ਹਨ। ਸ਼ਹਿਰ ਦੇ ਮੁੱਖ ਬੱਸ ਅੱਡੇ ਉਤੇ ਵੀ ਅੱਜ ਉਦੋਂ ਹੰਗਾਮਾ ਖੜ੍ਹਾ ਹੋ ਗਿਆ ਜਦੋਂ ਕਾਠਮੰਡੂ ਤੋਂ ਬਾਹਰ ਜਾਣ ਲਈ ਉਥੇ ਪੁੱਜੇ ਪੀੜਤਾਂ ਨੂੰ ਵਾਅਦੇ ਮੁਤਾਬਕ ਬੱਸਾਂ ਨਾ ਮਿਲੀਆਂ। ਇਸ ਦੌਰਾਨ ਲੋਕ ਹਾਲਾਤ ਨੂੰ ਕਾਬੂ ਕਰਨ ਲਈ ਆਈ ਦੰਗੇ ਰੋਕੂ ਪੁਲੀਸ ਨਾਲ ਭਿੜ ਪਏ।

ਭੂਚਾਲ ਦੌਰਾਨ ਇਕ ਹੋਟਲ ਵਿਚ ਮਲਬੇ ਹੇਠ ਦਬ ਗਏ ਇਕ 27 ਸਾਲਾ ਵਿਅਕਤੀ ਨੂੰ ਫਰਾਂਸ ਦੀ ਰਾਹਤ ਟੀਮ ਨੇ 82 ਘੰਟੇ ਬਾਅਦ ਜ਼ਿੰਦਾ ਕੱਢ ਲਿਆ। ਰਿਸ਼ੀ ਖਨਾਲ ਨਾਮੀ ਇਸ ਵਿਅਕਤੀ ਨੇ ਦੱਸਿਆ ਕਿ ਇਸ ਦੌਰਾਨ ਉਸ ਨੇ ਆਪਣਾ ਪਿਸ਼ਾਬ ਪੀ-ਪੀ ਕੇ ਸਾਹ ਚੱਲਦੇ ਰੱਖੇ।

ਨੇਪਾਲ ਸਰਕਾਰ ਨੇ ਕਿਹਾ ਹੈ ਕਿ ਹੁਣ ਮੁਲਕ ਵਿਚ ਹੋਰ ਵਿਦੇਸ਼ੀ ਰਾਹਤ ਕਰਮੀਆਂ ਦੀ ਲੋੜ ਨਹੀਂ ਹੈ, ਕਿਉਂਕਿ ਇਥੇ ਪਹਿਲਾਂ ਹੀ ਬਹੁਤ ਰਾਹਤ ਕਰਮੀ ਪੁੱਜ ਚੁੱਕੇ ਹਨ। ਇਹ ਜਾਣਕਾਰੀ ਨੇਪਾਲ ਵਿੱਚ ਰਾਹਤ ਕਾਰਜਾਂ ਲਈ ਸੰਯੁਕਤ ਰਾਸ਼ਟਰ ਦੇ ਕੋਆਰਡੀਨੇਟਰ ਜੈਮੀ ਮੈਕਗੋਲਡਰਿਕ ਨੇ ਦਿੱਤੀ ਹੈ।

# ਅਮਿੱਟ ਛਾਪ ਛੱਡ ਗਿਆ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਕੈਲੀਫੋਰਨੀਆ ਦਾ ਕਬੱਡੀ ਕੱਪ

**ਯੂਨੀਅਨ ਸਿਟੀ–** ਸ੍ਰੀ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਕੈਲੇਫੋਰਨੀਆ ਵੱਲੋਂ ਕਰਵਾਏ ਗਏ ਕਬੱਡੀ ਕੱਪ ਵਿਚ ਇਸ ਵਾਰ ਭਰਪੂਰ ਰੌਣਕਾਂ ਰਹੀਆਂ। ਇਸ ਕਬੱਡੀ ਕੱਪ ਵਿਚ ਸ਼ਾਮਲ ਹੋਣ ਲਈ ਕੈਨੇਡਾ, ਅਮਰੀਕਾ, ਭਾਰਤ ਅਤੇ ਹੋਰ ਕਈ ਮੁਲਕਾਂ ਦੀਆਂ ਟੀਮਾਂ ਪਹੁੰਚੀਆਂ। ਕਬੱਡੀ ਕੱਪ ਦਾ ਫਾਈਨਲ ਕੈਨੇਡਾ ਦੇ ਖਾਤੇ ਰਿਹਾ। ਇਸ ਕਲੱਬ ਵਿਚ ਜਿੰਨੇ ਵੀ ਅਹੁਦੇਦਾਰ ਹਨ, ਉਹਨਾਂ ਸਭਨਾਂ ਦੀ ਮਿਹਨਤ ਸਦਕਾ ਇਹ ਟੂਰਨਾਮੈਂਟ ਬਹੁਤ ਹੀ ਵਧੀਆ ਤੇ ਇਲਾਕੇ ਵਿਚ ਇਕ ਚੰਗੇ ਪ੍ਰੋਗਰਾਮ ਵਜੋਂ ਹੋ ਸਕਿਆ। ਸਭ ਤੋਂ ਵਧੀਆ ਗੱਲ ਕਿ ਜਿੰਨੇ ਵੀ ਇੱਥੇ ਦੀਆਂ ਨਾਮਵਰ ਹਸਤੀਆਂ ਹਨ, ਉਹ ਸਭ ਇਸ ਕਲੱਬ ਦੇ ਨਾਲ ਆਈਆਂ ਅਤੇ ਇਸ ਪ੍ਰੋਗਰਾਮ ਵਿਚ ਆ ਕੇ



ਹਿੱਸਾ ਲਿਆ। ਉਚੇਚੇ ਤੌਰ ਤੇ ਕਰਦਰਜ਼ ਤੋਂ ਸ: ਚਰਨਜੀਤ ਸਿੰਘ ਬਾਠ, ਅਵਤਾਰ ਸਿੰਘ ਗਿੱਲ (ਗਿੱਲ ਇੰਸ਼ੋਰੈਂਸ) ਤੇ ਇੱਧਰ ਗਾਖਲ ਬ੍ਰਦਰਜ਼ ਵੀ ਪਹੁੰਚੇ ਤੇ ਯੂਬਾ ਸਿਟੀ ਤੋਂ ਸ. ਦੀਦਾਰ ਸਿੰਘ ਬੈਂਸ, ਸਰਬਜੀਤ ਸਿੰਘ ਥਿਆੜਾ, ਗੁਰਨਾਮ ਸਿੰਘ ਪੰਮਾ, ਦਲਬੀਰ ਗਿੱਲ ਤੇ ਹੋਰ ਸਾਰੇ ਸੱਜਣ ਇਸ ਟੂਰਨਾਮੈਂਟ ਵਿਚ ਆ ਕੇ ਰੌਣਕ ਨੂੰ ਵਧਾਇਆ। ਕਲੱਬ ਦੇ ਚੇਅਰਮੈਨ ਸ. ਕੁਲਵੰਤ ਸਿੰਘ ਖਹਿਰਾ, ਪ੍ਰਧਾਨ ਮੰਗਲ ਸਿੰਘ ਭੰਡਾਲ, ਵਾਈਸ ਪ੍ਰਧਾਨ ਪ੍ਰੀਤਮ ਸਿੰਘ ਗਰੇਵਾਲ, ਕੁਲਵੰਤ ਸਿੰਘ ਨਿੱਝਰ,

**(ਬਾਕੀ ਤਸਵੀਰਾਂ ਦੇਖੋ ਸਫਾ 14 ਅਤੇ 19 ਤੇ, ਬਾਕੀ ਖਬਰ ਦੇਖੋ ਸਫਾ 22 ਤੇ)**


KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager

50 % Off
On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674


SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)
MANDEEP SANDHU
msandhu2014@gmail.com
Note: I am not an Immigration Attorney.
3222 PENELOPE DR.
STOCKTON, CA- 95212
(NEAR HWY 99 ON MORADA LANE)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing

Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ

ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

# 209-263-0860

3244 W. Grant Line Rd., Tracy, CA 95304



ਮਨਦੀਪ ਬਿਆੜਾ
ਏਜੰਟ
209-666-0032



ਜਸਵੀਰ ਕੌਰ
ਬਰੋਕਰ
925-895-8140



ਗਗਨਦੀਪ ਸਿੰਘ
ਏਜੰਟ
925-724-7070



ਹਰਮਨ ਸਿੰਘ
ਏਜੰਟ
510-415-8154

# Continental



**Truck, Trailer Repair & Tyre Servicse**

ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ। ਹੋਰ ਵਧੇਰੇ ਜਾਣਕਾਰੀ ਲਈ ਸਾਨੂੰ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।




**Bhajji Gill**
**510-277-6315**

**Chain Gill**
**510-542-1181**



ਭੱਜੀ ਗਿੱਲ ਅਤੇ ਚੈਨ ਗਿੱਲ ਆਪਣੇ ਸਟਾਫ ਦੇ ਨਾਲ

**42400 Boyce Rd., Unite F, Fremont, CA 94538**

# ਓਬਾਮਾ ਤੇ ਐਬੇ, ਵੱਡੇ ਵਪਾਰ ਸਮਝੌਤੇ ਲਈ ਆਸਵੰਦ

**ਵਾਸ਼ਿੰਗਟਨ–** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤੇ ਜਪਾਨੀ ਪ੍ਰਧਾਨ ਮੰਤਰੀ ਸ਼ਿੰਜੋ ਐਬੇ ਵਿਰੋਧ ਦੇ ਬਾਵਜੂਦ 12 ਦੇਸ਼ੀ ਪੈਸੇਫਿਕ ਰਿਮ ਵਪਾਰ ਸਮਝੌਤਾ ਸਿਰੇ ਚਾੜ੍ਹਨ ਲਈ ਦ੍ਰਿੜ ਸੰਕਲਪ ਹਨ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਇਹ ਸੌਖਾ ਕਾਰਜ ਨਹੀਂ ਹੈ ਪਰ ਸਿਰੇ ਚੜ੍ਹਨ ਤੋਂ ਬਾਅਦ ਇਹ ਸਮਝੌਤਾ ਵਪਾਰ ਵਿਚ ਖੁਸ਼ਹਾਲੀ ਲਿਆ ਕੇ ਇਤਿਹਾਸ ਸਿਰਜ ਦਏਗਾ।

ਅਮਰੀਕੀ ਤੇ ਜਪਾਨੀ ਸਮੀਖਿਆਕਾਰਾਂ ਵਲੋਂ ਦੋ ਧਿਰੀ ਗੱਲਬਾਤ ਤਣ ਪੱਤਣ ਨਾ ਲੱਗਣ ਦੇ ਬਾਵਜੂਦ ਦੋਵੇਂ ਆਗੂ ਇਸ ਗੱਲ ਨਾਲ ਸਹਿਮਤ ਹਨ ਕਿ ਉਨ੍ਹਾਂ ਦੇ ਦੇਸ਼ ਮਿਹਨਤ ਦੇ ਨਾਲ ਸਫਲ ਤੇ ਸਿੱਟਾਦਾਇਕ ਟਰਾਂਸ ਪੈਸੇਫਿਕ ਭਾਈਵਾਲੀ (ਟੀਪੀਪੀ) ਸਮਝੌਤੇ ਨੂੰ ਸਹੀਬੰਦ ਕਰ ਦੇਣਗੇ। ਓਬਾਮਾ ਨੇ ਐਬੇ ਦੇ ਨਾਲ ਵਾਈਟ ਹਾਊਸ ਕਾਨਫਰੰਸ ਵਿਚ ਸੰਬੋਧਨ ਕਰਦਿਆਂ ਕਿਹਾ ਕਿ ਇੱਥੇ ਦੇ ਲੋਕਾਂ ਦੇ ਇਸ ਸਮਝੌਤੇ ਬਾਰੇ ਕਈ ਸ਼ੰਕੇ ਹਨ ਕਿ ਵਿਸ਼ਵੀਕਰਨ ਤੇ ਤਕਨਾਲੋਜੀ ਨਾਲ ਇੱਥੋਂ ਦੇ ਕਾਮੇ ਪ੍ਰਭਾਵਿਤ ਹੋਣਗੇ ਤੇ ਇਸ ਨਾਲ ਖਾਸ ਸਨਅਤ 'ਤੇ ਸਿੱਧਾ ਪ੍ਰਭਾਵ ਪਵੇਗਾ। ਇਸ ਸੰਦਰਭ ਵਿਚ ਵਪਾਰ ਸਮਝੌਤੇ ਨੂੰ ਅਮਲ ਵਿਚ ਲਿਆਉਣਾ ਔਖਾ ਕੰਮ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਰੇ ਸਮਝੌਤਿਆਂ ਨਾਲੋਂ ਇਸ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਨਾਲ ਨਾਲ ਵਧੀਆ ਵਾਤਾਵਰਣ ਮੁਹੱਈਆ ਕਰਵਾਇਆ ਜਾਵੇਗਾ।



ਇਸ ਦੇ ਉਲਟ ਅਮਰੀਕਾ ਵਿਚਲੀਆਂ ਲੇਬਰ ਯੂਨੀਅਨਾਂ ਨੇ ਤੌਖਲਾ ਪ੍ਰਗਟ ਕੀਤਾ ਹੈ ਕਿ ਇਹ ਸਮਝੌਤਾ ਹੋਣ ਨਾਲ ਅਮਰੀਕੀ ਫਰਮਾਂ ਘੱਟ ਲਾਗਤਾਂ ਕਾਰਨ ਆਪਣੇ ਕੰਮ ਕਾਰ ਦੂਜੇ ਦੇਸ਼ਾਂ ਵਿਚ ਤਬਦੀਲ ਕਰਨਗੀਆਂ ਤੇ ਉਨ੍ਹਾਂ ਦੇ ਕਾਮਿਆਂ ਦੀਆਂ ਨੌਕਰੀਆਂ ਸੁਰੱਖਿਅਤ ਨਹੀਂ ਰਹਿਣਗੀਆਂ।

ਸ੍ਰੀ ਐਬੇ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਟੀਪੀਪੀ ਜਲਦੀ ਸਿਰੇ ਲੱਗੇ ਕਿਉਂਕਿ ਇਸ ਨਾਲ ਏਸ਼ੀਆ ਖਿੱਤੇ ਦੇ ਹਿੱਤ ਸੁਰੱਖਿਅਤ ਰਹਿਣਗੇ ਤੇ ਖੇਤਰ ਵਿਚ ਖੁਸ਼ਹਾਲੀ ਆਵੇਗੀ।

# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਮਡੈਸਟੋ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ

ਮਡੈਸਟੋ (ਕੈਲੇਫੋਰਨੀਆ) (ਪ੍ਰਮਿੰਦਰ ਸਿੰਘ ਪ੍ਰਵਾਨਾ)– ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ 1989 ਤੋਂ ਸ਼ੁਰੂ ਹੋਏ 1998 ਵਿਚ ਸਥਾਪਤ ਹੋਏ ਸਿੱਖ ਟੈਂਪਲ ਮਡੈਸਟੋ ਵਿਖੇ ਖਾਲਸਾ ਜੀ ਦੇ ਸਥਾਪਨਾ ਦਿਵਸ (ਵਿਸਾਖੀ) ਨੂੰ ਸਮਰਪਿਤ ਸ਼ਾਨਦਾਰ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਹਮੇਸ਼ਾ ਦੀ ਤਰ੍ਹਾਂ ਦੁਹਰਾਇਆ ਗਿਆ ਕਿ ਦੂਰ-ਦੁਰਾਡੇ ਗੁਰਦੁਆਰਿਆਂ ਵਿਚ ਹਫਤਾਵਾਰੀ ਦੀਵਾਨਾਂ ਵਿਚ ਯੋਗ

ਪ੍ਰਬੰਧਕਾਂ ਦੇ ਸੱਦੇ ਤੇ ਧਾਰਮਿਕ ਰੁਚੀ ਵਿਚ ਪੁਖਤਾ ਰੁਝਾਨ ਬਣਾਉਣ ਲਈ ਅਜਿਹੇ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਵਿਸਾਖੀ ਨੂੰ ਸਮਰਪਿਤ ਪ੍ਰੋਗਰਾਮ ਅਪ੍ਰੈਲ- ਮਈ ਮਹੀਨਿਆਂ ਲਈ ਰਾਖਵੇਂ ਹਨ।

ਸੰਗਤਾਂ ਦਾ ਭਰਪੂਰ ਹੁੰਗਾਰਾ ਹੈ ਕਿ ਧਾਰਮਿਕ ਕਵੀ ਦਰਬਾਰਾਂ ਨੂੰ ਗੁਰਦੁਆਰੇ ਵਿਚ ਵਿਸ਼ੇਸ਼ ਜਗ੍ਹਾ ਮਿਲਣੀ ਚਾਹੀਦੀ ਹੈ। ਹੋਰ ਨਿਭਾਇਆਂ ਜਾ ਰਹੀਆਂ ਸੇਵਾਵਾਂ ਵਾਂਗ ਕਵੀਆਂ ਨੂੰ ਵੀ ਵਿਸ਼ੇਸ਼ ਉਤਸ਼ਾਹ ਮਿਲਣਾ ਚਾਹੀਦਾ ਹੈ। ਪ੍ਰਵਾਨਾ ਵੱਲੋਂ ਪ੍ਰੋਗਰਾਮ ਨੂੰ ਅਗਾਂਹ ਤੋਰਦੇ ਹੋਏ ਵਿਸਾਖੀ ਦਾ ਮਹੱਤਵ ਦੱਸਿਆ ਗਿਆ ਕਿ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਜੀ ਦੀ ਸਾਜਨਾ ਕਰਕੇ ਖਾਲਸੇ ਵਿਚ ਆਤਮ ਬਲ ਅਤੇ ਵਿਸ਼ਵਾਸ ਜਾਗਰਿਤ ਕਰਕੇ ਖਾਲਸੇ ਨੂੰ ਸੰਤ ਸਿਪਾਹੀ ਦਾ ਅਮਲੀ ਰੂਪ ਦਿੱਤਾ।

ਸਿੱਖ ਸਿਧਾਂਤ ਮੁਤਾਬਕ ਇਹ ਕੋਈ ਤਬਦੀਲੀ ਵਾਲੀ ਗੱਲ ਨਹੀਂ ਸੀ, ਬਲਕਿ ਗੁਰੂ ਨਾਨਕ ਸਾਹਿਬ ਜੀ ਵੱਲੋਂ ਸਥਾਪਤ ਕੀਤੇ ਗਏ ਸਿਧਾਂਤ ਨੂੰ ਪੱਕਾ ਕਰ ਦਿੱਤਾ।

ਜੋ ਸਮਾਜ ਦੇ ਰੱਖਿਅਕ ਅਤੇ ਸਹਾਇਕ ਹੋਣ ਅਤੇ ਉਹਨਾਂ ਦੇ ਦੁੱਖ ਨਿਵਾਰਨ ਕਰਨ ਲਈ ਦੋਖੀਆਂ ਨੂੰ ਪਛਾੜਨ ਦਾ ਯਤਨ ਕਰਨ ਤਾਂ ਜੋ ਆਮ ਜਨਤਾ ਅਮਨ ਅਮਾਨ ਨਾਲ ਜੀਵਨ ਨਿਭਾਅ ਸਕੇ। ਜਿਸ ਵਾਸਤੇ ਵਿਸਾਖੀ ਦਿਹਾੜੇ ਖਾਲਸਾ ਪੰਥ ਦੀ ਸਥਾਪਨਾ ਹੋਈ। ਇਹ ਸ਼ੁਭ ਮੌਕੇ ਦੀ ਸਮੂਹ ਲੋਕਾਈ ਨੂੰ ਲੱਖ ਲੱਖ ਵਧਾਈ ਹੋਵੇ।

ਇਸ ਮੌਕੇ ਤੇ ਹਾਜ਼ਰ ਕਵੀਆਂ ਵੱਲੋਂ 1699 ਦੀ ਵਿਸਾਖੀ ਦਾ ਇਤਿਹਾਸ ਦਰਸਾਉਂਦੀਆਂ ਕਵਿਤਾਵਾਂ ਕਹੀਆਂ ਗਈਆਂ, ਜਿਹਨਾਂ ਵਿਚ ਡਾ. ਰਮਾਲਾ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ, ਤਰਸੇਮ ਸਿੰਘ ਸੁਮਨ, ਗੁਰਦਿਆਲ ਸਿੰਘ ਨੂਰਪੁਰੀ ਆਦਿ ਸ਼ਾਮਲ ਸਨ। ਪ੍ਰੋਗਰਾਮ ਦੀ ਸਫਲਤਾ ਵਿਚ ਸੰਗਤਾਂ ਵੱਲੋਂ ਭਰਪੂਰ ਇਕਾਗਰਤਾ ਬਖਸ਼ੀ ਗਈ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਭਾਈ ਅਮਰਜੀਤ ਸਿੰਘ ਫਿਲੌਰ ਵੱਲੋਂ ਕਵੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਕਵੀਆਂ ਦੇ ਧੰਨਵਾਦੀ ਹਾਂ ਕਿ ਦੂਰ-ਦੂਰ ਜਾ ਕੇ ਧਰਮ ਪ੍ਰਚਾਰ ਕਰਦੇ ਹਨ।

# ਅਮਰੀਕੀ ਸਿੱਖ ਨੌਜਵਾਨਾਂ ਵੱਲੋਂ ਸ਼ਹੀਦੀ ਨਗਰ ਕੀਰਤਨ ਲਈ ਹੁੰਮ ਹੁੰਮਾ ਕੇ ਪੁੱਜਣ ਦੀ ਅਪੀਲ



**ਸੈਨ ਫਰਾਂਸਿਸਕੋ (ਬਲਵਿੰਦਰਪਾਲ ਸਿੰਘ ਖ਼ਾਲਸਾ)** ਸੈਨ ਫਰਾਂਸਿਸਕੋ ਵਿਚ 7 ਜੂਨ ਦਿਨ ਐਤਵਾਰ ਨੂੰ ਸਜਾਏ ਜਾ ਰਹੇ ਸ਼ਹੀਦੀ ਨਗਰ ਕੀਰਤਨ ਬਾਰੇ ਅਮਰੀਕੀ ਸਿੱਖ ਨੌਜਵਾਨਾਂ ਦੀ ਇਕ ਖਾਸ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ।ਇਸ ਮੀਟਿੰਗ ਦਾ ਪ੍ਰਬੰਧ ਨੌਜਵਾਨਾਂ ਵੱਲੋਂ ਆਪ ਹੀ ਕੀਤਾ ਗਿਆ। ਜਿਸ ਵਿਚ ਪਿਛਲੇ ਵਰੇ ਦੇ ਪਹਿਲੇ ਸ਼ਹੀਦੀ ਨਗਰ ਕੀਰਤਨ ਦੀ ਅਕਾਲ ਪੁਰਖ ਵੱਲੋਂ ਮਿਲੀ ਅਪਾਰ ਸਫਲਤਾ ਦਾ ਲੇਖਾ ਜੋਖਾ ਕੀਤਾ ਕਰਦਿਆਂ ਨੌਜਵਾਨਾਂ ਵੱਲੋਂ ਨਿਭਾਏ ਪ੍ਰਮੁੱਖ ਰੋਲ ਉਤੇ ਸੰਤੁਸ਼ਟੀ ਜ਼ਾਹਰ ਕਰਦਿਆਂ ਇਸ ਵਾਰ ਦੇ ਨਗਰ ਕੀਰਤਨ ਦੀਆਂ ਸਰਬ ਪੱਖੀ ਤਿਆਰੀਆਂ ਲਈ ਵੀਚਾਰ ਵਟਾਂਦਰਾ ਕੀਤਾ ਗਿਆ। ਯੂਨੀਵਰਸਿਟੀਆਂ, ਕਾਲਜਾਂ ਤੇ ਹਾਈ ਸਕੂਲਾਂ ਤੋਂ ਪਹੁੰਚੇ ਵੱਖ ਵੱਖ ਨੌਜਵਾਨਾਂ ਨੇ ਪਹਿਲੇ ਨਗਰ ਕੀਰਤਨ ਦੇ ਹਰ ਪੱਖ ਉਤੇ ਚਰਚਾ ਕਰਦਿਆ ਇਸ ਗੱਲ ਉਤੇ ਜ਼ੋਰ ਦਿਤਾ ਕਿ ਇਸ ਵਾਰ ਆਪਣੇ ਮਾਪਿਆਂ, ਬਜ਼ੁਰਗਾਂ, ਭੈਣਾਂ ਭਰਾਵਾਂ, ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਤੇ ਭਾਈਚਾਰੇ ਦੀ ਭਰਵੀਂ ਹਾਜ਼ਰੀ ਤੋਂ ਇਲਾਵਾ ਦੂਰ ਦੂਰ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਤੱਕ ਸੰਪਰਕ ਕੀਤਾ ਜਾਵੇ।

ਵੱਧ ਤੋਂ ਵੱਧ ਇਕੱਠ ਕਰਕੇ ਅੰਤਰ-ਰਾਸ਼ਟਰੀ ਪ੍ਰਸਿੱਧੀ ਵਾਲੇ ਇਸ ਸ਼ਹਿਰ ਵਿਚ ਕਰਵਾਏ ਜਾ ਰਹੇ ਸ਼ਹੀਦੀ ਨਗਰ ਕੀਰਤਨ ਦੌਰਾਨ ਖਾਲਸਾ ਪੰਥ ਲਈ ਮੀਰੀ ਪੀਰੀ ਦੇ ਪਾਤਸ਼ਾਹੀ ਦਾਅਵੇ ਵੱਲ ਵਧਣ ਦਾ ਪੈਗਾਮ ਸੰਸਾਰ ਭਰ ਵਿਚ ਪਹੁੰਚਾਇਆ ਜਾਵੇ। ਨੌਜਵਾਨਾਂ ਨੇ ਹੁਣੇ ਹੀ ਇਸ ਲਈ ਤਿਆਰੀਆਂ ਸ਼ੁਰੂ ਕਰਨ ਉਤੇ ਜ਼ੋਰ ਦਿੰਦਿਆਂ ਨਵੀਨ ਟੈਕਨਾਲੋਜੀ ਦੀ ਵਰਤੋਂ ਕਰਦਿਆਂ ਹਰ ਸਿੱਖ ਤੱਕ ਪਹੁੰਚਣ ਉਤੇ ਜ਼ੋਰ ਦਿਤਾ ਅਤੇ ਨਗਰ ਕੀਰਤਨ ਦੌਰਾਨ ਹਲੀਮੀ, ਨਿਮਰਤਾ ਤੇ ਸਹਿਜ ਵਿਚ ਰਹਿੰਦਿਆਂ ਨਿਸ਼ਾਨਿਆਂ ਵੱਲ ਧਿਆਨ ਕੇਂਦਰਿਤ ਕਰਨ ਵੱਲ ਜ਼ਿਆਦਾ ਧਿਆਨ ਦੇਣ ਲਈ ਕਿਹਾ। ਨੌਜਵਾਨਾ ਵੱਲੋਂ ਸਮੂੰਹ ਸਾਧ ਸੰਗਤ ਨੂੰ ਇਸ ਨਗਰ ਕੀਰਤਨ ਵਿਚ ਹਾਜ਼ਰੀ ਭਰਨ ਲਈ ਹੁਣ ਤੋਂ ਹੀ ਕਮਰ ਕੱਸੇ ਕਸੱਣ ਲਈ ਬੇਨਤੀ ਕੀਤੀ ਗਈ।

# ਰਾਮਗੜ੍ਹੀਆ ਗਰੁੱਪ ਆਫ ਇੰਸਟੀਚਿਊਟ ਦੇ ਐੱਮ. ਬੀ. ਏ ਤੇ ਐੱਮ. ਸੀ. ਏ. ਵਿਭਾਗ ਵਲੋਂ ਫੇਅਰਵੈੱਲ ਪਾਰਟੀ ਦਾ ਆਯੋਜਨ

**ਫਗਵਾੜਾ 24 ਅਪ੍ਰੈਲ (ਬੀ. ਕੇ. ਰੱਤੂ)–** ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਚੇਅਰਮੈਨ ਐਡਵੋਕੇਟ ਭਰਪੂਰ ਸਿੰਘ ਭੋਗਲ ਦੀ ਅਗਵਾਈ ਹੇਠ ਚੱਲ ਰਹੇ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਐੱਮ.ਬੀ.ਏ ਅਤੇ ਐੱਮ.ਸੀ.ਏ.ਵਿਭਾਗ ਵਲੋਂ ਫੇਅਰਵੈੱਲ ਪਾਰਟੀ 2015 ਦਾ ਆਯੋਜਨ ਕੀਤਾ ਗਿਆ।



ਫੇਅਰਵੈੱਲ ਪਾਰਟੀ ਦੌਰਾਨ ਵਿਦਿਆਰਥੀਆਂ ਵਲੋਂ ਰੰਗਾਰੰਗ ਪ੍ਰੋਗ੍ਰਾਮ ਪੇਸ਼ ਕੀਤਾ ਗਿਆ। ਜਿਸ ਨੇ ਸਭ ਦਾ ਮੰਨ ਜਿੱਤ ਲਿਆ। ਇਸ ਮੌਕੇ ਇੰਸਟੀਚਿਊਟ ਦੀ ਡਾਇਰੈਕਟਰ ਡਾ. ਵਿਓਮਾ ਭੋਗਲ ਢੱਟ ਨੇ ਵਿਦਿਆਰਥੀਆਂ ਦਾ ਹੋਸਲਾ ਵਧਾਉਂਦੇ ਹੋਏ ਕਿਹਾ ਕਿ ਐੱਮ. ਬੀ. ਏ. ਅਤੇ ਐੱਮ. ਸੀ. ਏ.ਵਿਭਾਗ ਦੇ ਵਿਦਿਆਰਥੀ ਹਰ ਖੇਤਰ 'ਚ ਵੱਧ ਚੜ ਕੇ ਹਿੱਸਾ ਲੈਂਦੇ ਹਨ ਤੇ ਉੱਚ ਮੁਕਾਮ ਹਾਸਲ ਕਰਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਦੇ ਓਜਵੱਲ ਭਵਿੱਖ ਦੀਆਂ ਸ਼ੁੱਭ ਕਾਮਨਾਵਾਂ ਦਿੰਦੇ ਹੋਏ ਵਿਦਿਆਰਥੀਆਂ ਨੂੰ ਹੋਰ ਸਖਤ ਮੇਹਨਤ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਪ੍ਰਿੰਸੀਪਲ ਡਾ.ਆਰ.ਕੇ.ਧਵਨ ਨੇ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸਾਡੇ ਇੰਸਟੀਚਿਊਟ ਵਲੋਂ ਵਿਦਿਆਰਥੀਆਂ ਨੂੰ ਬਹੁਤ ਸਾਰੀਆ ਸਹੂਲਤਾਂ ਦਿੱਤੀਆ ਜਾਂਦੀਆ ਹਨ ਅਤੇ ਵਿਦਿਆਰਥੀਆਂ ਨੂੰ ਅੱਗੇ ਵੱਧਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਇੰਸਟੀਚਿਊਟ 'ਚ ਵਿਦਿਆਰਥਣਾਂ ਦਾ ਬਹੁਤ ਹੀ ਖਿਆਲ ਰੱਖਿਆ ਜਾਂਦਾ ਹੈ। ਧਵਨ ਨੇ ਕਿਹਾ ਕਿ ਰਾਮਗੜੀਆ ਐਜੂਕੇਸ਼ਨਲ ਕੌਂਸਲ ਦਾ ਸਟਾਫ ਬਹੁਤ ਹੀ ਮੇਹਨਤੀ ਤੇ ਹੋਣਹਾਰ ਹੈ, ਜਿਸ ਕਰਕੇ ਕੌਂਸਲ ਨੇ ਅਨੇਕਾਂ ਕੀਰਤੀਮਾਨ ਸਥਾਪਿਤ ਕੀਤੇ ਹਨ। ਇਸ ਮੌਕੇ ਐੱਮ. ਬੀ. ਏ / ਐੱਮ. ਸੀ. ਏ.ਵਿਭਾਗ ਦੇ ਹੈੱਡ ਗੁਰਪ੍ਰੀਤ ਕੋਰ ਨੇ ਵਿਦਾ ਹੋਣ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉਜਵੱਲ ਭਵਿੱਖ ਦੀ ਕਾਮਨਾ ਕਰਦਿਆ ਕਿਹਾ ਕਿ ਵਿਦਿਆਰਥੀਆਂ ਦੀ ਮਿਹਨਤ ਸਦਕਾ ਹੀ ਅੱਜ ਉੱਚ ਬੁਲੰਦੀਆਂ ਤੇ ਪਹੁੰਚ ਗਏ ਹਨ ਅਤੇ ਇੰਸਟੀਚਿਊਟ ਦੇ ਕਈ ਵਿਦਿਆਰਥੀਆਂ ਦੀ ਪਲੇਸਮੈਂਟ ਇੰਟਰਨੈਸ਼ਨਲ ਪੱਧਰ 'ਤੇ ਹੋਈ ਹੈ।

ਉਨ੍ਹਾਂ ਨੇ ਕਿਹਾ ਕਿ ਵਿਭਾਗ ਵਲੋਂ ਵਿਦਿਆਰਥੀਆਂ ਦੇ ਲਈ ਇੰਟਰਨੈਸ਼ਨਲ ਵਿਜ਼ਿਟ, ਟਰਿੱਪ ਐਂਡ ਟੂਰ ਤੋਂ ਇਲਾਵਾ ਸੈਮੀਨਾਰ, ਗੈਸਟ ਲੈਕਚਰ, ਵਰਕਸ਼ਾਪ, ਕੁਇੰਜ਼ ਆਦਿ ਕਰਵਾਏ ਜਾਂਦੇ ਹਨ।ਇਸ ਮੌਕੇ ਨੇਹਾ,ਦੀਪਾ, ਸੋਨਪ੍ਰੀਤ, ਗਗਨਦੀਪ ਕੋਰ, ਨੀਤੂ ਕੈਂਥ, ਤਰੁਣ ਤਲਵਾੜ, ਵਰਿੰਦਰ ਪੱਬੀ, ਮਹਿੰਦਰ, ਨਵਜੋਤ ਤੋਂ ਇਲਾਵਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਇਕੱਤਰਤਾ



**ਕੈਲੇਫੋਰਨੀਆ–** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਇਕੱਤਰਤਾ ਸਭਾ ਦੇ ਪ੍ਰਧਾਨ ਦਿਲ ਨਿੱਜਰ ਦੇ ਗ੍ਰਹਿ ਵਿਖੇ ਐਤਵਾਰ 26 ਅਪ੍ਰੈਲ ਨੂੰ ਹੋਈ। ਬੇਅ-ਏਰੀਆ ਅਤੇ ਸਟਾਕਟਨ ਤੋਂ ਪਹੁੰਚੇ ਹੋਏ ਸਾਹਿਤਕਾਰਾਂ ਅਤੇ ਸਮੂਹ ਸੈਕਰਾਮੈਂਟੋ ਅਤੇ ਯੂਬਾ ਸਿਟੀ ਤੇ ਆਸ ਪਾਸ ਦੇ ਇਲਾਕੇ ਤੋਂ ਪਹੁੰਚੇ ਹੋਏ ਲੇਖਕਾਂ ਦੇ ਭਰਵੇਂ ਇਕੱਠ ਵਿਚ ਸਭ ਤੋਂ ਪਹਿਲਾਂ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ 9 ਮਈ ਨੂੰ ਕਰਵਾਈ ਜਾ ਰਹੀ ਸਾਲਾਨਾ ਅਠਾਰਵੀਂ ਕਾਨਫਰੰਸ ਲਈ ਤਿਆਰੀਆਂ, ਰੂਪ ਰੇਖਾ ਆਦਿ ਬਾਰੇ ਭਰਪੂਰ ਵਿਚਾਰ ਕੀਤੀ ਗਈ। ਵੱਖ ਵੱਖ ਸਾਹਿਤਕਾਰਾਂ ਨੇ ਕਾਨਫਰੰਸ ਨੂੰ ਸਫਲ ਕਰਨ ਲਈ ਆਪੋ-ਆਪਣੇ ਕੀਮਤੀ ਵਿਚਾਰ ਪੇਸ਼ ਕੀਤੇ।

ਉਪਰੰਤ ਸਟੇਜ ਸਕੱਤਰ ਜਸਵੰਤ ਸ਼ੀਮਾਰ ਨੇ ਪ੍ਰਧਾਨ ਦਿਲ ਨੂੰ ਆਏ ਹੋਏ ਮਹਿਮਾਨਾਂ ਦੇ ਜੀ ਆਇਆਂ ਆਖਣ ਲਈ ਸਟੇਜ ਤੇ ਬੁਲਾਇਆ ਅਤੇ ਸਭਾ ਦੀ ਕਾਰਵਾਈ ਆਰੰਭ ਕਰਨ ਲਈ ਬੇਨਤੀ ਕੀਤੀ।

ਸਭਾ ਦੇ ਪਹਿਲੇ ਸੈਸ਼ਨ ਵਿਚ ਕਹਾਣੀਕਾਰ ਤਤਿੰਦਰ ਕੌਰ ਨੇ ਆਪਣੀ ਕਹਾਣੀ ਘਰ ਵਾਪਸੀ ਪੜ੍ਹੀ।

ਕਵੀ ਦਰਬਾਰ ਵਿਚ ਕਵੀਆਂ ਨੇ ਆਪਣੀਆਂ ਕਵਿਤਾਵਾਂ ਕ੍ਰਮਵਾਰ ਪੇਸ਼ ਕੀਤੀਆਂ, ਜਿਹਨਾਂ ਵਿਚ ਜੀਵਨ ਰੱਤੂ, ਪ੍ਰਮਿੰਦਰ ਰਾਏ, ਅਜੈਬ ਚੀਮਾ, ਦਿਲਵੀਰ ਨਿੱਜਰ, ਇੰਦਰਜੀਤ ਗਰੇਵਾਲ, ਜਸਵੰਤ ਜੱਸੀ ਸ਼ੀਮਾਰ, ਨੀਲਮ ਸੈਣੀ, ਤਾਰਾ ਸਾਗਰ, ਪ੍ਰਗਟ ਸਿੰਘ ਹੁੰਦਲ, ਮਲਿਕ ਇਮਤਿਆਜ਼, ਜੋਤੀ ਸਿੰਘ, ਕਮਲ ਬੰਗਾ, ਰਾਠੀ ਸੁਰਾਪੁਰੀ, ਮਹਿੰਦਰ ਸਿੰਘ ਘੱਗ, ਹਰਬੰਸ ਸਿੰਘ ਢਿੱਲੋਂ ਜਗਿਆਸੂ, ਜੂਨੀਅਰ ਕਿਸ਼ੋਰ, ਗਾਇਕ ਗੋਗੀ ਸੰਧੂ ਨੇ ਆਪਣਾ ਨਵਾਂ ਰਿਕਾਰਡ ਗੀਤ ਅਸੀਂ ਵੱਸੀਏ ਵਿਚ ਪਰਦੇਸਾਂ ਦੇ ਅਤੇ ਹੋਰ ਵੀ ਕਲਾਮ ਪੇਸ਼ ਕਰਕੇ ਮਾਹੌਲ ਨੂੰ ਕਾਵਿਤ ਰੰਗ ਵਿਚ ਰੰਗਿਆ।

ਪ੍ਰਧਾਨ ਦਿਲਵੀਰ ਦਿਲ ਨਿੱਜਰ ਦੇ ਪਰਿਵਾਰ ਵੱਲੋਂ ਅਤੇ ਲਾਡੀ ਸੰਧੂ ਅਤੇ ਬੇਬੀ ਸੰਧੂ ਪਰਿਵਾਰ ਵੱਲੋਂ ਪਹੁੰਚੇ ਹੋਏ ਸਾਹਿਤਕਾਰਾਂ ਦੇ ਚਾਹ-ਪਾਣੀ ਅਤੇ ਖਾਣੇ ਨਾਲ ਸੇਵਾ ਕੀਤੀ ਗਈ, ਜਿਸਦਾ ਕਿ ਪਸਸਕ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਜਾਂਦਾ ਹੈ। ਸਰੋਤਿਆਂ ਵਿਚ ਜੌਹਨ ਬੰਗਾ, ਨਿਰਮਲ ਸਿੰਘ, ਹਰਜਿੰਦਰ ਪੰਧੇਰ, ਹਰਨੇਕ ਸਿੰਘ, ਸੰਘਾ ਫੈਮਲੀ, ਸੰਨੀ ਫੈਮਲੀ, ਰਮਨਦੀਪ, ਬਲਵਿੰਦਰ, ਸੁਖਪ੍ਰੀਤ, ਹਰਜਿੰਦਰ ਸਿੰਘ, ਰਸ਼ਮੀ ਸੈਣੀ, ਪ੍ਰਮਜੀਤ, ਭੁਪਿੰਦਰ ਅਤੇ ਰਮਨ ਰਾਣੀ ਨੇ ਪਹੁੰਚ ਕੇ ਸਭਾ ਦੀ ਰੌਣਕ ਵਧਾਈ।

ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਕਾਨਫਰੰਸ ਵਿਚ ਪਹੁੰਚਣ ਲਈ ਸਮੂਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ। ਕਾਨਫਰੰਸ ਜਾਂ ਪੰਜਾਬੀ ਸਾਹਿਤ ਸਭਾ ਕੈਲੇਫੋਰਨੀ ਸਬੰਧੀ ਜਾਣਕਾਰੀ ਲਈ ਦਿਲ ਨਿੱਜਰ 916-628-2210 ਜਾਂ ਇੰਦਰਜੀਤ ਗਰੇਵਾਲ 916-248-1535 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਰੱਤੂ ਅਤੇ ਬੋਲੀਨਾ ਪਰਿਵਾਰ ਨੂੰ ਗਹਿਰਾ ਸਦਮਾ



**ਸੈਕਰਾਮੈਂਟੋ (ਦੇਸ਼ ਦੁਆਬਾ ਬਿਊਰੋ)–** ਇਹ ਖਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਸਾਬਕਾ ਪ੍ਰਧਾਨ ਸ੍ਰੀ ਕੇਵਲ ਬੋਲੀਨਾ ਅਤੇ ਸ੍ਰੀ ਬਲਦੇਵ ਰਾਜ ਬੋਲੀਨਾ ਦੇ ਬਹੁਤ ਹੀ ਨਜ਼ਦੀਕੀ ਰਿਸ਼ਤੇਦਾ ਸ੍ਰੀ ਰਾਮ ਕਿਸ਼ਨ ਰੱਤੂ ਜੀ ਦਾ 25 ਅਪ੍ਰੈਲ ਨੂੰ ਸਵਾਰਗਵਾਸ ਹੋ ਗਿਆ। ਜਿਹਨਾਂ ਦਾ 30 ਅਪ੍ਰੈਲ ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 0100 ਸੈਕਰਾਮੈਂਟੋ ਲਾਅਨ ਫਿਊਨਰਲ ਹੋਮ, 6100 ਸਟਾਕਟਨ ਬੁਲੇਵਰਡ ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ ਸਸਕਾਰ ਕੀਤਾ ਜਾਵੇਗਾ। ਸਸਕਾਰ ਕਰਨ ਉਪਰੰਤ ਮਰਹੂਮ ਰਾਮ ਕ੍ਰਿਸ਼ਨ ਰੱਤੂ ਦੀ ਆਤਮਕ ਸ਼ਾਂਤੀ ਲਈ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਕੀਤੀ ਜਾਵੇਗੀ।

ਰੱਤੂ ਪਰਿਵਾਰ ਅਤੇ ਬੋਲੀਨਾ ਪਰਿਵਰ ਨਾਲ ਦੁੱਖ ਸਾਂਝਾ ਕਰਨ ਅਤੇ ਉਪਰੋਕਤ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ 916-548-8901

ਅਦਾਰਾ 'ਦੇਸ਼ ਦੁਆਬਾ' ਰੱਤੂ ਅਤੇ ਬੋਲੀਨਾ ਪਰਿਵਾਰਾਂ ਨਾਲ ਆਪਣਾ ਦਿਲੀ ਦੁੱਖ ਪ੍ਰਗਟ ਕਰਦਾ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਵਿਸਾਖੀ ਦਾ ਸ਼ੁਭ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ









**ਸੈਕਰਾਮੈਂਟੋ–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਗੁਰੂ ਘਰ ਦੀਆਂ ਸੰਗਤਾਂ ਵੱਲੋਂ ਵਿਸਾਖੀ ਦਾ ਸ਼ੁਭ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।

ਸ਼ੁੱਕਰਵਾਰ 24 ਅਪ੍ਰੈਲ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ ਦਿਨ ਐਤਵਾਰ 26 ਅਪ੍ਰੈਲ ਗੁਰੂ ਘਰ ਵਿਖੇ ਪਾਏ ਗਏ।

ਭੋਗ ਉਪਰੰਤ ਗੁਰੂ ਘਰ ਦਾ ਕੀਰਤਨੀ ਜਥਾ ਭਾਈ ਨਿਰਮਲ ਸਿੰਘ, ਭਾਈ ਅਵਤਾਰ ਸਿੰਘ ਜਥਾ ਐਲਸਬਰਾਂਟੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਸਾਹਿਬ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਨੇ ਕਥਾ ਕੀਰਤਨ ਰਾਹੀਂ ਸ਼ਨਿਚਰਵਾਰ ਅਤੇ ਐਤਵਾਰ ਦੋਵੇਂ ਦਿਨ ਸੰਗਤਾਂ ਨੂੰ ਨਿਹਾਲ ਕੀਤਾ। ਬੁਲਾਰਿਆਂ ਵਿਚ ਸਕੱਤਰ ਰਾਜ ਕੁਮਾਰ ਸੂਦ, ਜੀਵਨ ਰੱਤੂ ਅਤੇ ਜਸਵੰਤ ਜੱਸੀ ਸ਼ੀਮਾਰ ਨੇ ਸੰਗਤਾਂ ਨੂੰ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਵਿਸਾਖੀ ਦੇ ਪਿਛੋਕੜ ਬਾਰੇ ਜਾਣੂ ਕਰਵਾਇਆ। ਇਸ ਵਿਸਾਖੀ ਦੇ ਤਿਉਹਾਰ ਤੇ ਗੁਰੂ ਘਰ ਕਾ ਲੰਗਰ ਅਤੁੱਟ ਵਰਤਿਆ।

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ ਡਾ.ਅੰਬੇਦਕਰ ਦਾ 124ਵਾਂ ਜਨਮ ਦਿਹਾੜਾ ਮਨਾਇਆ





















**ਫਰਿਜ਼ਨੋ (ਕੈਲੇਫੋਰਨੀਆ)–** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ ) ਬੀਤੀ 26 ਅਪ੍ਰੈਲ ਨੂੰ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਦਾ 124ਵਾਂ ਜਨਮ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਬੁਲਾਰਿਆਂ ਨੇ ਬਾਬਾ ਸਾਹਿਬ ਦੇ ਜੀਵਨ, ਉਹਨਾਂ ਦੀ ਕੌਮ ਨੂੰ ਦੇਣ ਅਤੇ ਉਹਨਾਂ ਦੇ ਮਿਸ਼ਨ ਬਾਰੇ ਜਾਣੂ ਕਰਵਾਇਆ। ਇਸ ਮੌਕੇ ਸੰਗਤਾਂ ਨੇ ਬਾਬਾ ਸਾਹਿਬ ਦੇ ਜੀਵਨ ਉਦੇਸ਼ ਅਤੇ ਸਿੱਖਿਆਵਾਂ ਬਾਰੇ ਭਰਪੂਰ ਜਾਣਕਾਰੀ ਹਾਸਲ ਕੀਤੀ। ਅਖੀਰ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਬਾਬੂ ਮੰਗੂ ਰਾਮ ਜੀ ਮੁਗੋਵਾਲੀਆ ਜੀ ਦੀ 36ਵੀਂ ਬਰਸੀ 2 ਮਈ ਨੂੰ**

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਗਦਰੀ ਬਾਬਾ ਬਾਬੂ ਮੰਗੂ ਰਾਮ ਜੀ ਮੁਗੋਵਾਲੀਆ ਜੀ ਦੀ 36ਵੀਂ ਬਰਸੀ ਐਤਵਾਰ 2 ਮਈ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਉਣ ਜਾ ਰਹੀ ਹੈ।

ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਕੀਤੀ ਕਿ ਉਹ ਇਸ ਮੌਕੇ ਗੁਰੂ ਘਰ ਵਿਖੇ ਹਾਜ਼ਰ ਹੋ ਕੇ ਗਦਰੀ ਬਾਬਾ ਬਾਬੂ ਮੰਗੂ ਰਾਮ ਜੀ ਦੀ ਕੌਮ ਨੂੰ ਦੇਣ ਅਤੇ ਉਹਨਾਂ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਗੁਰੂ ਘਰ ਪਹੁੰਚਣ।

# ਦਲਿਤਾਂ ਨੂੰ ਪੀਣ ਵਾਲੇ ਪਾਣੀ ਦਾ ਅਧਿਕਾਰ ਨਾ ਦੇਣ ਵਜੋਂ ਰੋਸ ਮੁਜ਼ਾਹਰਾ

**ਜਲੰਧਰ–** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਪੇਂਡੂ ਮਜ਼ਦੂਰਾਂ ਵੱਲੋਂ ਪ੍ਰਸ਼ਾਸਨਿਕ ਭਰੋਸਿਆਂ ਦੇ ਬਾਵਜੂਦ ਹਲਕਾ ਕਰਤਾਰਪੁਰ ਦੇ ਪਿੰਡ ਫਤਿਹਜਲਾਲ ਦੇ ਦਲਿਤਾਂ ਨੂੰ ਪੀਣ ਵਾਲੇ ਪਾਣੀ ਦਾ ਮਨੁੱਖੀ ਅਧਿਕਾਰ ਨਾ ਦੇਣ ਦੇ ਰੋਸ ਵਜੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ’ਚ ਇਕੱਠੇ ਹੋ ਕੇ ਰੋਸ ਮੁਜ਼ਾਹਰਾ ਕਰਕੇ ਡੀ.ਸੀ. ਦਫ਼ਤਰ ਜਲੰਧਰ ਅੱਗੇ ਪੱਕਾ ਧਰਨਾ ਸ਼ੁਰੂ ਕੀਤਾ ਗਿਆ। ਧਰਨਾਕਾਰੀਆਂ ਨੇ ਪ੍ਰਸ਼ਾਸਨ ਦੇ ਦਲਿਤ ਵਿਰੋਧੀ ਵਤੀਰੇ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਸ਼ਾਮ ਚਾਰ ਵਜੇ ਤੱਕ ਜਦੋਂ ਕਿਸੇ ਵੀ ਪ੍ਰਸ਼ਾਸਨਿਕ ਅਧਿਕਾਰੀ ਨੇ ਗੱਲ ਨਾ ਸੁਣੀ ਤਾਂ ਮਜ਼ਦੂਰਾਂ ਨੇ ਡੀਸੀ ਦੇ ਦਫ਼ਤਰ ਵੱਲ ਰੁਖ਼ ਕਰ ਲਿਆ।

ਮੁਲਾਜ਼ਮਾਂ ਨੂੰ ਅੱਗੇ ਵਧਣੋਂ ਰੋਕਣ ਲਈ ਪੁਲੀਸ ਮੁਲਾਜ਼ਮਾਂ ਵੱਲੋਂ ਕਿਰਤੀ ਔਰਤਾਂ ਨਾਲ ਧੱਕਾਮੁੱਕੀ ਕਰਨ ’ਤੇ ਪ੍ਰਦਰਸ਼ਨਕਾਰੀ ਗੁੱਸੇ ਵਿੱਚ ਆ ਗਏ ਅਤੇ ਉਨ੍ਹਾਂ ਦਫ਼ਤਰ ਦਾ ਡੇਢ ਘੰਟੇ ਤੱਕ ਘਿਰਾਓ ਕੀਤਾ।

ਇਸ ਮਗਰੋਂ ਹੋਈ ਮੀਟਿੰਗ ਦੌਰਾਨ ਡੀਸੀ ਨੇ ਤਿੰਨ ਦਿਨਾਂ ਦੇ ਅੰਦਰ-ਅੰਦਰ ਫਤਿਹਜ਼ਲਾਲ ਦੀ ਟੈਂਕੀ ਦਾ ਕੁਨੈਕਸ਼ਨ ਬਹਾਲ ਕਰਵਾ ਕੇ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ, ਜਾਬ ਕਾਰਡ ਜਾਰੀ ਕਰਵਾਉਣ ਦਾ ਭਰੋਸਾ ਦਿੱਤਾ ਅਤੇ ਪ੍ਰਸ਼ਾਸਨ ਨੇ ਰਿਹਾਇਸ਼ੀ ਪਲਾਟ, ਦਲਿਤਾਂ ਦੇ ਹਿੱਸੇ ਦੀ ਜ਼ਮੀਨ, ਮਨਰੇਗਾ ਦਾ ਰੁਜ਼ਗਾਰ, ਰੁਕੇ ਕੰਮ ਦੇ ਪੈਸੇ ਆਦਿ ਮਸਲਿਆਂ ਦੇ ਹੱਲ ਲਈ 5 ਮਈ ਨੂੰ ਯੂਨੀਅਨ ਨੂੰ ਮੀਟਿੰਗ ਲਈ ਸੱਦਾ ਦਿੱਤਾ। ਇਸ ਭਰੋਸੇ ਮਗਰੋਂ ਮੁਲਾਜ਼ਮਾਂ ਨੇ ਪੱਕਾ ਧਰਨਾ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ।

# ਕੈਂਸਰ ਦੇ ਮਰੀਜਾਂ ਦਾ ਮੁਫਤ ਇਲਾਜ ਜਲਦੀ ਸੰਭਵ ਹੋਵੇਗਾ-ਜਗਜੀਤ ਸਿੰਘ ਗਾਬਾ

## ਗੁਰੂ ਤੇਗ ਬਹਾਦਰ ਚੈਰੀਟੇਬਲ ਦੇ ਚੇਅਰਮੈਨ ਜਗਜੀਤ ਸਿੰਘ ਗਾਬਾ ਨਾਲ ਵਿਸ਼ੇਸ਼ ਮੁਲਾਕਾਤ

? ਸਵਾਲ : ਗਾਬਾ ਸਾਹਿਬ ਜੀ ਸਭ ਤੋਂ ਪਹਿਲਾਂ ਤਾਂ ਅਮਰੀਕਾ ਪਹੁੰਚਣ 'ਤੇ ਤੁਹਾਨੂੰ ਬਹੁਤ ਬਹੁਤ ਜੀ ਆਇਆਂ ਨੂੰ। ਤੁਸੀਂ ਸਾਨੂੰ ਇਹ ਦੱਸੋ ਕਿ ਗੁਰਦੁਆਰਾ ਨੌਵੀਂ ਪਾਤਸ਼ਾਹੀ ਦੁਖ ਨਿਵਾਰਨ ਸਾਹਿਬ ਗੁਰੂ ਤੇਗ ਬਹਾਦਰ ਨਗਰ ਜਲੰਧਰ ਦੀ ਪ੍ਰਬੰਧਕੀ ਕਮੇਟੀ ਦੇ ਤੁਸੀਂ ਪਿਛਲੇ ਇੱਕੀ ਸਾਲ ਤੋਂ ਲਗਾਤਾਰ ਪ੍ਰਧਾਨ ਚਲੇ ਆ ਰਹੇ ਹੈ। ਇਸ ਅਰਸੇ ਦੌਰਾਨ ਤੁਹਾਡੀ ਅਗਵਾਈ ਵਿਚ ਗੁਰੂ ਤੇਗ ਬਹਾਦਰ ਚੈਰੀਟੇਬਲ ਹਸਪਤਾਲ ਵੀ ਹੋਂਦ ਵਿਚ ਆਇਆ, ਜਿਸ ਵਿਚ ਲੋੜਵੰਦ ਮਰੀਜ਼ਾਂ ਦੀਆਂ ਜਾਨ ਲੇਵਾ ਬਿਮਾਰੀਆਂ ਦਾ ਤੁਸੀਂ ਮੁਫ਼ਤ ਇਲਾਜ ਕਰ ਰਹੇ ਹੋ। ਕੀ ਤੁਸੀਂ ਸਾਨੂੰ ਇਸ ਹਸਪਤਾਲ ਬਾਰੇ ਕੁਝ ਜਾਣਕਾਰੀ ਦਿਓਗੇ?

? ਜਵਾਬ : ਇਹ ਹਸਪਤਾਲ ਲੋੜਵੰਦ ਮਰੀਜ਼ਾਂ ਦੇ ਇਲਾਜ ਲਈ ਸੇਵਾ ਕਰ ਰਿਹਾ ਹੈ। ਇਸ ਹਸਪਤਾਲ ਵਿਚ 450 ਮਰੀਜ਼ ਇਸ ਵੇਲੇ ਜ਼ੇਰੇ ਇਲਾਜ ਹਨ।



ਸ. ਜਗਜੀਤ ਸਿੰਘ ਗਾਬਾ ਨੂੰ ਸਿਰੋਪਾਓ ਤੇ ਬੁੱਕੇ ਦੇ ਕੇ ਸਨਮਾਨਿਤ ਕਰਦੇ ਹੋਏ ਨਾਪਾ ਦੇ ਚੇਅਰਮੈਨ ਸ. ਦਲਵਿੰਦਰ ਸਿੰਘ ਧੂਤ ਤੇ ਡਾਇਰੈਕਟਰ ਸ. ਬਲਵੰਤ ਸਿੰਘ।

ਇਹ ਹਸਪਤਾਲ ਇਸੇ ਹੀ ਮਿਸ਼ਨ ਨੂੰ ਮੁੱਖ ਰੱਖ ਕੇ ਬਣਾਇਆ ਗਿਆ ਹੈ ਕਿ ਕੋਈ ਵੀ ਮਰੀਜ਼ ਇਲਾਜ ਦੀ ਕਮੀ ਕਰਕੇ ਨਾ ਮਰੇ। ਇਸ ਲਈ ਮਰੀਜ਼ਾਂ ਦੇ ਇਲਾਜ ਲਈ ਇਸ ਹਸਪਤਾਲ ਵਿਚ 30 ਮਾਹਰ ਡਾਕਟਰ ਤੇ ਇਕ ਸੌ ਦੇ ਕਰੀਬ ਦੂਸਰਾ ਪੈਰਾ ਮੈਡੀਕਲ ਸਟਾਫ ਹਰ ਵੇਲੇ ਮੌਜੂਦ ਰਹਿੰਦਾ ਹੈ। ਮਰੀਜ਼ਾਂ ਦੀਆਂ ਬਿਮਾਰੀਆਂ ਦੀ ਨਿਸ਼ਾਨਦੇਹੀ ਕਰਨ ਲਈ ਹਸਪਤਾਲ ਵਿਚ ਐਕਸ-ਰੇ ਮਸ਼ੀਨਾਂ, ਅਲਟਰਾ ਸਾਊਂਡ, ਟੀ. ਐਮ. ਟੀ., ਡਾਇਲਸਜ, ਈਕੋ ਮਸ਼ੀਨ ਆਦਿ ਮੌਜੂਦ ਹਨ। ਇਕ ਸਮੇਂ 'ਤੇ 70 ਮਰੀਜ਼ਾਂ ਦਾ ਇਨਡੋਰ ਇਲਾਜ ਕੀਤੇ ਜਾਣ ਦਾ ਹਸਪਤਾਲ ਵਿਚ ਪੂਰਾ ਪ੍ਰਬੰਧ ਹੈ।

? ਸਵਾਲ : ਕੈਂਸਰ ਦੀ ਬਿਮਾਰੀ ਪੰਜਾਬ ਵਿਚ ਬਹੁਤ ਪੈਰ ਪਸਾਰ ਰਹੀ ਹੈ। ਤੁਸੀਂ ਇਸਦੇ ਇਲਾਜ ਲਈ ਕੀ ਉਪਰਾਲੇ ਕਰ ਰਹੇ ਹੋ?

ਜਵਾਬ : ਅਸੀਂ ਇਸ ਬਿਮਾਰੀ ਦਾ ਮੁਫ਼ਤ ਇਲਾਜ ਕਰਨ ਲਈ ਜੰਗੀ ਪੱਧਰ 'ਤੇ ਉਪਰਾਲੇ ਕਰਨੇ ਆਰੰਭ ਕਰ ਦਿੱਤੇ ਹਨ। ਇਸ ਕੰਮ ਲਈ ਸਾਨੂੰ ਮਾਹਿਰ ਡਾਕਟਰਾਂ ਦੀਆਂ



ਹਸਪਤਾਲ ਬਾਰੇ ਜਾਣਕਾਰੀ ਦਿੰਦੇ ਹੋਏ ਸ. ਜਗਜੀਤ ਸਿੰਘ ਗਾਬਾ। ਨਾਲ ਦਿਖਾਈ ਦੇ ਰਹੇ ਹਨ ਸ. ਦਲਵਿੰਦਰ ਸਿੰਘ ਧੂਤ ਤੇ ਬਲਵੰਤ ਸਿੰਘ।

ਸੇਵਾਵਾਂ ਪ੍ਰਾਪਤ ਹੋ ਚੁੱਕੀਆਂ ਹਨ ਪਰ ਇਸ ਭਿਆਨਕ ਬਿਮਾਰੀ ਦਾ ਇਲਾਜ ਕਰਨ ਲਈ ਸਿਟੀ ਸਕੈਨ ਮਸ਼ੀਨ ਤੇ ਐਮ. ਆਰ. ਆਈ. ਮਸ਼ੀਨ ਦਾ ਹੋਣਾ ਜ਼ਰੂਰੀ ਹੈ ਅਤੇ ਇਸ ਲਈ ਅਸੀਂ ਨੱਠ ਭੱਜ ਕਰ ਰਹੇ ਹਾਂ। ਜਿਸ ਲਈ ਮੈਨੂੰ ਅਮਰੀਕਾ ਦੀਆਂ ਸੰਗਤਾਂ ਕੋਲ ਸਹਾਇਤਾ ਲਈ ਪਹੁੰਚਣਾ ਪਿਆ ਹੈ।

? ਸਵਾਲ : ਇਨ੍ਹਾਂ ਦੋਵਾਂ ਮਸ਼ੀਨਾਂ ਦੀ ਲਗਭਗ ਲਾਗਤ ਕਿੰਨੀ ਹੈ?

ਜਵਾਬ : ਦੇਖੋ ਜੀ ਸਿਟੀ ਸਕੈਨ ਦੀ ਮਸ਼ੀਨ ਲਗਭਗ ਢਾਈ ਲੱਖ ਡਾਲਰ ਦੇ ਕਰੀਬ ਮਿਲ ਸਕਦੀ ਹੈ, ਜਦਕਿ ਐਮ. ਆਰ. ਆਈ. ਮਸ਼ੀਨ ਦੀ ਲਾਗਤ 6 ਤੋਂ 7 ਲੱਖ ਡਾਲਰ ਦੇ ਕਰੀਬ ਹੈ।

? ਸਵਾਲ : ਗਾਬਾ ਸਾਹਿਬ ਅਸੀਂ ਸਮਝਦੇ ਹਾਂ ਕਿ ਇਨ੍ਹਾਂ ਮਸ਼ੀਨਾਂ ਦੀ ਸੇਵਾ ਕੋਈ ਇਕ ਜਾਂ ਦੋ ਪਰਿਵਾਰ ਸ਼ਾਇਦ ਨਾ ਕਰ ਸਕਦੇ ਹੋਣ, ਪਰ ਥੋੜ੍ਹਾ ਥੋੜ੍ਹਾ ਕਰਕੇ ਸੰਗਤਾਂ ਇਸ ਸੇਵਾ ਵਿਚ ਆਪੋ ਆਪਣਾ ਹਿੱਸਾ ਪਾਉਣ ਤਾਂ ਇਹਨਾਂ ਮਸ਼ੀਨਾਂ ਨੂੰ ਖਰੀਦ ਸਕਣ ਵਿਚ ਸਫ਼ਲਤਾ ਮਿਲ ਸਕਦੀ ਹੈ।

ਜਵਾਬ : ਹਾਂ ਤੁਹਾਡੀ ਗੱਲ ਬਿਲਕੁਲ ਸਹੀ ਹੈ। ਕੋਈ ਵੀ ਵਿਅਕਤੀ ਜਾਂ ਪਰਿਵਾਰ ਇਨ੍ਹਾਂ ਮਸ਼ੀਨਾਂ ਨੂੰ ਖਰੀਦਣ ਲਈ ਸਿੱਧੀ ਮਾਇਆ ਹਸਪਤਾਲ ਦੇ ਬੈਂਕ ਅਕ-ਊਂਟ ਵਿਚ ਭੇਜ ਸਕਦਾ ਹੈ। ਜਿਸ ਦਾ ਵੇਰਵਾ ਹੇਠ ਇਸ ਤਰ੍ਹਾਂ ਹੈ :

ਅਕਾਊਂਟ ਨੰ. : 0764110001 6764
IFSC CODE : PSIB 0000764
ਫੋਨ ਨੰਬਰ : 0181-4620461-4620460

? ਸਵਾਲ : ਤੁਸੀਂ ਅਜੇ ਕਿੰਨੀ ਦੇਰ ਇਥੇ ਹੋ ਤੇ ਤੁਹਾਡਾ ਸੰਪਰਕ ਨੰਬਰ ਕੀ ਹੈ।

ਜਵਾਬ : ਮੈਂ ਅਜੇ ਲਗਭਗ ਇਕ ਮਹੀਨਾ ਹੋਰ ਇਥੇ ਹਾਂ। ਇਸ ਸਮੇਂ ਦੌਰਾਨ ਮੇਰਾ ਸੈਲ ਨੰਬਰ 510-589-3115 ਹੈ ਤੇ ਕੋਈ ਵੀ ਸੱਜਣ ਇਸ ਫੋਨ ਨੰਬਰ 'ਤੇ ਮੇਰੇ ਨਾਲ ਸਿੱਧਾ ਸੰਪਰਕ ਕਰ ਸਕਦਾ ਹੈ।

**(ਮੁਲਾਕਾਤ- ਸਤਨਾਮ ਸਿੰਘ ਚਾਹਲ ਮੁੱਖ ਸੰਪਾਦਕ 'ਪੰਜਾਬ ਨਿਊਜ'')**

# ਟਰੱਸਟ ਵੱਲੋਂ ਮਜਾਰੀ ਵਿਖੇ 61ਵੇਂ ਸਿਲਾਈ ਸੈਂਟਰ ਦਾ ਉਦਘਾਟਨ

**ਨਵਾਂ ਸ਼ਹਿਰ-** ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਰਜਿ: ਨਵਾਂ ਸ਼ਹਿਰ ਵੱਲੋਂ ਆਪਣੇ ਸਮਾਜ ਸੇਵੀ ਕਾਰਜਾਂ ਨੂੰ ਅਗਾਂਹ ਤੋਰਦੇ ਹੋਏ ਪਿੰਡ ਮਜਾਰੀ ਨੇੜੇ ਬੰਗਾ ਵਿਖੇ 61ਵਾਂ ਮੁਫਤ ਸਿਲਾਈ ਸਿੱਖਿਆ ਦਾ ਸੈਂਟਰ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਖੋਲ੍ਹਿਆ ਗਿਆ, ਜਿਸ ਦਾ ਉਦਘਾਟਨ ਪਿੰਡ ਦੀ ਸਰਪੰਚ ਸ੍ਰੀਮਤੀ ਭਜਨ ਕੌਰ ਨੇ ਆਪਣੇ ਕਰ ਕਮਲਾਂ ਨਾਲ ਕੀਤਾ।

ਇਸ ਮੌਕੇ ਟਰੱਸਟ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦਾ ਵਰਣਨ ਕਰਦੇ ਹੋਏ ਟਰੱਸਟ ਦੇ ਪ੍ਰਧਾਨ ਸ੍ਰੀ ਸਤਪਾਲ ਸਾਹਲੋਂ ਨੇ ਕਿਹਾ ਕਿ ਲੜਕੀਆਂ ਨੂੰ ਸਵੈ ਨਿਰਭਰ ਬਣਾਉਣ ਲਈ ਟਰੱਸਟ ਵੱਲੋਂ ਪਿੰਡ ਪਿੰਡ ਜਾ ਕੇ ਮੁਫਤ ਸਿਲਾਈ ਦੇ ਸੈਂਟਰ ਖੋਲ੍ਹ ਕੇ ਲੜਕੀਆਂ ਨੂੰ ਇਹ ਟਰੇਨਿੰਗ ਦਿੱਤੀ ਜਾਂਦੀ ਹੈ। ਔਰਤ ਘਰ, ਸਮਾਜ ਤੇ ਕੌਮ ਦਾ ਧੁਰਾ ਹੁੰਦੀ ਹੈ ਤੇ ਇਸ ਦੀ ਮਜ਼ਬੂਤੀ ਸਮਾਜ ਨੂੰ ਨਰੋਆ ਬਣਾਉਂਦੀ ਹੈ। ਇਸੇ ਸੋਚ ਨੂੰ ਮੁੱਖ ਰੱਖ ਕੇ ਟਰੱਸਟ ਵੱਲੋਂ ਅਜਿਹੇ ਉਪਰਾਲੇ ਕੀਤੇ ਜਾਂਦੇ ਹਨ। ਇਸ ਮੌਕੇ ਤੇ ਸ੍ਰੀ ਰਾਮ ਸਿੰਘ ਕਲੇਰਾਂ ਤੇ ਮੋਹਨ ਲਾਲ ਭੁੱਟਾ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਤੇ ਸਰਵ ਸ੍ਰੀ ਮਲਕੀਤ ਸਿੰਘ, ਜਗਤਾਰ ਰਾਮ, ਨਿਰਮਲ ਕੌਰ (ਸਾਰੇ ਪੰਚ) ਲਖਵੀਰ ਸਿੰਘ, ਤਰਸੇਮ ਲਾਲ, ਪਰਮਜੀਤ ਮਹਾਲੋਂ, ਸਤਨਾਮ ਸਿੰਘ ਫੌਜੀ, ਸਤਵਿੰਦਰ ਜੱਬੋਵਾਲ, ਕੁਲਵਿੰਦਰ ਕਾਹਮਾ, ਦਰਸ਼ਨ ਰਾਮ ਮੱਲੀਆਂ, ਮਨਜੀਤ ਬਾਹੜੋਵਾਲ, ਗੁਰਨਾਮ ਚਾਹਲਾਂ, ਚਮਨ ਲਾਲ ਕਲਸੀ, ਤਰਸੇਮ ਗੁਣਾਚੌਰ, ਕੁਲਜੀਤ ਕੌਰ ਸੁਪਰਵਾਈਜ਼ਰ, ਸੁਰਜੀਤ ਕੌਰ ਅਧਿਆਪਕਾ, ਰਛਪਾਲ ਕੌਰ ਮਜਾਰੀ, ਅਮਰਜੀਤ ਕੌਰ, ਮਹਿੰਦਰ ਕੌਰ, ਅਰਵਿੰਦਰ ਕੌਰ, ਮੀਨਾ ਰਾਣੀ ਆਦਿ ਵੀ ਹਾਜ਼ਰ ਸਨ।



# ਕਿਸਾਨਾਂ ਦੀ ਹਾਲਤ ਉਤੇ ਲੋਕ ਸਭਾ ਵਿੱਚ ਰਾਹੁਲ ਤੇ ਹਰਸਿਮਰਤ ਹੋਏ ਮਿਹਣੋ-ਮਿਹਣੀ

**ਨਵੀਂ ਦਿੱਲੀ-** ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਕਿਸਾਨਾਂ ਦੀ ਹਾਲਤ ਜਾਨਣ ਲਈ ਪੰਜਾਬ ਦੀਆਂ ਮੰਡੀਆਂ ਦੇ ਦੌਰੇ ਤੋਂ ਇਕ ਦਿਨ ਬਾਅਦ ਅੱਜ ਲੋਕ ਸਭਾ ਵਿੱਚ ਸਿਫ਼ਰ ਕਾਲ ਦੌਰਾਨ ਇਹ ਮਾਮਲਾ ਉਠਾਉਂਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਤੇ ਤਿੱਖਾ ਹਮਲਾ ਬੋਲਿਆ, ਪਰ ਉਨ੍ਹਾਂ ਟਾਕਰਾ ਕਰਨ ਲਈ ਤਿਆਰ ਬੈਠੀ ਫੂਡ ਪ੍ਰਾਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਖ਼ੁਰਾਕ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਉਨ੍ਹਾਂ ਨੂੰ ਤਿੱਖਾ ਜਵਾਬ ਦਿੱਤਾ। ਬੀਬੀ ਬਾਦਲ ਨੇ ਉਨ੍ਹਾਂ ਨੂੰ ਪੰਜਾਬ ਨਾਲੋਂ ਆਪਣੇ ਲੋਕ ਸਭਾ ਹਲਕੇ ਅਮੇਠੀ ਦਾ ਫ਼ਿਕਰ ਕਰਨ ਦਾ ਸੱਦਾ ਦਿੱਤਾ, ਜਦੋਂ ਕਿ ਸ੍ਰੀ ਪਾਸਵਾਨ ਨੇ ਇਥੋਂ ਤੱਕ ਆਖ ਦਿੱਤਾ ਕਿ ਕਾਂਗਰਸੀ ਆਗੂ 'ਚੀਚੀ ਖ਼ੂਨ ਲਾ ਕੇ ਸ਼ਹੀਦ ਬਣਨ' ਦੀ ਕੋਸ਼ਿਸ਼ ਕਰ ਰਹੇ ਹਨ।



ਸ੍ਰੀ ਗਾਂਧੀ ਨੇ ਕਿਹਾ ਕਿ ਸ੍ਰੀ ਮੋਦੀ ਨੂੰ ਵਿਦੇਸ਼ੀ ਦੌਰੇ ਛੱਡ ਕੇ ਦੇਸ਼ ਕਿਸਾਨਾਂ ਦੀ ਹਾਲਤ ਜਾਨਣੀ ਚਾਹੀਦੀ ਹੈ। ਦੇਸ਼ ਦੇ ਕਿਸਾਨ ਅੱਜ ਬਹੁਤ ਹੀ ਤਰਸਯੋਗ ਹਾਲਤ ਵਿੱਚ ਹਨ ਅਤੇ ਮੰਡੀਆਂ ਵਿੱਚ ਜਿਣਸ ਦੀ ਵਿਕਰੀ ਨੂੰ ਉਡੀਕਦੇ ਹੋਏ 'ਹੰਝੂ ਕੇਰ' ਰਹੇ ਹਨ। ਇਸ ਉਤੇ ਬੀਬੀ ਬਾਦਲ ਨੇ ਸ੍ਰੀ ਗਾਂਧੀ ਦੇ ਹਾਲੀਆ 57 ਰੋਜ਼ਾ ਗੁਪਤ ਵਾਸ ਦੇ ਹਵਾਲੇ ਨਾਲ ਪੁੱਛਿਆ ਕਿ ਜਦੋਂ ਕਿਸਾਨ ਬੇਮੌਸਮੀ ਬਾਰਸ਼ ਅਤੇ ਗੜੇਮਾਰੀ ਤੋਂ ਪ੍ਰੇਸ਼ਾਨ ਸਨ, ਉਦੋਂ ਉਹ ਕਿਥੇ ਸਨ। ਉਨ੍ਹਾਂ ਕਿਹਾ, ''ਜਦੋਂ ਕਿਸਾਨਾਂ ਨੂੰ ਬਾਰਸ਼ ਤੇ ਗੜੇਮਾਰੀ ਦੀ ਮਾਰ ਪੈ ਰਹੀ ਸੀ ਤੁਸੀਂ ਉਦੋਂ ਕਿਥੇ ਸੋ? ਤੁਸੀਂ ਤਾਂ ਛੁੱਟੀਆਂ ਮਨਾ ਰਹੇ ਸੀ।'' ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿਚ ਸਰਕਾਰ ਨੇ ਪਹਿਲਾਂ ਹੀ ਸਾਰੀ ਜਿਣਸ ਖ਼ਰੀਦ ਲਈ ਹੈ। ਹਾਲੀਆ ਦਿਨਾਂ ਦੌਰਾਨ ਪ੍ਰਧਾਨ ਮੰਤਰੀ ਖ਼ਿਲਾਫ਼ ਕਾਂਗਰਸ ਦੇ ਹਮਲੇ ਦੀ ਅਗਵਾਈ ਕਰ ਰਹੇ ਸ੍ਰੀ ਗਾਂਧੀ ਸ੍ਰੀ ਮੋਦੀ ਦੇ ਵਿਦੇਸ਼ੀ ਦੌਰਿਆਂ ਦੇ ਮੱਦੇਨਜ਼ਰ ਦੋਸ਼ ਲਾਇਆ, ''ਪ੍ਰਧਾਨ ਮੰਤਰੀ ਇਨ੍ਹੀਂ ਦਿਨੀਂ ਭਾਰਤ ਦੌਰੇ ਉਤੇ ਹਨ। ਉਨ੍ਹਾਂ ਨੂੰ ਪੰਜਾਬ ਜਾ ਕੇ ਕਿਸਾਨਾਂ ਨੂੰ ਮਿਲ ਕੇ ਉਨ੍ਹਾਂ ਦੀ ਹਾਲਤ ਜਾਨਣੀ ਚਾਹੀਦੀ ਹੈ।'' ਉਨ੍ਹਾਂ ਹਰਿਆਣਾ ਦੇ ਖੇਤੀਬਾੜੀ ਮੰਤਰੀ ਓ.ਪੀ. ਧਨਖੜ ਵੱਲੋਂ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਨੂੰ 'ਡਰਾਕਲ' ਕਹੇ ਜਾਣ ਉਤੇ ਵਾਰ ਕਰਦਿਆਂ ਕਿਹਾ, ''ਇਕ ਪਾਸੇ ਕਿਸਾਨ ਮੰਡੀਆਂ ਵਿੱਚ ਅੱਥਰੂ ਕੇਰ ਰਹੇ ਹਨ ਤੇ ਹਰਿਆਣੇ ਦਾ ਇਕ ਮੰਤਰੀ ਉਨ੍ਹਾਂ ਨੂੰ ਡਰਪੋਕ ਦੱਸ ਰਿਹਾ ਹੈ। ਇਸ ਤੋਂ ਭਾਜਪਾ ਦੀ ਕਿਸਾਨ ਵਿਰੋਧੀ ਸੋਚ ਦਾ ਪਤਾ ਲੱਗਦਾ ਹੈ।'' ਉਨ੍ਹਾਂ ਦੀਆਂ ਟਿੱਪਣੀਆਂ ਦਾ ਭਾਜਪਾ ਮੈਂਬਰਾਂ ਨੇ ਜ਼ੋਰਦਾਰ ਜਵਾਬ ਦਿੱਤਾ। ਭਾਜਪਾ ਤੇ ਅਕਾਲੀ ਮੈਂਬਰਾਂ ਨੇ ਉਨ੍ਹਾਂ ਦੀ ਪੰਜਾਬ ਫੇਰੀ ਨੂੰ 'ਸਿਆਸੀ ਡਰਾਮਾ' ਦੱਸਿਆ। ਕਾਂਗਰਸੀ ਮੈਂਬਰਾਂ ਨੇ ਵੀ ਉਨ੍ਹਾਂ ਦੇ ਹੱਕ ਵਿਚ 'ਸ਼ਰਮ ਕਰੋ' ਦੇ ਨਾਅਰੇ ਲਾਏ। ਉਨ੍ਹਾਂ ਪ੍ਰਧਾਨ ਮੰਤਰੀ ਦੀ 'ਮੇਕ ਇਨ ਇੰਡੀਆ' ਪਹਿਲਕਦਮੀ ਦਾ ਮਜ਼ਾਕ ਉਠਾਉਂਦਿਆਂ ਪੁੱਛਿਆ ਕਿ ਕੀ ਕਿਸਾਨਾਂ ਵੱਲੋਂ ਅੰਨ ਉਗਾ ਕੇ 'ਮੇਕ ਇਨ ਇੰਡੀਆ' ਵਿੱਚ ਹਿੱਸਾ ਨਹੀਂ ਪਾਇਆ ਜਾ ਰਿਹਾ। ਉਨ੍ਹਾਂ ਕਿਹਾ, ''ਦੇਸ਼ ਵਿਚ ਕਿਸਾਨਾਂ ਨਾਲੋਂ ਵੱਧ ਮਿਹਨਤ ਕੋਈ ਨਹੀਂ ਕਰਦਾ। ਪੰਜਾਬ ਦੇ ਕਿਸਾਨ ਸਾਰੇ ਮੁਲਕ ਦਾ ਢਿੱਡ ਭਰਦੇ ਹਨ।'' ਸ੍ਰੀ ਪਾਸਵਾਨ ਨੇ ਦੋਸ਼ ਲਾਇਆ ਕਿ ਸ੍ਰੀ ਗਾਂਧੀ 'ਚੀਚੀ ਨੂੰ ਖ਼ੂਨ ਲਾ ਕੇ ਸ਼ਹੀਦ' ਬਣ ਰਹੇ ਹਨ। ਉਨ੍ਹਾਂ ਸ੍ਰੀ ਗਾਂਧੀ ਨੂੰ ਕਿਹਾ, ''ਅਸੀਂ ਯੂਪੀਏ ਵੱਲੋਂ ਬੀਤੇ 10 ਸਾਲਾਂ ਦੌਰਾਨ ਕੀਤੀਆਂ ਗ਼ਲਤੀਆਂ ਨੂੰ ਹੀ ਸੁਧਾਰ ਰਹੇ ਹਾਂ।'' ਉਨ੍ਹਾਂ ਦੀ ਤਕਰੀਰ ਤੋਂ ਬਾਅਦ ਸਪੀਕਰ ਸੁਮਿੱਤਰਾ ਮਹਾਜਨ ਵੱਲੋਂ ਬੀਬੀ ਬਾਦਲ ਨੂੰ ਬੋਲਣ ਦੀ ਇਜਾਜ਼ਤ ਦਿੱਤੇ ਜਾਣ ਦਾ ਕਾਂਗਰਸ ਤੇ 'ਆਪ' ਮੈਂਬਰਾਂ ਨੇ ਸਖ਼ਤ ਵਿਰੋਧ ਕੀਤਾ।

# ਅਮਰੀਕਾ ਦੇ ਚੱਕਰਾਂ ਨੇ ਐਸਾ ਪੱਟਿਆ ਜੋ ਕੁਝ ਖੱਟਿਆ ਸੀ ਉਹ ਵੀ ਗਿਆ ਲੁੱਟਿਆ

**ਮੋਗਾ-** ਅੱਜ ਦੇ ਨੌਜਵਾਨਾਂ ਵਿਚ ਵਿਦੇਸ਼ ਦੀ ਹੋੜ ਲੱਗੀ ਹੋਈ ਹੈ ਇਸੇ ਚੱਕਰ ਵਿਚ ਉਹ ਠੱਗ ਏਜੰਟਾਂ ਦੇ ਚੱਕਰਾਂ ਵਿਚ ਆ ਕੇ ਲੱਖਾਂ ਰੁਪਿਆ ਗਵਾ ਬੈਠਦੇ ਹਨ ਅਜਿਹਾ ਹੀ ਇਕ ਮਾਮਲਾ ਮੋਗੇ ਦਾ ਸਾਹਮਣੇ ਆਇਆ ਹੈ ਜਿਥੇ ਪਿੰਡ ਡਾਲਾ ਨਿਵਾਸੀ ਜਸਪ੍ਰੀਤ ਸਿੰਘ ਨੇ ਟ੍ਰੈਵਲ ਏਜੰਟ ਪਤੀ-ਪਤਨੀ 'ਤੇ ਉਸ ਨੂੰ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਉਸ ਤੋਂ 17 ਲੱਖ ਰੁਪਏ ਹੜੱਪਣ ਦੇ ਇਲਾਵਾ ਉਸ ਨੂੰ ਅਮਰੀਕਾ ਦੀ ਬਜਾਏ ਕੀਨੀਆ, ਚਿਲੀ ਅਤੇ ਦੁਬਈ ਭੇਜ ਦੇਣ ਦਾ ਦੋਸ਼ ਲਗਾਇਆ ਹੈ। ਇਸ ਸੰਬੰਧੀ ਅਜੀਤਵਾਲ ਪੁਲਸ ਵਲੋਂ ਜਸਪ੍ਰੀਤ ਸਿੰਘ ਪੁੱਤਰ ਜੰਗ ਸਿੰਘ ਨਿ-ਵਾਸੀ ਪਿੰਡ ਡਾਲਾ ਦੀ ਸ਼ਿਕਾਇਤ 'ਤੇ ਜਾਂਚ ਦੇ ਬਾਅਦ ਮਨਮੋਹਨ ਸਾਬ ਪੁੱਤਰ ਦੀਵਾਨ ਸਾਬ ਅਤੇ ਉਸ ਦੀ ਪਤਨੀ ਜੀਵਕਾ ਸਾਬ ਨਿਵਾਸੀ ਬਿਜਾਵਰ (ਹੁਸ਼ਿਆਰਪੁਰ) ਖਿਲਾਫ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਮੁਖੀ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਜਸਪ੍ਰੀਤ ਸਿੰਘ ਨੇ ਕਿਹਾ ਕਿ ਦੋਸ਼ੀ ਪਤੀ-ਪਤਨੀ ਨਾਲ ਉਨ੍ਹਾਂ ਦੀ ਅਮਰੀਕਾ ਜਾਣ ਸੰਬੰਧੀ ਗੱਲਬਾਤ ਹੋਈ।

ਉਸ ਨੂੰ ਮਨਮੋਹਨ ਨੇ ਯਕੀਨ ਦਿਵਾਇਆ ਕਿ ਉਹ ਜਲਦ ਹੀ ਉਸ ਨੂੰ ਪੱਕੇ ਤੌਰ 'ਤੇ ਅਮਰੀਕਾ ਭੇਜ ਦੇਣਗੇ, ਜਿਸ 'ਤੇ ਉਹ ਦੋਵੇਂ ਪਤੀ-ਪਤਨੀ ਉਸ ਕੋਲ 20 ਮਈ 2014 ਨੂੰ ਪਿੰਡ ਡਾਲਾ ਵਿਖੇ ਆਏ। ਜਿਨ੍ਹਾਂ ਨੂੰ ਚਾਚੇ ਤੇ ਹੋਰਨਾਂ ਦੀ ਮੌਜੂਦਗੀ ਵਿਚ 10 ਲੱਖ ਰੁਪਏ ਨਕਦ ਅਤੇ ਪਾਸ-ਪੋਰਟ ਦੇ ਦਿੱਤਾ। ਇਸ ਉਪਰੰਤ ਉਹ ਮੈਨੂੰ 1 ਜੂਨ 2014 ਨੂੰ ਕੀਨੀਆ ਲੈ ਗਏ ਪਰ ਮੈਨੂੰ ਅਮਰੀਕਾ ਨਾ ਭੇਜਿਆ ਅਤੇ ਕਹਿਣ ਲੱਗੇ ਕਿ ਅਸੀਂ ਤੁਹਾਨੂੰ ਚਿਲੀ ਤੋਂ ਭੇਜਾਂਗੇ।

ਉਸ ਤੋਂ ਬਾਅਦ ਉਸ ਨੂੰ ਦੁਬਈ ਲੈ ਗਏ ਅਤੇ ਛੱਡ ਕੇ ਚਲੇ ਗਏ। ਇਕ ਮਹੀਨੇ ਬਾਅਦ ਉਥੋਂ ਘਰ ਵਾਪਸ ਆਇਆ, ਜਦੋਂ ਉਸ ਨੇ ਦੋਸ਼ੀਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕੋਈ ਗੱਲ ਨਾ ਸੁਣੀ। ਜ਼ਿਲਾ ਪੁਲਸ ਮੁਖੀ ਮੋਗਾ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦੀ ਜਾਂਚ ਦੇ ਆਦੇਸ਼ ਦਿੱਤੇ, ਜਿਸ ਦੇ ਬਾਅਦ ਸ਼ਿਕਾਇਤਕਰਤਾ ਦੇ ਦੋਸ਼ ਸਹੀ ਪਾਏ ਜਾਣ ਉਪਰੰਤ ਕਥਿਤ ਦੋਸ਼ੀ ਪਤੀ-ਪਤਨੀ ਦੇ ਖਿਲਾਫ ਥਾਣਾ ਅਜੀਤਵਾਲ ਵਿਚ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਗਿਆ।

# 'ਆਪ' 'ਚੋਂ ਕੱਢੇ ਜਾਣ ਦੀ ਨਹੀ ਮਿਲੀ ਜਾਣਕਾਰੀ: ਯਾਦਵ

**ਬੰਗਲੌਰ-** ਆਮ ਆਦਮੀ ਪਾਰਟੀ 'ਚੋਂ ਕੱਢੇ ਗਏ ਯੋਗੇਂਦਰ ਯਾਦਵ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਪਾਰਟੀ 'ਚੋਂ ਕੱਢੇ ਜਾਣ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਉਨ੍ਹਾਂ ਕਿਹਾ ਹੈ ਕਿ ਉਹ ਅਜੇ ਵੀ ਆਪਣੇ ਆਪ ਨੂੰ 'ਅੰਦੋਲਨ' ਦਾ ਹਿੱਸਾ ਸਮਝਦੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਨੇ ਇਕ ਹਫ਼ਤੇ ਪਹਿਲਾਂ ਪ੍ਰੈਸ ਰਿਲੀਜ਼ ਜਾਰੀ ਕਰਕੇ ਉਨ੍ਹਾਂ ਨੂੰ, ਪ੍ਰਸ਼ਾਂਤ ਭੂਸ਼ਨ, ਆਨੰਦ ਕੁਮਾਰ ਅਤੇ ਅਜੀਤ ਝਾਅ ਨੂੰ ਪਾਰਟੀ ਦੀ ਮੈਂਬਰਸ਼ਿਪ ਤੋਂ ਹਟਾਉਣ ਦਾ ਐਲਾਨ ਕੀਤਾ ਸੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਐਨਾ ਸਮਾਂ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਕੋਲ ਅਜਿਹੀ ਕੋਈ ਜਾਣਕਾਰੀ ਨਹੀਂ ਪਹੁੰਚੀ ਹੈ।

'ਸਵਰਾਜ ਸੰਵਾਦ' ਕਰਾਏ ਜਾਣ ਮੌਕੇ ਉਨ੍ਹਾਂ ਕਿਹਾ ਕਿ ਅਨੁਸ਼ਾਸਨੀ ਕਮੇਟੀ ਨੇ ਵੀ ਉਨ੍ਹਾਂ ਨੂੰ ਹਟਾਉਣ ਦੇ ਕੋਈ ਕਾਰਨ ਨਹੀਂ ਦੱਸੇ ਹਨ। ਸ੍ਰੀ ਯਾਦਵ ਨੇ ਕਿਹਾ ਕਿ ਉਨ੍ਹਾਂ ਨੂੰ ਪਾਰਟੀ 'ਚੋਂ ਕੱਢੇ ਜਾਣ ਦੀ ਜਾਣਕਾਰੀ ਮੀਡੀਆ ਰਾਹੀਂ ਮਿਲੀ।

ਉਨ੍ਹਾਂ ਕਿਹਾ ਕਿ ਜਦੋਂ ਉਹ ਪਾਰਟੀ ਦੇ ਅਹੁਦੇਦਾਰ ਸਨ ਤਾਂ ਵੀ ਉਹ ਇਹੋ ਆਖਦੇ ਸਨ ਕਿ 'ਆਪ' ਪਾਰਟੀ ਨਹੀਂ ਸਗੋਂ ਅੰਦੋਲਨ ਹੈ ਅਤੇ ਅੰਦੋਲਨ ਨੇ ਹੀ ਆਰਜ਼ੀ ਤੌਰ 'ਤੇ ਪਾਰਟੀ ਦਾ ਰੂਪ ਲੈ ਲਿਆ ਹੈ। ਸ੍ਰੀ ਯਾਦਵ ਨੇ ਕਿਹਾ,''ਮੈਂ ਪਾਰਟੀ ਨਾਲ ਜੁੜਿਆ ਹੋਇਆ ਹਾਂ। ਉਸ ਅੰਦੋਲਨ ਨਾਲ ਜੁੜਿਆ ਹੋਇਆ ਹਾਂ।

# ਨੇਪਾਲ ਵਿਚ ਆਏ ਭਿਆਨਕ ਭੂਚਾਲ ਨੇ ਹਜ਼ਾਰਾਂ ਜਾਨਾਂ ਲਈਆਂ

ਬੀਤੇ ਸ਼ਨਿਚਰਵਾਰ ਨੂੰ ਨੇਪਾਲ ਵਿਚ ਆਏ ਭੂਚਾਲ ਦੇ ਕਾਰਨ ਹਜ਼ਾਰਾਂ ਲੋਕਾਂ ਦੀ ਮੌਤ ਹੋ ਗਈ ਅਤੇ ਕਰੋੜਾਂ ਰੁਪਏ ਦੀ ਸੰਪਤੀ ਦਾ ਨੁਕਸਾਨ ਹੋ ਗਿਆ। ਹੁਣ ਤੱਕ ਲਾਸ਼ਾਂ ਕੱਢਣ ਦੀ ਮੁਹਿੰਮ ਜਾਰੀ ਹੈ ਅਤੇ 5 ਹਜ਼ਾਰ ਤੋਂ ਜ਼ਿਆਦਾ ਲਾਸ਼ਾਂ ਬਰਾਮਦ ਹੋ ਚੁੱਕੀਆਂ ਹਨ। ਨੇਪਾਲ ਦੇ ਪ੍ਰਧਾਨ ਮੰਤਰੀ ਸੁਸ਼ੀਲ ਕੋਇਰਾਲਾ ਮੁਤਾਬਕ ਇਸ ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ 10 ਹਜ਼ਾਰ ਨੂੰ ਪਾਰ ਕਰ ਸਕਦੀ ਹੈ। ਇਸ ਭੂਚਾਲ ਕਾਰਨ 7 ਹਜ਼ਾਰ ਦੇ ਕਰੀਬ ਲੋਕੀ ਜ਼ਖਮੀ ਹਨ, ਜੋ ਹਸਪਤਾਲਾਂ ਵਿਚ ਇਲਾਜ ਕਰਵਾ ਰਹੇ ਹਨ। ਭੂਚਾਲ ਦੇ ਝਟਕੇ ਇੰਨੇ ਜ਼ਬਰਦਸਤ ਸਨ ਕਿ ਲੋਕਾਂ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਮਿਲਿਆ।

ਹਾਲਾਂਕਿ ਭੂਚਾਲ ਦੇ ਆਉਣ ਬਾਰੇ ਪਹਿਲਾਂ ਜਾਣਕਾਰੀ ਦੇਣ ਸਬੰਧੀ ਵਿਗਿਆਨ ਫਿਲਹਾਲ ਕਾਮਯਾਬ ਨਹੀਂ ਹੋਇਆ, ਪਰ ਧਰਤੀ ਦੇ ਅੰਦਰ ਕਿੱਥੇ ਕਿੱਥੇ ਫਾਲਟ ਲਾਈਨਾਂ ਹਨ, ਇਸ ਬਾਰੇ ਖੋਜਕਾਰ ਲਗਾਤਾਰ ਖੋਜ ਕਰ ਰਹੇ ਹਨ ਪਰ ਇਸ ਦੇ ਬਾਵਜੂਦ ਸਹੀ ਅੰਦਾਜ਼ਾ ਨਹੀਂ ਹੋ ਸਕਿਆ ਹੈ। ਨੇਪਾਲ ਇਕ ਅਜਿਹਾ ਮੁਲਕ ਹੈ, ਜਿਹੜਾ ਕਦੀ ਕਿਸੇ ਦਾ ਗੁਲਾਮ ਨਹੀਂ ਹੋਇਆ। ਆਪਣੀ ਭੂਗੋਲਿਕ ਸਥਿਤੀ ਦੇ ਕਾਰਨ ਇਹ ਮੁਲਕ ਹਮੇਸ਼ਾ ਆਜ਼ਾਦ ਰਿਹਾ ਹੈ। ਪਹਿਲਾਂ ਇਸ ਮੁਲਕ ਵਿਚ ਰਾਜਾਸ਼ਾਹੀ ਸੀ ਅਤੇ ਸ਼ਾਹੀ ਪਰਿਵਾਰ ਵਿਚ ਹੋਏ ਕਤਲੇਆਮ ਤੋਂ ਬਾਅਦ ਸ਼ਾਹੀ ਪਰਿਵਾਰ ਨੇ ਨੇਪਾਲ ਨੂੰ ਲੋਕਤੰਤਰ ਦੇ ਰਾਹ ਪਾ ਦਿੱਤਾ ਹੈ। ਹੁਣ ਇਸ ਮੁਲਕ ਦਾ ਸੰਵਿਧਾਨ ਬਣਾਉਣ ਲਈ ਕਸ਼ਮਕਸ਼ ਜਾਰੀ ਹੈ ਪਰ ਅੰਤਰਿਮ ਸਰਕਾਰ ਕੰਮ ਕਰ ਰਹੀ ਹੈ, ਜਿਸ ਦੇ ਪ੍ਰਧਾਨ ਮੰਤਰੀ ਗਿਰਜਾ ਪ੍ਰਸਾਦ ਕੋਇਰਾਲਾ ਦੇ ਸਪੁੱਤਰ ਸੁਸ਼ੀਲ ਕੋਇਰਾਲਾ ਹਨ।

ਨੇਪਾਲ ਸਮੇਤ ਹਿਮਾਲਿਆ ਖੇਤਰ ਵਿਚ ਵੱਸੇ ਲੋਕਾਂ ਨੂੰ ਭੂਚਾਲਾਂ ਦਾ ਜ਼ਿਆਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਦੇ ਪਹਾੜੀ ਅਤੇ ਪਠਾਰੀ ਖੇਤਰਾਂ ਵਿਚ ਭੂਚਾਲਾਂ ਦਾ ਅਕਸਰ ਖਤਰਾ ਮੰਡਰਾਉਂਦਾ ਰਹਿੰਦਾ ਹੈ। ਅਮਰੀਕਾ ਦੇ ਵੀ ਪਹਾੜੀ ਇਲਾਕਿਆਂ ਵਿਚ ਭੂਚਾਲ ਜ਼ਿਆਦਾ ਆਉਂਦੇ ਹਨ, ਪਰ ਸਮੁੰਦਰ ਦੇ ਅੰਦਰ ਵੀ ਭੂਚਾਲ ਬਹੁਤ ਆਉਂਦੇ ਹਨ, ਜਿਹਨਾਂ ਕਾਰਨ ਸੁਨਾਮੀ ਲਹਿਰਾਂ ਸਮੁੰਦਰ ਕਿਨਾਰਿਆਂ ਤੇ ਵੱਸੇ ਲੋਕਾਂ ਦਾ ਭਾਰੀ ਜਾਨੀ ਮਾਲੀ ਨੁਕਸਾਨ ਕਰਦੀਆਂ ਹਨ। ਨੇਪਾਲ ਅਤੇ ਭਾਰਤ ਦੇ ਦੱਖਣੀ ਸੂਬਿਆਂ ਅਤੇ ਛੋਟੇ ਦੀਪਾਂ ਤੇ ਵੱਸੇ ਲੋਕੀ ਰਵਾਇਤੀ ਤੌਰ ਤੇ ਕੁਦਰਤੀ ਆਫਤਾਂ ਦਾ ਅੰਦਾਜ਼ਾ ਲਗਾ ਲੈਂਦੇ ਹਨ ਪਰ ਸਾਇੰਸ ਇਸ ਨੂੰ ਸਵੀਕਾਰ ਨਹੀਂ ਕਰਦਾ ਹੈ। ਭਾਰਤ ਵਿਚ ਸੁਨਾਮੀ ਆਉਣ ਵਾਲੇ ਹਜ਼ਾਰਾਂ ਲੋਕੀ ਮਾਰੇ ਗਏ ਸਨ, ਪਰ ਅੰਡੇਮਾਨ ਨਿਕੋਬਾਰ ਦੀਪ ਸਮੂਹ ਤੇ ਵੱਸੀ ਇਕ ਜਨਜਾਤੀ ਨੂੰ ਪਹਿਲਾਂ ਹੀ ਸੁਨਾਮੀ ਦੇ ਆਉਣ ਦਾ ਅੰਦਾਜ਼ਾ ਹੋ ਗਿਆ ਸੀ, ਇਸ ਕਰਕੇ ਉਹ ਉਚੀ ਥਾਂ ਤੇ ਨਿਕਲ ਗਏ ਸਨ ਅਤੇ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ।

ਭੂਚਾਲ, ਤੂਫਾਨ ਅਤੇ ਸੁਨਾਮੀ ਵਰਗੀਆਂ ਤ੍ਰਾਸਦੀਆਂ ਹਰ ਸਾਲ ਦੁਨੀਆਂ ਵਿਚ ਹਜ਼ਾਰਾਂ ਜਾਨਾਂ ਲੈਂਦੀਆਂ ਹਨ, ਪਰ ਇਸ ਦਾ ਸਥਾਈ ਹੱਲ ਫਿਲਹਾਲ ਸੰਭਵ ਨਹੀਂ ਹੈ। ਮਨੁੱਖ ਤਾਂ ਇੰਨਾ ਹੀ ਕਰ ਸਕਦਾ ਹੈ ਕਿ ਉਹ ਕੁਦਰਤ ਦੇ ਨਾਲ ਜਿਊਣਾ ਸਿੱਖੇ ਅਤੇ ਕੁਦਰਤ ਦੇ ਨਿਯਮਾਂ ਨਾਲ ਖਿਲਵਾੜ ਨਾ ਕਰੇ। 'ਅਦਾਰਾ ਦੇਸ਼ ਦੁਆਬਾ' ਨੇਪਾਲ ਦੇ ਭੂਚਾਲ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੈ ਅਤੇ ਅਰਦਾਸ ਕਰਦਾ ਹੈ ਕਿ ਨੇਪਾਲ ਦੇ ਲੋਕੀ ਇਸ ਤ੍ਰਾਸਦੀ ਵਿਚੋਂ ਜਲਦੀ ਨਿਕਲਣ ਅਤੇ ਜ਼ਿੰਦਗੀ ਮੁੜ ਲੀਹ ਉਤੇ ਆਵੇ। ਭੂਚਾਲ ਪੀੜਤਾਂ ਦੀ ਮਦਦ ਲਈ ਸਾਰੀ ਦੁਨੀਆਂ ਤੋਂ ਰਾਹਤ ਟੀਮਾਂ ਪਹੁੰਚ ਰਹੀਆਂ ਹਨ। ਅਮਰੀਕਾ ਤੋਂ ਵੀ ਕਈ ਸਿੱਖ ਸੰਸਥਾਵਾਂ ਨੇ ਨੇਪਾਲ ਵਿਚ ਰਾਹਤ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਨੇ ਨੇਪਾਲ ਵਿਚ ਤਿਆਰ ਲੰਗਰ ਪਹੁੰਚਾਉਣ ਦੇ ਲਈ ਵਿਸ਼ੇਸ਼ ਤੌਰ ਤੇ ਉਪਰਾਲੇ ਕੀਤੇ ਹਨ। ਅਜਿਹੀਆਂ ਤ੍ਰਾਸਦੀਆਂ ਵਿਚ ਮਨੁੱਖ ਹੀ ਮਨੁੱਖ ਦਾ ਸਹਾਰਾ ਬਣਦਾ ਹੈ ਅਤੇ ਚਾਹੀਦਾ ਹੈ ਕਿ ਨੇਪਾਲ ਦੇ ਲੋਕਾਂ ਦੀ ਇਸ ਮੁਸ਼ਕਿਲ ਸਮੇਂ ਵਿਚ ਬਾਂਹ ਪਕੜੀ ਜਾਵੇ।

# ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਮੰਗੂ ਰਾਮ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ



ਕੁਲਦੀਪ ਚੰਦ
9417563054

ਸਾਡੇ ਦੇਸ਼ ਵਿੱਚ ਵਰਣ ਵਿਵਸਥਾ ਕਾਰਨ ਅਤੇ ਜਾਤਿ ਪ੍ਰਥਾ ਪ੍ਰਭਾਵੀ ਹੋਣ ਕਾਰਨ ਸਮਾਜ ਦੇ ਸਭਤੋਂ ਹੇਠਲੇ ਵਰਗ ਦੇ ਲੋਕਾਂ ਦੀ ਜਿੰਦਗੀ ਸਦੀਆਂ ਤੱਕ ਤਰਸਯੋਗ ਹੀ ਰਹੀ ਹੈ। ਦੇਸ਼ ਵਿੱਚ ਫੈਲੀ ਛੂਆ-ਛਾਤ ਕਾਰਨ ਇਸ ਵਰਗ ਨਾਲ ਸਬੰਧਿਤ ਲੋਕਾਂ ਨਾਲ ਕਈ ਵਾਰ ਜਾਨਵਰਾਂ ਤੋਂ ਵੀ ਮਾੜਾ ਵਤੀਰਾ ਕੀਤਾ ਜਾਂਦਾ ਸੀ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਮੇਂ ਸਮੇਂ ਤੇ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਇਸ ਧਰਤੀ ਤੇ ਮਹਾਂਪੁਰਖਾਂ ਨੇ ਜਨਮ ਲਿਆ ਅਤੇ ਮਨੁਖਤਾ ਦੇ ਭਲੇ ਲਈ ਕੰਮ



ਬਾਬੂ ਮੰਗੂ ਰਾਮ ਮੂਗੋਵਾਲੀਆ ਦੇ ਪਿੰਡ ਵਿੱਚ ਉਨ੍ਹਾਂ ਨਾਲ ਜੁੜੀਆਂ ਥਾਵਾਂ ਅਤੇ ਗੜ੍ਹਸ਼ੰਕਰ ਚੰਡੀਗੜ੍ਹ ਰੋਡ ਤੇ ਬਣਾਈ ਗਈ ਸਮਾਧ ਦੀਆਂ ਖਸਤਾ ਹਾਲਤ ਸਬੰਧੀ ਫੋਟੋਆਂ।

ਕੀਤਾ। ਇਨ੍ਹਾਂ ਮਹਾਂਪੁਰਖਾਂ ਵਿੱਚ ਇੱਕ ਨਾਮ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਤੇ ਜਨਮ ਲੈਕੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਹੋਇਆ। ਬਾਬੂ ਜੀ ਦੇ ਮਾਤਾ ਦਾ ਨਾਮ ਅਤਰੀ ਅਤੇ ਪਿਤਾ ਜੀ ਦਾ ਨਾਮ ਹਰਨਾਮ ਦਾਸ ਸੀ ਅਤੇ ਉਨ੍ਹਾਂ ਦਾ ਪਰਿਵਾਰ ਚਮੜੇ ਦੇ ਧੰਦੇ ਨਾਲ ਜੁੜ੍ਹਿਆ ਹੋਇਆ ਸੀ। ਸਮਾਜ ਦੀ ਅਖੌਤੀ ਵਿਵਸਥਾ ਕਾਰਨ ਉਸ ਵੇਲੇ ਬਾਬੂ ਮੰਗੂ ਰਾਮ ਦੇ ਪਰਿਵਾਰ ਨੂੰ ਬਾਕੀ ਲੋਕਾਂ ਵਾਂਗ ਹੀ ਉਚੱ ਵਰਗ ਦੇ ਕਹਿਲਾਉਣ ਵਾਲੇ ਲੋਕਾਂ ਦੀ ਘ੍ਰਿਣਾ ਦਾ ਸ਼ਿਕਾਰ ਹੋਣਾ ਪੈਂਦਾ ਸੀ। ਬਾਬੂ ਜੀ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਹੀ ਸੀ ਜਦੋਂ ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ। ਬਾਬੂ ਜੀ ਨੇ ਜਾਤ ਅਧਾਰਿਤ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆ ਅਤੇ ਪਿੰਡੇ ਤੇ ਹੰਢਾਇਆ। ਬਾਬੂ ਮੰਗੂ ਰਾਮ ਮੂਗੋਵਾਲੀਆ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ ਅਤੇ ਆਪਣੇ ਪਿਤਾ ਨਾਲ ਵਪਾਰ ਵਿੱਚ ਹੱਥ ਵਟਾਣ ਲਈ ਅੰਗਰੇਜ਼ੀ ਵੀ ਸਿੱਖੀ। 23 ਸਾਲ ਦੀ ਉਮਰ ਵਿੱਚ ਬਾਬੂ ਜੀ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਬਾਬੂ ਜੀ ਨੇ ਕੁੱਝ ਸਾਲ ਫਰੈਸਨੋ ਅਤੇ ਕੈਲਫੋਰਨੀਆ ਨਾਲ ਲੱਗਦੇ ਇਲਾਕਿਆਂ ਵਿੱਚ ਪਿੰਡ ਦੇ ਹੀ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ ਪਰ ਇੱਥੇ ਵੀ ਬਾਬੂ ਜੀ ਨੂੰ ਜਾਤ ਅਧਾਰਤ ਵਿਤਕਰੇ ਦਾ ਹੀ ਸਾਹਮਣਾ ਕਰਨਾ ਪਿਆ। ਇਸ ਸਮੇਂ ਸਾਨ ਫਰਾਂਸਿਸਕੋ ਵਿੱਚ ਗਦਰ ਲਹਿਰ ਸ਼ੁਰੂ ਹੋ ਗਈ ਸੀ ਅਤੇ ਬਰਤਾਨੀਆਂ ਬਸਤੀਵਾਦ ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਦੀ ਮੁਹਿੰਮ ਚੱਲ ਰਹੀ ਸੀ। ਬਾਬੂ ਮੰਗੂ ਰਾਮ ਇਸ ਦੌਰਾਨ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ 1 ਨਵੰਬਰ, 1913 ਵਿੱਚ ਸਥਾਪਿਤ ਕੀਤੀ ਗਈ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਇਸ ਦੌਰਾਨ ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ। ਇਸ ਮਿਸ਼ਨ ਦੀ ਜਿੰਮੇਵਾਰੀ ਬਾਬੂ ਜੀ ਨੂੰ ਦਿੱਤੀ ਗਈ। ਇਸ ਮਿਸ਼ਨ ਦੀ ਭਿਣਕ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ ਅਤੇ ਸਰਕਾਰ ਨੇ ਇਸਦੀ ਜਾਸੂਸੀ ਸ਼ੁਰੂ ਕਰ ਦਿਤੀ। ਇਹ ਮਿਸ਼ਨ ਜਿਸਨੂੰ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਜੋਕਿ 1915 ਵਿੱਚ ਚੱਲਿਆ ਪਰੰਤੂ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਬਾਬੂ ਮੰਗੂ ਰਾਮ ਜੀ ਕਿਸੇ ਤਰੀਕੇ ਨਾਲ ਬਚ ਗਏ ਅਤੇ ਇਸਤੋਂ ਬਾਦ ਬਾਬੂ ਜੀ ਫਿਲਪਾਈਨ (ਮਨੀਲਾ) ਪਹੁੰਚ ਗਏ, ਜਿੱਥੇ ਆਪ ਨੇ ਕੁਝ

(ਬਾਕੀ ਸਫਾ 16 ਤੇ)

# ਗਿਆਨ - ਵਿਗਿਆਨ



ਮੇਘ ਰਾਜ ਮਿੱਤਰ
+91-98887-87440

### ਜਹਾਂਗੀਰ ਦੇ ਪੈਦਾ ਹੋਣ ਦਾ ਸੁਨੇਹਾ ਅਕਬਰ ਨੂੰ ਕਿਵੇਂ ਦਿੱਤਾ ਗਿਆ?

ਵਿਦਿਆਰਥੀਓ ਤੁਸੀਂ ਜਾਣਦੇ ਹੋ ਕਿ ਅੱਜ ਤੋਂ ਸਦੀਆਂ ਪਹਿਲਾਂ ਸੰਸਾਰ ਵਿੱਚ ਟੈਲੀਫੋਨ ਜਾਂ ਵਾਇਰਲੈੱਸ ਵਰਗੇ ਯੰਤਰ ਨਹੀਂ ਸਨ ਹੁੰਦੇ। ਇਸ ਲਈ ਸੁਨੇਹੇ ਜਾਂ ਤਾ ਘੋੜ ਸਵਾਰਾਂ ਰਾਹੀਂ ਜਾਂ ਕਬੂਤਰਾਂ ਰਾਹੀਂ ਭੇਜਿਆ ਜਾਂਦਾ ਸੀ। ਪਰ ਅਕਬਰ ਨੇ ਤਾਂ ਜਹਾਂਗੀਰ ਦੇ ਜਨਮ ਦਾ ਸੁਨੇਹਾ ਕੁਝ ਘੰਟਿਆਂ ਵਿੱਚ ਹੀ ਪ੍ਰਾਪਤ ਕਰ ਲਿਆ ਸੀ। ਉਸਨੇ ਇਹ ਕਿਵੇਂ ਕੀਤਾ? ਅਸੀਂ ਜਾਂਣਦੇ ਹਾਂ ਕਿ ਆਵਾਜ਼ ਇੱਕ ਸੈਕਿੰਡ ਵਿੱਚ ਲਗਭਗ 336 ਮੀਟਰ ਦੀ ਦੂਰੀ ਤੈਅ ਕਰ ਲੈਂਦੀ ਹੈ। ਇਸ ਤਰ੍ਹਾਂ ਇਹ ਲਗਭਗ 1100 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਜਾ ਸਕਦੀ ਹੈ। ਆਪਣੀ ਪਤਨੀ ਤੋਂ ਹਜ਼ਾਰਾਂ ਮੀਲ ਦੀ ਦੂਰੀ ਤੇ ਬੈਠੇ ਅਕਬਰ ਨੇ ਹਰ ਮੀਲ ਦੀ ਵਿੱਥ ਤੇ ਨਗਾਰੇ ਵਾਲੇ ਬਿਠਾ ਦਿੱਤੇ ਸਨ। ਜਦੋਂ ਜਹਾਂਗੀਰ ਦਾ ਜਨਮ ਹੋਇਆ ਤਾਂ ਇਹ ਨਗਾਰੇ ਵਜਾ ਕੇ ਨੇੜੇ ਵਾਲੇ ਨੂੰ ਲੜਕਾ ਪੈਦਾ ਹੋਣ ਦੀ ਖਬਰ ਸਮਝਾਉਂਦੇ ਗਏ। ਇਸ ਤਰ੍ਹਾਂ ਹਜ਼ਾਰਾਂ ਮੀਲ ਦੂਰ ਬੈਠੇ ਅਕਬਰ ਨੂੰ ਇਹ ਸੁਨੇਹਾ ਕੁਝ ਘੰਟਿਆਂ ਵਿੱਚ ਹੀ ਮਿਲ ਗਿਆ।

### ਸੂਰਜ ਦੀ ਰੋਸ਼ਨੀ ਤੋਂ ਬਿਜਲੀ ਕਿਵੇਂ ਬਣਦੀ ਹੈ?

ਜਿਵੇਂ ਗਰਮੀ ਕਿਸੇ ਪਦਾਰਥ ਤੋਂ ਹੀ ਪੈਦਾ ਹੁੰਦੀ ਹੈ ਇਸ ਤਰ੍ਹਾਂ ਪ੍ਰਕਾਸ਼ ਜਾਂ ਰੌਸ਼ਨੀ ਵੀ ਕਿਸੇ ਪਦਾਰਥ ਤੋਂ ਹੀ ਪੈਦਾ ਕੀਤੀ ਜਾਂਦੀ ਹੈ। ਸੂਰਜ ਦੇ ਪਦਾਰਥਾਂ ਤੋਂ ਪੈਦਾ ਹੋਇਆ ਪ੍ਰਕਾਸ਼ ਧਰਤੀ ਦੇ ਪੌਦਿਆਂ ਦੀ ਖੁਰਾਕ ਦਾ ਹਿੱਸਾ ਬਣਕੇ ਮੁੜ ਪਦਾਰਥ ਵਿੱਚ ਹੀ ਬਦਲ ਜਾਦਾ ਹੈ। ਅੱਜ ਸਾਡੇ ਦੇਸ਼ ਵਿੱਚ ਅਨੇਕਾਂ ਸਥਾਨਾਂ ਤੇ ਸੂਰਜ ਦੀ ਰੌਸ਼ਨੀ ਤੋਂ ਹੀ ਬਿਜਲੀ ਪੈਦਾ ਕੀਤੀ ਜਾਂਦੀ ਹੈ। ਹੱਥਾਂ ਤੇ ਬੰਨੀਆਂ ਜਾਂਣ ਵਾਲੀਆਂ ਘੜੀਆਂ, ਗਣਨਾ ਕਰਨ ਲਈ ਵਰਤੇ ਜਾਣ ਵਾਲੇ ਕੈਲਕੁਲੇਟਰ ਸੂਰਜ ਦੀ ਰੌਸ਼ਨੀ ਨਾਲ ਹੀ ਚਲਦੇ ਹਨ। ਅਜਿਹੀਆਂ ਕਾਰਾਂ ਵੀ ਵੱਡੀ ਮਾਤਰਾ ਵਿੱਚ ਉਪਲਬਧ ਹਨ ਜਿਹੜੀਆਂ ਸੂਰਜੀ ਪ੍ਰਕਾਸ਼ ਨਾਲ ਸੈਂਕੜੇ ਕਿਲੋਮੀਟਰ ਦੀ ਦੂਰੀ ਤੈਅ ਕਰ ਸਕਦੀਆਂ ਹਨ। ਪਹਾੜੀ ਇਲਾਕਿਆਂ ਵਿੱਚ ਸੂਰਜੀ ਊਰਜਾ ਨਾਲ ਹੀ ਰੌਸ਼ਨੀ ਕੀਤੀ ਜਾਂਦੀ ਹੈ। ਦਿਨੇ ਚਾਰਜ ਹੋ ਕੇ ਸੋਲਰ ਸੈੱਲ ਰਾਤ ਨੂੰ ਟਿਊਬਾਂ ਜਗਾ ਦਿੰਦੇ ਹਨ। ਆਉ ਦੇਖੀਏ ਕਿ ਸੂਰਜ ਤੋਂ ਬਿਜਲੀ ਕਿਵੇਂ ਪੈਦਾ ਕੀਤੀ ਜਾਂਦੀ ਹੈ।

ਸਿਲੀਕਾਨ ਬ੍ਰਹਿਮੰਡ ਵਿੱਚ ਮਿਲਣ ਵਾਲੇ 105 ਤੱਤਾਂ ਵਿੱਚੋਂ ਇੱਕ ਹੈ। ਇਸ ਵਿੱਚ ਇੱਕ ਵਿਸ਼ੇਸ ਗੁਣ ਹੈ ਕਿ ਜਦੋਂ ਇਸ ਤੇ ਪ੍ਰਕਾਸ਼ ਪੈਂਦਾ ਹੈ ਤਾਂ ਇਸ ਵਿੱਚੋਂ ਇਲੈਕਟ੍ਰਾਨ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਇਲੈਕਟ੍ਰਾਨ ਦੇ ਨਿਕਲਣ ਨੂੰ ਹੀ ਬਿਜਲੀ ਆਖਦੇ ਹਨ। ਇਸ ਤਰ੍ਹਾਂ ਸਿਲੀਕਾਨ ਧਾਤ ਦੇ ਟੁਕੜੇ ਵਿੱਚ ਸੂਰਜ ਰੌਸ਼ਨੀ ਨੇ ਬਿਜਲੀ ਵਿੱਚ ਬਦਲਣ ਦਾ ਗੁਣ ਹੈ। ਆਮ ਤੌਰ ਤੇ ਲਿਸੀਕਾਨ ਦੇ 4 ਸਮ ×2ਸਮ×0.14 ਸਮ ਆਕਾਰ ਦੇ ਟੁਕੜੇ ਨੂੰ ਇੱਕ ਸੋਲਰ ਸੈੱਲ ਕਿਹਾ ਜਾਂਦਾ ਹੈ। ਜੇ ਅਸੀਂ ਅਜਿਹੇ 20,000 ਸੈੱਲਾਂ ਨੂੰ ਲੜੀਬੱਧ ਜੋੜ ਲਈਏ ਤਾਂ 500 ਵੋਲਟ ਦੀ ਬਿਜਲੀ ਪ੍ਰਾਪਤ ਕੀਤੀ ਜਾ ਸਕਦੀ ਹੈ। ਅੱਜ ਕੱਲ ਪਲਾੜ ਰਾਕਟਾਂ ਵਿੱਚ ਇਸ ਬਿਜਲੀ ਦੀ ਹੀ ਵਰਤੋਂ ਹੋ ਰਹੀ ਹੈ ਕਿਉਂਕਿ ਖੰਭਿਆਂ ਰਾਹੀ ਤਾਰਾਂ ਲੈ ਜਾਣਾ ਅਸੰਭਵ ਹੈ।

### ਟਿਊਬ ਲਾਈਟ ਕਿਵੇਂ ਕੰਮ ਕਰਦੀ ਹੈ?

1878 ਈ. ਵਿੱਚ ਐਡੀਸਨ ਨਾ ਦੇ ਵਿਗਿਆਨੀ ਨੇ ਬਿਜਲੀ ਦੇ ਬੱਲਬ ਦੀ ਖੋਜ ਕਰਕੇ ਲੈਂਪਾਂ, ਲਾਲਟੈਲਾਂ ਅਤੇ ਮੋਮਬੱਤੀਆਂ ਦੇ ਯੁੱਗ ਦੀ ਸਮਾਪਤੀ ਦਾ ਐਲਾਨ ਕਰ ਦਿੱਤਾ ਸੀ। ਇਸ ਤੋਂ ਬਾਅਦ ਬਹੁਤ ਸਾਰੇ ਵਿਗਿਆਨੀਆਂ ਦੇ ਤਰਕਸ਼ੀਲ ਵਿਚਾਰਾਂ ਨੇ ਇਸ ਬੱਲਬ ਦੀ ਤਕਨੀਕ ਨੂੰ ਵਰਤਦੇ ਹੋਏ ਇਸ ਬੱਲਬ ਦੀ ਤਕਨੀਕ ਨੂੰ ਵਰਤਦੇ ਹੋਏ ਇਸ ਵਿੱਚ ਸੈਂਕੜੇ ਕਿਸਮ ਦੇ ਸੁਧਾਰ ਕਰ ਦਿੱਤੇ ਹਨ। ਟਿਊਬ ਵੀ ਬੱਲਬ ਦਾ ਹੀ ਇੱਕ ਸੁਧਰਿਆ ਹੋਇਆ ਰੂਪ ਹੈ। ਆਉ ਇਸ ਬਾਰੇ ਕੁਝ ਹੋਰ ਜਾਣਕਾਰੀ ਹਾਸਲ ਕਰੀਏ।

ਇਹ ਕੱਚ ਦੀ ਇੱਕ ਲੰਬੀ ਨਾਲੀ ਹੁੰਦੀ ਹੈ। ਇਸਦੇ ਦੋਵੇਂ ਸਿਰਿਆਂ ਉੱਪਰ ਟੰਗਸਟਨ ਧਾਤੂ ਤੇ ਦੋ ਇਲੈਕਟਰਾਡ ਲੱਗੇ ਹੁੰਦੇ ਹਨ। ਨਾਲੀ ਦੀਆਂ ਕੰਧਾਂ ਤੇ ਅਜਿਹੇ ਪਦਾਰਥ ਦਾ ਲੇਪ ਕੀਤਾ ਹੁੰਦਾ ਹੈ ਜਿਹੜਾ ਅੱਖਾਂ ਨੂੰ ਨਾ ਦਿਸਣ ਵਾਲੀਆਂ ਪਰਾ ਬੈਂਗਣੀ ਕਿਰਨਾਂ ਨੂੰ ਪ੍ਰਕਾਸ਼ ਵਿੱਚ ਬਦਲ ਦਿੰਦਾ ਹੈ।

ਨਾਲੀ ਵਿੱਚੋਂ ਹਵਾ ਕੱਢ ਕੇ ਇਸ ਵਿੱਚ ਪਾਰੇ ਦੇ ਕੁਝ ਪਾ ਦਿੱਤੇ ਜਾਂਦੇ ਹਨ। ਇੱਕ ਆਰਗਨ ਨਾਂ ਦੀ ਅਜਿਹੀ ਗੈਸ ਵੀ ਭਰੀ ਜਾਂਦੀ ਹੈ ਜਿਹੜੀ ਕਿਸੇ ਕਿਸਮ ਦੀ ਕੋਈ ਕਿਰਿਆ ਨਹੀ ਕਰਦੀ ਜਦੋਂ ਦੋਵੇਂ ਇਲੈਕਟ੍ਰਾਡਾਂ ਵਿੱਚੋਂ ਇਲੈਕਟ੍ਰਾਨ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਇਹ ਇਲੈਕਟ੍ਰਾਨ ਪਾਰੇ ਦੇ ਪਰਮਾਣੂਆਂ ਨੂੰ ਟਕਰਾਉਂਦੇ ਹਨ ਅਤੇ ਇਸ ਤਰ੍ਹਾਂ ਪਰਾ ਬੈਂਗਣੀ ਕਿਰਨਾਂ ਕੱਚ ਦੀ ਟਿਊਬ ਵਿੱਚ ਲੱਗੇ ਪਦਾਰਥ ਨਾਲ ਟਕਰਾਉਂਦੀਆਂ ਹਨ ਤਾਂ ਚਿੱਟਾ ਪ੍ਰਕਾਸ਼ ਪੈਦਾ ਹੁੰਦਾ ਹੈ।

ਨੀਲਾ ਰੰਗ ਪੈਦਾ ਕਰਨ ਲਈ ਟਿਊਬ ਦੀ ਨਾਲੀ ਵਿੱਚ ਕੈਲਸ਼ੀਅਮ ਟੰਗਸਟੇਟ ਤੇ ਹਰੀ ਰੋਸ਼ਨੀ ਲਈ ਜਿੰਕ ਸਿਲੀਕੇਟ ਨਾਂ ਦੇ ਰਸਾਇਣਿਕ ਪਦਾਰਥ ਦੀ ਵਰਤੋਂ ਕੀਤੀ ਜਾਂਦੀ ਹੈ। ਟਿਊਬ ਆਮ ਤੌਰ ਤੇ 40 ਵਾਟ ਦੀ ਹੁੰਦੀ ਹੈ। ਇਸ ਲਈ 25 ਘੰਟੇ ਲਗਾਤਾਰ ਚੱਲ ਕੇ ਵੀ ਇਹ ਸਿਰਫ ਇੱਕ ਯੂਨਿਟ ਬਿਜਲੀ ਦੀ ਖਪਤ ਕਰਦੀ ਹੈ।

### ਰੋਬਟ ਕਿਵੇਂ ਕੰਮ ਕਰਦਾ ਹੈ?

ਰੋਬਟ ਇੱਕ ਅਜਿਹੀ ਸਵੈਚਾਲਿਤ ਮਸ਼ੀਨ ਹੁੰਦੀ ਹੈ ਜਿਹੜੀ ਬਹੁਤ ਸਾਰੇ ਮਨੁੱਖੀ ਕੰਮ ਕਰਦੀ ਹੈ। ਇਹ ਮਨੁੱਖੀ ਹੁਕਮਾਂ ਦਾ ਪਾਲਣ ਕਰਦੀ ਹੈ। ਇਹ ਬਹੁਤ ਸਾਰੇ ਅਜਿਹੇ ਕੰਮ ਵੀ ਕਰ ਸਕਦੀ ਹੈ ਜਿਹੜੇ ਮਨੁੱਖ ਦੁਆਰਾ ਨਹੀਂ ਕੀਤੇ ਜਾ ਸਕਦੇ ਹਨ। ਉਦਾਹਰਨ ਦੇ ਤੌਰ ਤੇ ਰੋਬਟ ਗਰਮ ਲੋਹੇ ਨੂੰ ਚੁੱਕ ਸਕਦੇ ਹਨ। ਜ਼ਹਿਰੀਲੇ ਵਾਤਾਵਰਣ ਵਿੱਚ ਕੰਮ ਕਰ ਸਕਦੇ ਹਨ। ਇਹ ਪ੍ਰਮਾਣੂ ਭੱਠੀਆਂ ਵਿੱਚ ਜਿੱਥੇ ਮਨੁੱਖਾਂ ਤੇ ਖਤਰਨਾਕ ਕਿਰਨਾਂ ਦਾ ਅਸਰ ਹੋ ਸਕਦਾ ਹੈ ਉੱਥੇ ਵੀ ਕੰਮ ਕਰਨ ਦੇ ਯੋਗ ਹੁੰਦੇ ਹਨ। ਬਹੁਤੇ ਰੋਬਟ ਕੰਪਿਊਟਰਾਂ ਰਾਹੀਂ ਚਲਾਏ ਜਾਂਦੇ ਹਨ। ਇਹ ਆਮ ਤੌਰ ਤੇ ਉੱਪਰ ਹੇਠਾਂ ਹੋ ਸਕਦੇ ਹਨ, ਚੀਜ਼ਾਂ ਫੜ ਸਕਦੇ ਹਨ। ਰੋਬਟ ਵਿੱਚ ਕੰਪਿਊਟਰ, ਬਿਜਲੀ ਦੀ ਮੋਟਰ, ਸਵਿੱਚ ਆਦਿ ਲੱਗੇ ਹੁੰਦੇ ਹਨ। ਅਮਰੀਕਾ ਅਤੇ ਜਪਾਨ ਵੱਲੋਂ ਰੋਬਟਾਂ ਦੇ ਬੇਸ਼ੁਮਾਰ ਕੰਮ ਕਰਵਾਏ ਜਾਂਦੇ ਹਨ। ਘਰੇਲੂ ਰੋਬਟਾਂ ਤੋਂ ਬਜਾਰੀ ਸਮਾਨ ਮੰਗਵਾਇਆ ਜਾਂਦਾ ਹੈ। ਬਹੁਤ ਸਾਰੇ ਜਹਾਜ਼ ਵੀ ਰੋਬਟਾਂ ਦੁਆਰਾ ਚਲਾਏ ਜਾਂਦੇ ਹਨ। ਉਹ ਦਿਨ ਦੂਰ ਨਹੀਂ ਜਦੋਂ ਇਹਨਾਂ ਰੋਬਟਾਂ ਨੇ ਮਨੁੱਖੀ ਹੱਥਾਂ ਨੂੰ ਬਿਲਕੁਲ ਵਿਹਲੇ ਕਰ ਦੇਣਾ ਹੈ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਐਸ.ਸੀ.ਸਰਟੀਫਿਕੇਟ ਬਣਾਉਣ ਵਿਚ ਹੋ ਰਹੀ ਪਰੇਸ਼ਾਨੀ ਨੂੰ ਲੈ ਕੇ ਤਹਿਸੀਲ ਕੰਪਲੈਕਸ 'ਚ ਬਣਿਆ ਤਣਾਅ

## ਤਹਿਸੀਲਦਾਰ ਨੇ ਮੌਕੇ ਤੇ ਹੀ ਖੁਲਵਾਏ ਦੋ ਨਵੇਂ ਕਾਉਂਟਰ, ਸਰਟੀਫਿਕੇਟ ਜਾਰੀ ਹੋਣ ਵਿਚ ਇਕ ਦਿਨ ਤੋਂ ਵੱਧ ਸਮਾਂ ਲੱਗਾ ਤਾਂ ਕਰਾਂਗੇ ਸੰਘਰਸ਼- ਨੰਗਲ

**ਫਗਵਾੜਾ (ਰੱਤੂ)-** ਫਗਵਾੜਾ ਤਹਿਸੀਲ ਵਿਖੇ ਅੱਜ ਉਸ ਸਮੇਂ ਸਥਿਤੀ ਤਨਾਅ ਪੂਰਣ ਹੋ ਗਈ ਜਦੋਂ ਸੁਵਿਧਾ ਸੈਂਟਰ ਫਗਵਾੜਾ ਵਿਖੇ ਲੋਕਾਂ ਨੂੰ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਜਾਰੀ ਨਾ ਹੋਣ ਕਰਕੇ ਅਨੁਸੂਚਿਤ ਜਾਤੀ ਨਾਲ ਸਬੰਧਤ ਲੋਕਾਂ ਦਾ ਗੁੱਸਾ ਫੁਟ ਪਿਆ। ਮੌਕੇ ਤੇ ਪਹੁੰਚੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸਾਬਕਾ ਜਨਰਲ ਸਕੱਤਰ ਜਰਨੈਲ ਨੰਗਲ ਨੇ ਦੱਸਿਆ ਕਿ ਪਿਛਲੇ ਕਾਫੀ ਦਿਨਾਂ ਤੋਂ ਲੋਕਾਂ ਨੂੰ ਸੁਵਿਧਾ ਸੈਂਟਰ ਵਿਖੇ ਖੱਜਲ ਖੁਆਰ ਕੀਤਾ ਜਾ ਰਿਹਾ ਹੈ। ਲੋਕ ਕਈ-ਕਈ ਦਿਨ ਤੋਂ ਇਹ ਸਰਟੀਫਿਕਟ ਹਾਸਲ ਕਰਨ ਲਈ ਦਿਹਾੜੀ ਤੋੜ ਕੇ ਸੁਵਿਧਾ ਸੈਂਟਰ ਦੇ ਚੱਕਰ ਲਗਾ ਰਹੇ ਹਨ। ਉਹਨਾਂ ਕਿਹਾ ਕਿ ਸਕੂਲਾਂ ਅਤੇ ਕਾਲਜਾਂ ਵਿਚ ਦਾਖਲਾ ਲੈਣ ਲਈ ਇਸ ਸਮੇਂ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਿਆਰਥੀਆਂ ਨੂੰ ਇਸ ਸਰਟੀਫਿਕੇਟ ਦੀ ਬੇਹਦ ਜਰੂਰਤ ਹੈ ਪਰ ਸੁਵਿਧਾ ਸੈਂਟਰ ਵਲੋਂ ਇਹ ਸਰਟੀਫਿਕੇਟ ਜਾਰੀ ਕਰਨ ਵਿਚ ਕਾਫੀ ਲੰਬਾ ਸਮਾਂ ਲਿਆ ਜਾ ਰਿਹਾ ਹੈ ਜਿਸ ਕਰਕੇ ਖੱਜਲ ਖੁਆਰ ਹੋ ਰਹੇ ਲੋਕਾਂ ਵਲੋਂ ਉਹਨਾਂ ਨਾਲ ਸੰਪਰਕ ਕਰਨ ਤੇ ਉਹ ਇੱਥੇ ਪਹੁੰਚੇ ਹਨ। ਇਸ



ਉਪਰੰਤ ਜਰਨੈਲ ਨੰਗਲ ਨੇ ਸੁਵਿਧਾ ਸੈਂਟਰ ਦੇ ਇੰਚਾਰਜ ਨਾਲ ਗੱਲ ਕੀਤੀ ਤਾਂ ਉਹਨਾਂ ਦੱਸਿਆ ਕਿ ਐਸ.ਸੀ. ਸਰਟੀਫਿਕੇਟ ਬਨਾਉਣ ਲਈ ਉਹਨਾਂ ਪਾਸ ਇਕ ਹੀ ਕਾਉਂਟਰ ਜਿਸ ਉਪਰ ਇਕ ਦਿਨ ਵਿਚ ਲਗਭਗ 40 ਸਰਟੀਫਿਕੇਟ ਹੀ ਬਣਾਏ ਜਾ ਸਕਦੇ ਹਨ। ਇਸ ਉਪਰੰਤ ਨੰਗਲ ਨੇ ਸਮੂਹ ਪ੍ਰਾਰਥੀਆਂ ਨੂੰ ਨਾਲ ਲੈ ਕੇ ਸਥਾਨਕ ਤਹਿਸੀਲਦਾਰ ਵਿਪਨ ਭੰਡਾਰੀ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਨੂੰ ਤਲਖ ਸ਼ਬਦਾਂ ਵਿਚ ਸਮੱਸਿਆ ਨਾਲ ਜਾਣੂ ਕਰਵਾਉਂਦੇ ਹੋਏ ਚੇਤਾਵਨੀ ਦਿੱਤੀ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਐਸ. ਸੀ. ਸਰਟੀਫਿਕੇਟ ਇਕ ਦਿਨ ਵਿਚ ਜਾਰੀ ਨਾ ਹੋਇਆ ਤਾਂ ਬਹੁਜਨ ਸਮਾਜ ਪਾਰਟੀ ਲੋਕਾਂ ਦੇ ਹਿਤਾਂ ਨੂੰ ਦੇਖਦੇ ਹੋਏ ਸੁਵਿਧਾ ਕੇਂਦਰ ਅੱਗੇ ਧਰਨਾ ਲਗਾਏਗੀ। ਜਿਸ ਤੇ ਤਹਿਸੀਲਦਾਰ ਵਿਪਨ ਭੰਡਾਰੀ ਨੇ ਮੌਕੇ ਤੇ ਹੀ ਸੁਵਿਧਾ ਕੇਂਦਰ ਵਿਖੇ ਐਸ.ਸੀ. ਸਰਟੀਫਿਕੇਟ ਬਨਾਉਣ ਲਈ ਦੋ ਹੋਰ ਕਾਉਂਟਰਃਾਲੂ ਕਰਵਾ ਦਿੱਤੇ ਅਤੇ ਭਰੋਸਾ ਦਿੱਤਾ ਕਿ ਭਵਿੱਖ ਵਿਚ ਇਹ ਸਰਟੀਫਿਕੇਟ ਇਕ ਦਿਨ ਵਿਚ ਹੀ ਜਾਰੀ ਕੀਤੇ ਜਾਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਸੰਮਤੀ ਮੈਂਬਰ ਸੁਖਵਿੰਦਰ ਸਿੰਘ ਸ਼ੇਰਗਿਲ, ਅਮਰਜੀਤ ਖੁੱਤਣ ਤੋਂ ਇਲਾਵਾ ਪਿਆਰਾ ਸੰਧੂ ਕੋਟਰਾਣੀ, ਇੰਜੀਨੀਅਰ ਪ੍ਰਦੀਪ ਮੱਲ, ਸੁਰਜੀਤ ਲਾਲ, ਸੰਦੀਪ ਕੁਮਾਰ, ਹਰਸ਼ਦੀਪ ਆਦਿ ਤੋਂ ਇਲਾਵਾ ਸਮੂਹ ਐਸ.ਸੀ. ਸਰਟੀਫਿਕੇਟ ਬਨਾਉਣ ਲਈ ਖੱਜਲ ਖੁਆਰ ਹੋ ਰਹੇ ਲੋਕ ਵੀ ਹਾਜਰ ਸਨ।

# ਬਾਬਾ ਸਾਹਿਬ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ

**ਫਗਵਾੜਾ (ਰੱਤੂ)-** ਸਮੂਹ ਗੁਰੂ ਰਵਿਦਾਸ ਸਭਾਵਾਂ, ਅੰਬਡਕਰੀ ਮਿਸ਼ਨ ਸਭਾਵਾਂ ਅਤੇ ਸਮੂਹ ਵਾਲਮੀਕਿ ਸਭਾਵਾਂ ਵਲੋਂ ਅੱਜ ਇਕ ਵਫਦ ਐਸ.ਪੀ. ਫਗਵਾੜਾ ਰਾਜੇਸ਼ਵਰ ਸਿੰਘ ਸਿੱਧੂ ਨੂੰ ਮਿਲਿਆ ਅਤੇ ਸਥਾਨਕ ਪਲਾਹੀ ਗੇਟ ਇਲਾਕੇ ਵਿਚ ਸਥਿਤ ਪਾਰਕ 'ਚ ਸਥਾਪਤ ਡਾ. ਬੀ.ਆਰ. ਅੰਬੇਡਕਰ ਦੇ ਸਟੈਚੂ ਨੂੰ ਬੀਤੇ ਦਿਨੀਂ ਕਿਸੇ ਅਣਪਛਾਤੇ ਅਨਸਰ ਵਲੋਂ ਪਹੁੰਚਾਏ ਗਏ ਨੁਕਸਾਨ ਸਬੰਧੀ ਇਕ ਮੰਗ ਪੱਤਰ ਭੇਂਟ ਕੀਤਾ। ਇਸ ਮੌਕੇ ਵੱਖ ਵੱਖ ਆਗੂਆਂ ਨੇ ਦੱਸਿਆ ਕਿ ਬੀਤੇ ਦਿਨੀਂ ਪਲਾਹੀ ਗੇਟ ਵਿਖੇ ਸਥਿਤ ਡਾ. ਅੰਬੇਡਕਰ ਪਾਰਕ ਵਿਚ ਬਾਬਾ ਸਾਹਿਬ ਦੇ ਬੁੱਤ ਨੂੰ ਨੁਕਸਾਨ ਪਹੁੰ-ਚਾਏ ਜਾਣ ਨਾਲ ਸਮੂਹ ਦਲਿਤ ਸਮਾਜ ਵਿਚ ਪੈਦਾ ਹੋਏ ਰੋਸ ਨੂੰ ਦੇਖਦੇ ਹੋਏ ਪੁਲਿਸ ਨੇ ਇਹ ਭਰੋਸਾ ਦਿੱਤਾ ਸੀ ਕਿ ਜਲਦੀ ਹੀ ਗੁਨਾਹਗਾਰ ਪੁਲਿਸ ਦੀ ਪਕੜ ਵਿਚ ਹੋਵੇਗਾ ਅਤੇ ਪ੍ਰਸ਼ਾਸਨ ਨੇ ਵੀ ਕਿਹਾ ਸੀ ਕਿ ਨੁਕਸਾਨੇ ਗਏ ਸਟੈਚੂ ਨੂੰ ਦੁਬਾਰਾ ਸਰਕਾਰੀ ਖਰਚ ਤੇ ਸਥਾਪਤ ਕਰਵਾਇਆ ਜਾਵੇਗਾ ਪਰ ਹੁਣ ਤਕ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਅੱਜ ਇਹ ਜਾਂਚ ਦਾ ਵਿਸ਼ਾ ਹੈ ਕਿ ਪੰਜਾਬ ਸਮੇਤ ਪੂਰੇ ਭਾਰਤ ਵਿਚ ਦਲਿਤਾਂ ਨਾਲ ਸਬੰਧਤ ਮਹਾਪੁਰਸ਼ਾਂ ਦੀਆਂ ਤਸਵੀਰਾਂ ਅਤੇ ਬੁੱਤਾਂ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ ਜਾ ਰਿਹਾ ਹੈ ਅਤੇ ਇਹਨਾਂ ਸਾਰੀਆਂ ਘਟ-ਨਾਵਾਂ ਵਿਚ ਕੋਈ ਵੀ ਦੋਸ਼ੀ ਪੁਲਿਸ ਦੀ ਗਿਰਫਤ ਵਿਚ ਕਿਉਂ ਨਹੀਂ ਆ ਰਿਹਾ? ਉਹਨਾਂ ਇਕ ਤੋਂ ਬਾਅਦ ਇਕ ਇਸ ਤਰ੍ਹਾਂ ਦੀਆਂ ਹੋ ਰਹੀਆਂ ਘਟਨਾਵਾਂ ਨੂੰ ਦੇਸ਼ ਦੇ ਬਹੁਸੰਖਿਅਕ ਦਲਿਤ ਸਮਾਜ ਦੀਆਂ ਭਾਵਨਾਵਾਂ ਨਾਲ ਖਿਲਵਾੜ ਦਸਦਿਆਂ ਪੁਲਿਸ ਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ 2 ਮਈ ਤਕ ਪਲਾਹੀ ਗੇਟ ਵਾਲੀ ਘਟਨਾ ਦਾ ਦੋਸ਼ੀ ਗਿਰਫਤਾਰ ਨਾ ਹੋਇਆ ਅਤੇ ਸਟੈਚੂ ਨੂੰ ਵਾਅਦੇ ਮੁਤਾਬਕ ਸਰਕਾਰੀ ਖਰਚ ਤੇ ਦੁਬਾਰਾ ਪਾਰਕ ਵਿਚ ਸਥਾਪਤ ਨਾ ਕੀਤਾ ਗਿਆ ਤਾਂ ਸਮੂਹ ਦਲਿਤ ਜੱਥੇਬੰਦੀਆਂ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ ਜਿਸਦੀ ਸਾਰੀ ਜਿੰਮੇਵਾਰੀ ਸਥਾਨਕ ਪੁਲਿਸ ਅਤੇ ਪ੍ਰਸ਼ਾਸਨ ਦੀ ਹੋਵੇਗੀ।

ਇਸ ਮੌਕੇ ਬਸਪਾ ਪੰਜਾਬ ਦੇ ਸਾਬਕਾ ਜਨਰਲ ਸਕੱਤਰ ਜਰਨੈਲ ਨੰਗਲ, ਮਾਸਟਰ ਹਰਭਜਨ ਬਲਾਲੋਂ, ਰਚਨਾ ਦੇਵੀ, ਹਰਭਜਨ ਸੁਮਨ, ਡਾ. ਯਸ਼ ਬਰਨਾ, ਡਾ.ਰਾਜਿੰਦਰ ਕਲੇਰ, ਡਾ. ਜਗਦੀਸ਼, ਡਾ. ਕਟਾਰੀਆ, ਅਮਰਜੀਤ ਖੇੜਾ, ਵਿਜੇ ਪੰਡੋਰੀ, ਸੋਨੂੰ ਪਹਿਲਵਾਨ, ਪਰਮਿੰਦਰ ਬੋਧ, ਮਾਣਾ ਬੋਧ, ਸਤੀਸ਼ ਬੰਟੀ, ਸੰਤੋਖ ਖੰਗੂੜਾ, ਉਂਕਾਰ ਖਾਟੀ, ਸੁਖਵਿੰਦਰ ਸਿੰਘ ਸ਼ੇਰਗਿਲ ਆਦਿ ਵੀ ਹਾਜਰ ਸਨ।

# ਜੀ.ਕੌਰ ਸਿੱਧੂ ਦਾ ਗੀਤ "ਆਪਣੇ ਨਾਲ ਨਚਾ ਲੈ" ਚਰਚਾ 'ਚ

**ਫਗਵਾੜਾ (ਬੀ. ਕੇ. ਰੱਤੂ)-** ਪ੍ਰਸਿੱਧ ਕਲਾਕਾਰ ਜੀ. ਕੌਰ ਸਿੱਧੂ ਨੇ ਥੋੜ੍ਹੇ ਸਮੇਂ ਵਿੱਚ ਹੀ ਆਪਣੀ ਮਿਹਨਤ ਅਤੇ ਉਸਤਾਦ ਜੀ.ਸ਼ਰਮੀਲਾ ਦੇ ਅਸ਼ੀਰਵਾਦ ਨਾਲ ਕਲਾਕਾਰੀ ਦੇ ਖੇਤਰ ਵਿੱਚ ਧਾਂਕ ਜਮਾ ਲਈ ਹੈ। ਪੰਮੀ ਲਾਲੋਮਜਾਰਾ ਦੀ ਕਲਮ ਤੋਂ ਲਿਖਿਆ ਗੀਤ ਉਆਪਣੇ ਨਾਲ ਨਚਾ ਲੈ" ਟਾਇਟਿਲ ਹੇਠ ਸਪੀਡ ਰਿਕਾਰਡ ਕੰਪਨੀ ਵਲੋਂ ਰਿਕਾਰਡ ਕੀਤਾ ਗਿਆ ਜਿਸ ਨੂੰ ਜੀ. ਕੌਰ ਸਿੱਧੂ ਨੇ ਗਾਇਆ ਅਤੇ ਸਰੋਤਿਆ ਵਲੋਂ ਕਾਫੀ ਪਸੰਦ ਕੀਤਾ ਗਿਆ ਹੈ।

ਜਿਸ ਦੇ ਵੀਡੀਓ ਦੇ ਪ੍ਰੋਮੋ ਵੱਖ ਵੱਖ ਚੈਂਨਲਾਂ ਤੇ ਚੱਲ ਰਹੇ ਹਨ। ਸਿੱਧੂ ਦੱਸਦੀ ਹੈ ਕਿ ਮੈਂ ਸਰੋਤਿਆ ਅਤੇ ਉਸਤਾਦ ਜੀ ਸ਼ਰਮੀਲਾ ਦੀ ਰਿਣੀ ਹਾਂ ਅਤੇ ਗਾਇਕੀ ਵਿੱਚ ਨਿਵੇਕਲੀ ਪਹਿਚਾਣ ਬਣਾਉਣੀ ਚਾਹੁੰਦੀ ਹਾਂ।




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price

Kashmir S. Thandi
Office: (866) 933-3038

Balhar S. Ranu
Cell: 916-502-7733



Yuba City Ph: 530-419-5058

1816 Main Ave.,
Secramento CA, 95838



ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-479-0242

# ਦੇਵ ਥਰੀਕੇ ਵਾਲੇ ਦੇ ਗੀਤਾਂ ਨਾਲ ਸ਼ਿੰਗਾਰੀ ਆਡੀਓ ਐਲਬਮ 'ਬੁਰੀ ਹੁੰਦੀ ਆ' ਦਾ ਫਗਵਾੜਾ ਵਿਖੇ ਹੋਇਆ ਘੁੰਡ ਚੁਕਾਈ ਸਮਾਗਮ

## ਮੇਰੀ ਇਹ ਐਲਬਮ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੂੰ ਸ਼ਰਧਾਂਜਲੀ - ਗੁਰਮੀਤ ਮੀਤ



**ਫਗਵਾੜਾ (ਬੀ ਕੇ ਰੱਤੂ)–** ਪੰਜਾਬੀ ਗੀਤਕਾਰੀ ਦੇ ਥੰਮ ਦੇਵ ਥਰੀਕੇ ਵਾਲੇ ਦਾ ਨਾਮ ਧਿਆਨ ਵਿਚ ਆਉਂਦੇ ਹੀ ਕਲੀਆਂ ਦੇ ਬਾਦਸ਼ਾਹ ਸਵ. ਕੁਲਦੀਪ ਮਾਣਕ ਦੀ ਯਾਦ ਦਿਲ ਵਿਚ ਤਾਜਾ ਹੋ ਜਾਂਦੀ ਹੈ। ਕੁਲਦੀਪ ਮਾਣਕ ਦੇ ਇਸ ਦੁਨੀਆ ਨੂੰ ਅਲਵਿਦਾ ਕਹਿ ਜਾਣ ਉਪਰੰਤ ਦੇਵ ਥਰੀਕੇ ਵਾਲੇ ਨੇ ਵੀ ਇਕ ਤਰ੍ਹਾਂ ਨਾਲ ਕਲਮ ਨੂੰ ਅਲਵਿਦਾ ਕਹਿ ਦਿੱਤਾ ਸੀ ਪਰ ਪੰਜਾਬ ਦੇ ਉਭਰਦੇ ਲੋਕ ਗਾਇਕ ਗੁਰਮੀਤ ਮੀਤ ਦੀ ਆਵਾਜ ਵਿਚ ਕੁਲਦੀਪ ਮਾਣਕ ਦੀ ਝਲਕ ਦਾ ਅਨੁਭਵ ਕਰਕੇ ਉਹਨਾਂ ਇਕ ਵਾਰ ਫਿਰ ਸਰੋਤਿਆਂ ਦੀ ਕਚਿਹਰੀ ਵਿਚ ਇਸ ਨਵੇਂ ਗਾਇਕ ਕਲਾਕਾਰ ਦੀ ਪ੍ਰਤਿਭਾ ਨੂੰ ਹੁਲਾਰਾ ਦਿੰਦਿਆਂ ਅਤੇ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿਚ ਮਾਣਕ ਦੀ ਯਾਦ ਨੂੰ ਤਾਜਾ ਕਰਦਿਆਂ ਆਡਿਓ ਐਲਬਮ 'ਬੁਰੀ ਹੁੰਦੀ ਆ' ਨਾਲ ਭਰਵੀਂ ਹਾਜਰੀ ਲਗਵਾਈ ਹੈ। ਫਗਵਾੜਾ ਵਿਖੇ ਆਯੋਜਿਤ ਇਕ ਸੰਖੇਪ ਸਮਾਗਮ ਦੌਰਾਨ ਕੇ.ਐਨਟਰਟੇਨਰਜ਼ ਕੰਪਨੀ ਦੇ ਬੈਨਰ ਅਤੇ ਮਨੂੰ ਰਿਸ਼ੀ ਦੇ ਸੰਗੀਤ ਨਾਲ ਸਜਾਈ ਉਕਤ ਆਡੀਓ ਸੀ.ਡੀ. ਨੂੰ ਜੱਥੇਦਾਰ ਜਰਨੈਲ ਸਿੰਘ ਵਾਹਦ ਚੇਅਰਮੈਨ ਮਾਰਕਫੈਡ ਪੰਜਾਬ ਨੇ ਰਿਲੀਜ਼ ਕੀਤਾ। ਇਸ ਮੋਕੇ ਜਰਨੈਲ ਸਿੰਘ ਵਾਹਦ ਨੇ ਕਿਹਾ ਕਿ ਕੁਲਦੀਪ ਮਾਣਕ ਪੰਜਾਬੀ ਗਾਇਕੀ ਦਾ ਅਨਮੋਲ ਰਤਨ ਸੀ ਅਤੇ ਹਮੇਸ਼ਾ ਰਹੇਗਾ। ਉਹਨਾਂ ਦੀ ਆਵਾਜ ਵਿਚ ਵਜਦੇ ਗੀਤ ਅੱਜ ਵੀ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੰਦੇ ਹਨ ਅਤੇ ਇਹ ਬਹੁਤ ਵਧੀਆ ਗੱਲ ਹੈ ਕਿ ਗਾਇਕ ਗੁਰਮੀਤ ਮੀਤ ਦੀ ਆਵਾਜ ਵਿਚ ਅੱਜ ਦੀ ਪੀੜ੍ਹੀ ਨੂੰ ਵੀ ਕੁਲਦੀਪ ਮਾਣਕ ਦੀ ਸੁਰੀਲੀ ਆਵਾਜ ਦੀ ਤਰ੍ਹਾਂ ਹੀ ਕਲੀਆਂ ਅਤੇ ਲੋਕ ਗਾਥਾਵਾਂ ਇਸ ਐਲਬਮ ਰਾਹੀਂ ਸੁਣਨ ਦਾ ਸੁਨਿਹਰੀ ਮੋਕਾ ਮਿਲ ਰਿਹਾ ਹੈ। ਗਾਇਕ ਗੁਰਮੀਤ ਮੀਤ ਨੇ ਕਿਹਾ ਕਿ ਉਹਨਾਂ ਦੀ ਇਹ ਐਲਬਮ ਸਵ. ਕੁਲਦੀਪ ਮਾਣਕ ਨੂੰ ਨਿੱਘੀ ਸ਼ਰਧਾਂਜਲੀ ਹੈ ਜਿਹਨਾਂ ਨੂੰ ਸੁਣ ਕੇ ਉਹਨਾਂ ਗਾਉਣਾ ਸਿੱਖਿਆ ਅਤੇ ਉਹ ਆਪਣੇ ਆਪ ਨੂੰ ਬਹੁਤ ਹੀ ਖੁਸ਼ਨਸੀਬ ਸਮਝਦੇ ਹਨ ਕਿ ਦੇਵ ਥਰੀਕੇ ਵਾਲਿਆਂ ਨੇ ਉਹਨਾਂ ਅੰਦਰ ਕੁਲਦੀਪ ਮਾਣਕ ਦੀ ਆਵਾਜ ਦੀ ਝਲਕ ਮਹਿਸੂਸ ਕੀਤੀ ਅਤੇ ਆਪਣੀ ਪ੍ਰਤਿਭਾ ਨੂੰ ਜਨਤਕ ਕਰਨ ਦਾ ਸੁਨਿਹਰੀ ਮੋਕਾ ਪ੍ਰਦਾਨ ਕੀਤਾ। ਉਹਨਾਂ ਕੇ. ਐਨਟਰਟੇਨਮੈਂਟ ਕੰਪਨੀ ਦੇ ਮਾਲਕਾਂ ਭੁਪਿੰਦਰ ਸਿੰਘ ਬਾਰਨ ਅਤੇ ਗੁਰਧਿਆਨ ਸਿੰਘ ਖਰੋੜ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੋਕੇ ਮਨਦੀਪ ਸਿੰਘ ਟੂਰਨਾ, ਲਖਬੀਰ ਸਿੰਘ ਗੁੱਜਰ, ਬਲਵਿੰਦਰ ਸਿੰਘ ਮੋਰੀ, ਹਰਕੀਰਤ ਸਿੰਘ, ਕੰਵਲਜੀਤ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ, ਸੁਰਿੰਦਰ ਸਿੰਘ, ਮਿੰਟੂ ਸੀਣਾ, ਹਰਭਜਨ ਸਿੰਘ, ਚਰਨਜੀਤ ਸਿੰਘ, ਰਣਬੀਰ ਸਿੰਘ ਤੁਲੀ, ਚਰਨਜੀਤ ਸਿੰਘ ਢਿੱਲੋਂ ਤੋਂ ਇਲਾਵਾ ਸੂਫੀ ਗਾਇਕ ਦਲੇਰ ਅਲੀ ਵੀ ਹਾਜਰ ਸਨ।


ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ / ਯੂਬਾ ਸਿਟੀ ਵਲੋਂ ਸੱਦਾ-ਪੱਤਰ

ਸ਼੍ਰੀ ਮਾਨ/ ਸ਼੍ਰੀ ਮਤੀ ਜੀ,

ਪੰਜਾਬੀ ਸਾਹਿਤ ਸਭਾ ਕੈਲੀਫਲੋਰਨੀਆ ਵਲੋਂ ਇਕ ਰੋਜ਼ਾ ਸਤਾਰਵੀਂ ਸਲਾਨਾ ਕਾਨਫ਼ਰੰਸ ਮਈ 9, 2015 ਨੂੰ Sangam Hall 2920 West Capitol Ave, West Sacramento CA 95691 ਵਿਖੇ ਆਯੋਜਿਤ ਕੀਤੀ ਜਾ ਰਹੀ ਹੈ। ਆਪ ਜੀ ਨੂੰ ਇਸ ਕਾਨਫਰੰਸ ਵਿਚ ਸਮੂਹ ਪਰਿਵਾਰ, ਦੋਸਤਾਂ-ਮਿੱਤਰਾਂ ਅਤੇ ਸਾਹਿਤ ਪ੍ਰੇਮੀਆਂ ਸਮੇਤ ਪਹੁੰਚਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਸਾਰੇ ਮੈਂਬਰ ਰਾਹਾਂ ਵਿੱਚ ਅੱਖਾਂ ਵਿਛਾ ਤੁਹਾਡੀ ਉਡੀਕ ਕਰਨਗੇ।

ਪ੍ਰੋਗਰਾਮ ਦੀ ਰੂਪ-ਰੇਖਾ:

ਪ੍ਰਧਾਨਗੀ: ਡਾ. ਉਂਕਾਰ ਸਿੰਘ ਬਿੰਦਰਾ।

ਵਿਸ਼ੇਸ਼ ਮਹਿਮਾਨ: ਸ੍ਰ. ਕੁਲਦੀਪ ਸਿੰਘ ਬੇਦੀ (ਮੈਗਜ਼ੀਨ ਐਡੀਟਰ ਜੱਗ ਬਾਣੀ, ਇੰਡੀਆ), ਉਸਤਾਦ ਗ਼ਜ਼ਲਗੋ ਸ੍ਰ. ਹਰਭਜਨ ਸਿੰਘ ਬੈਂਸ, ਅਜ਼ਾਦ ਜਲੰਧਰੀ ਅਤੇ ਈਸ਼ਰ ਸਿੰਘ ਮੋਮਨ।

ਚਾਹ-ਪਾਣੀ ਅਤੇ ਮਿਲਣੀ: 9:00-10:00 ਸਵੇਰ

ਕਹਾਣੀ ਦਰਬਾਰ: 10:00-11:00

ਪਰਚੇ ਪੜ੍ਹਨ ਦਾ ਸਮਾਂ: 11:00-11:30

ਪ੍ਰਧਾਨਗੀ ਭਾਸ਼ਨ, ਸਲਾਨਾ ਰਿਪੋਰਟ ਅਤੇ ਹੋਰ ਸਾਹਿਤਕ ਵਿਚਾਰਾਂ: 11:30-12:30 ਬਾਅਦ ਦੁਪਹਿਰ

ਗੀਤ-ਸੰਗੀਤ: 12:30-1:00

ਦੁਪਹਿਰ ਦਾ ਖਾਣਾ: 1:00-1:30

ਵਿਸ਼ੇਸ਼ ਮਨੋਰੰਜਨ ਪ੍ਰੋਗਰਾਮ, ਕਵੀ ਦਰਬਾਰ ਅਤੇ ਮਾਣ-ਸਨਮਾਨ: 1:30-6:00 ਸ਼ਾਮ

ਨੋਟ: ਵੇਲੇ ਸਿਰ ਨਾ ਪਹੁੰਚਣ ਵਾਲੇ ਬੁਲਾਰਿਆਂ ਨੂੰ ਸਮਾਂ ਨਾ ਦੇਣ ਸਾਡੀ ਮਜਬੂਰੀ ਹੋਵੇਗੀ।

ਉਡੀਕਵਾਨ: President: Dalvir Dil Nijjar 916-628-2210, General Secretary: Jaswant Sheemar 916-293-6030, Director: Ratheshwar Singh Surapuri: 916-969-9337

ਸਮੂਹ ਕਾਰਜਕਾਰਨੀ, ਸਮੂਹ ਮੈਂਬਰ ਅਤੇ ਸਰਪ੍ਰਸਤ-ਮਹਿਮਾਨ


# ਦਲਿਤਾਂ ਦੀ ਹਿੱਸੇ ਦੀ ਜ਼ਮੀਨ ਬਣੀ ਵਿਵਾਦ, ਪੁਲੀਸ ਨੇ ਖੋਹੀਆਂ ਤਿੰਨ ਰਾਈਫ਼ਲਾਂ

**ਭਵਾਨੀਗੜ੍ਹ–** ਇੱਥੋਂ ਨੇੜਲੇ ਪਿੰਡ ਝਨੇੜੀ ਵਿੱਚ ਪੰਚਾਇਤੀ ਜ਼ਮੀਨ ਵਿਚੋਂ ਦਲਿਤਾਂ ਦੇ ਹਿੱਸੇ ਦੀ ਜ਼ਮੀਨ ਦੀ ਬੋਲੀ ਸਮੇਂ ਪੰਚਾਇਤ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਵਰਕਰਾਂ ਵਿਚਕਾਰ ਹੋਏ ਟਕਰਾਅ ਕਾਰਨ ਪੰਚਾਇਤੀ ਅਧਿਕਾਰੀਆਂ ਵਲੋਂ ਬੋਲੀ ਮੁਲਤਵੀ ਕਰ ਦਿੱਤੀ ਗਈ।

ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਡੀ ਡੀ ਪੀ ਓ ਸੰਗਰੂਰ ਅਤੇ ਬੀ ਡੀ ਪੀ ਓ ਭਵਾਨੀਗੜ੍ਹ ਦੀ ਹਾਜ਼ਰੀ ਵਿਚ 145 ਏਕੜ ਪੰਚਾਇਤੀ ਜ਼ਮੀਨ ਦੀ ਬੋਲੀ ਹੋਣੀ ਸੀ। ਇਸ ਵਿਚੋਂ ਜਨਰਲ ਵਰਗ ਦੇ ਹਿੱਸੇ ਦੀ ਤਕਰੀਬਨ 97 ਏਕੜ ਜ਼ਮੀਨ ਦੀ ਬੋਲੀ ਕਰ ਦਿੱਤੀ ਗਈ। ਇਸ ਉਪਰੰਤ ਤਕਰੀਬਨ 48 ਏਕੜ ਦਲਿਤ ਵਰਗ ਦੇ ਹਿੱਸੇ ਦੀ ਬੋਲੀ ਸ਼ੁਰੂ ਕਰਨ ਸਮੇਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਝਨੇੜੀ ਦੇ ਸੁਰਜਨ ਸਿੰਘ, ਲਾਲ ਸਿੰਘ, ਰਾਮ ਚੰਦ ਸਮੇਤ ਦਲਿਤ ਵਰਕਰਾਂ ਨੇ ਪੰਚਾਇਤੀ ਅਧਿਕਾਰੀਆਂ ਨੂੰ ਕਿਹਾ ਕਿ ਅਜੇ ਮਜ਼ਦੂਰਾਂ ਕੋਲ ਪੈਸੇ ਨਾ ਹੋਣ ਕਾਰਨ ਬੋਲੀ ਮੁਲਤਵੀ ਕੀਤੀ ਜਾਵੇ ਪਰ ਦੂਜੇ ਪਾਸੇ ਮਾਲਵਿੰਦਰ ਸਿੰਘ ਮਾਲਾ ਸਰਪੰਚ ਅਤੇ ਗੁਰਤੇਜ ਸਿੰਘ ਝਨੇੜੀ ਸਾਬਕਾ ਸਰਪੰਚ ਧਿਰ ਦੇ ਵਿਅਕਤੀਆਂ ਨੇ ਅੱਜ ਹੀ ਬੋਲੀ ਕਰਨ ਲਈ ਜ਼ੋਰ ਪਾਇਆ। ਇਸ ਮੁੱਦੇ 'ਤੇ ਦੋਵੇਂ ਧਿਰਾਂ ਆਹਮੋ ਸਾਹਮਣੇ ਆ ਗਈਆਂ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਵਰਕਰਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਦੋਵੇਂ ਧਿਰਾਂ ਆਪਸ ਵਿਚ ਹੱਥੋਪਾਈ ਹੋ ਗਈਆਂ।



ਸੰਘਰਸ਼ ਕਮੇਟੀ ਦੇ ਵਰਕਰਾਂ ਨੇ ਦੋਸ਼ ਲਗਾਇਆ ਕਿ ਸਰਪੰਚ ਧਿਰ ਦੇ ਵਿਅਕਤੀਆਂ ਨੇ ਰਾਈਫਲਾਂ ਨਾਲ ਮਜ਼ਦੂਰਾਂ ਨੂੰ ਡਰਾਉਣKਧਮਕਾਉਣ ਦੀ ਕੋਸ਼ਿਸ਼ ਕੀਤੀ। ਦੋਵਾਂ ਧਿਰਾਂ ਦਾ ਟਕਰਾਅ ਰੋਕਣ ਲਈ ਡੀ ਐਸ ਪੀ ਸੰਗਰੂਰ ਗੁਰਪ੍ਰੀਤ ਸਿੰਘ ਢੀਂਡਸਾ ਦੀ ਅਗਵਾਈ ਵਿਚ ਪਹੁੰਚੀ ਪੁਲੀਸ ਤੁਰੰਤ ਹਰਕਤ ਵਿਚ ਆ ਗਈ। ਪੁਲੀਸ ਨੇ ਕੁੱਝ ਵਿਅਕਤੀਆਂ ਤੋਂ ਰਾਈਫਲਾਂ ਖੋਹਕੇ ਆਪਣੇ ਕਬਜ਼ੇ ਵਿਚ ਲੈ ਲਈਆਂ। ਇਸ ਦੇ ਚੱਲਦਿਆਂ ਡੀ. ਡੀ. ਪੀ. ਓ. ਸੰਗਰੂਰ ਜੋਗਿੰਦਰ ਕੁਮਾਰ ਨੇ ਦਲਿਤਾਂ ਦੇ ਹਿੱਸੇ ਦੀ ਜ਼ਮੀਨ ਦੀ ਬੋਲੀ ਮੁਲਤਵੀ ਕਰ ਦਿੱਤੀ। ਸੰਘਰਸ਼ ਕਮੇਟੀ ਦੇ ਵਰਕਰਾਂ ਵਲੋਂ ਥਾਣਾ ਬਾਲੀਆਂ ਵਿਖੇ ਸ਼ਿਕਾਇਤ ਕੀਤੀ ਕਿ ਸਰਪੰਚ ਧਿਰ ਵਲੋਂ ਹਥਿਆਰਾਂ ਦੇ ਜ਼ੋਰ ਨਾਲ ਦਲਿਤਾਂ ਨੂੰ ਦਬਕਾਇਆ ਗਿਆ ਹੈ।

ਉਨ੍ਹਾਂ ਇਸ ਧੱਕੇਸ਼ਾਹੀ ਖਿਲਾਫ ਕਾਰਵਾਈ ਦੀ ਮੰਗ ਕੀਤੀ। ਜ਼ਮੀਨ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਮੁਕੇਸ਼ ਮਲੌਦ ਨੇ ਸੁਚੇਤ ਕੀਤਾ ਕਿ ਜੇਕਰ ਪ੍ਰਸ਼ਾਸਨ ਨੇ ਯੋਗ ਕਾਰਵਾਈ ਨਾ ਕੀਤੀ ਤਾਂ ਝਨੇੜੀ ਮਸਲਾ ਗੰਭੀਰ ਰੂਪ ਧਾਰ ਸਕਦਾ ਹੈ। ਮਾਲਵਿੰਦਰ ਸਿੰਘ ਮਾਲਾ ਸਰਪੰਚ ਨੇ ਦੋਸ਼ ਰੱਦ ਕਰਦਿਆਂ ਕਿਹਾ ਕਿ ਕੁੱਝ ਵਿਅਕਤੀ ਜਾਣਬੁੱਝ ਕੇ ਮਾਹੌਲ ਖਰਾਬ ਕਰਨ ਦਾ ਯਤਨ ਕਰ ਰਹੇ ਹਨ।

# 80 ਘੰਟੇ ਲੜੀ ਮੌਤ ਨਾਲ ਲੜਾਈ, ਆਖਿਰ ਜ਼ਿੰਦਗੀ ਨੇ ਕੀਤਾ ਸਜਦਾ

**ਕਾਠਮੰਡੂ—**ਨੇਪਾਲ ਵਿਚ ਭੂਚਾਲ ਪੀੜਤਾਂ ਦੀ ਮਦਦ ਲਈ ਭਾਰਤ ਸਮੇਤ ਕਈ ਦੇਸ਼ਾਂ ਦੀ ਆਰਮੀ ਜੁਟ ਗਈ ਹੈ। ਇਸ ਦੌਰਾਨ ਜ਼ਿੰਦਗੀ ਲਈ ਸੰਘਰਸ਼ ਕਰ ਰਹੀਆਂ ਕਈ ਜ਼ਿੰਦ-ਗੀਆਂ ਮਲਬੇ ਹੇਠੋਂ ਨਿਕਲ ਰਹੀਆਂ ਹਨ। ਕਾਠਮੰਡੂ ਵਿਚ ਇਕ ਇਮਾਰਤ ਦੇ ਮਲਬੇ ਹੇਠਾਂ 80 ਘੰਟਿਆਂ ਬਾਅਦ ਇਕ ਨੌਜਵਾਨ ਨੂੰ ਜੀਉਂਦਾ ਬਾਹਰ ਕੱਢਿਆ ਗਿਆ। ਫਰਾਂਸ ਦੀ ਰੈਸਕਿਊ ਟੀਮ ਨੇ ਇਸ ਵਿਅਕਤੀ ਨੂੰ ਜੀਉਂਦਾ ਬਾਹਰ ਕੱਢਣ ਲਈ ਆਪਣੀ ਪੂਰੀ ਵਾਹ ਲਗਾ ਦਿੱਤੀ ਅਤੇ ਆਖਰ ਜਿੱਤ ਹੋਈ ਹੌਂਸਲੇ ਤੇ ਸੰਘਰਸ਼ ਦੀ। ਰਿਸ਼ੀ ਖਨਾਲ ਨਾਂ ਦੇ ਇਸ ਨੌਜਵਾਨ ਨੂੰ 80 ਘੰਟਿਆਂ ਦੇ ਸ਼ੰਘਰਸ਼ ਤੋਂ ਬਾਅਦ ਮਲਬੇ ਹੇਠੋਂ ਬਾਹਰ ਕੱਢਿਆ ਗਿਆ। ਮਲਬੇ ਹੇਠੋਂ ਬਾਹਰ ਆਉਣ 'ਤੇ ਉਸ ਨੌਜਵਾਨ ਨੇ ਦੱਸਿਆ ਕਿ ਮਲਬੇ ਹੇਠਾਂ ਜ਼ਿੰਦਾ ਰਹਿਣ ਲਈ ਉਹ ਆਪਣਾ ਪਿਸ਼ਾਬ ਪੀਂਦਾ ਰਿਹਾ। ਉਸ ਦੇ ਆਸ-ਪਾਸ ਲਾਸ਼ਾਂ ਹੀ ਲਾਸ਼ਾਂ ਸਨ। ਖਤਰਨਾਕ ਬਦਬੂ ਉਸ ਦੀ ਜਾਨ ਕੱਢ ਰਹੀ ਸੀ ਪਰ ਉਸ ਨੂੰ ਜ਼ਿੰਦਗੀ ਦੀ ਉਮੀਦ ਸੀ ਤੇ ਇਕ ਹਲਕੀ ਜਿਹੀ ਉਮੀਦ ਦੀ ਕਿਰਨ ਦਾ ਹੱਥ ਫੜ ਕੇ ਉਹ ਜੀਉਂਦਾ ਰਹਿਣ ਲਈ ਹਰ ਸੰਭਵ ਕੋਸ਼ਿਸ਼ ਕਰਦਾ ਰਿਹਾ।

# ਵਿਦੇਸ਼ ਵਿੱਚ ਪ੍ਰਧਾਨ ਮੰਤਰੀ ਦੀ ਜ਼ੁਬਾਨ ਬੰਦ ਨਹੀ ਕੀਤੀ ਜਾ ਸਕਦੀ: ਜੇਤਲੀ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮੁਲਕ ਦੀਆਂ ਪਿਛਲੀਆਂ ਸਰਕਾਰਾਂ ਖ਼ਾਸਕਰ ਯੂਪੀਏ ਦੀ ਵਿਦੇਸ਼ਾਂ ਵਿੱਚ ਤਿੱਖੀ ਨੁਕਤਾਚੀਨੀ ਕੀਤੇ ਜਾਣ ਦੇ ਮਾਮਲੇ ਉਤੇ ਅੱਜ ਰਾਜ ਸਭਾ ਵਿੱਚ ਜ਼ੋਰਦਾਰ ਹੰਗਾਮਾ ਹੋਇਆ ਅਤੇ ਕਈ ਵਾਰ ਸਦਨ ਦੀ ਕਾਰਵਾਈ ਉਠਾਉਣੀ ਪਈ। ਇਸ ਦੇ ਬਾਵਜੂਦ ਵਿੱਤ ਮੰਤਰੀ ਅਰੁਨ ਜੇਤਲੀ ਨੇ ਪੂਰੀ ਤਰ੍ਹਾਂ ਪ੍ਰਧਾਨ ਮੰਤਰੀ ਦੀ ਪਿੱਠ 'ਤੇ ਖੜ੍ਹਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ 'ਪ੍ਰਧਾਨ ਮੰਤਰੀ ਦਾ ਮੂੰਹ ਬੰਦ ਨਹੀਂ ਕੀਤਾ' ਜਾ ਸਕਦਾ।

ਗ਼ੌਰਤਲਬ ਹੈ ਕਿ ਸ੍ਰੀ ਮੋਦੀ ਨੇ ਆਪਣੀ ਹਾਲੀਆ ਕੈਨੇਡਾ ਫੇਰੀ ਦੌਰਾਨ ਕਿਹਾ ਸੀ ਕਿ ਉਹ ਭਾਰਤ ਦੀ ਪਿਛਲੇ ਸੱਠ ਸਾਲਾਂ ਦੀ 'ਗੰਦਗੀ ਸਾਫ਼ ਕਰਨੀ' ਚਾਹੁੰਦੇ ਹਨ। ਇਸ ਮਾਮਲੇ ਉਤੇ ਸੰਸਦ ਦੇ ਉਪਰਲੇ ਸਦਨ ਵਿੱਚ ਹਾਕਮ ਤੇ ਵਿਰੋਧੀ ਧਿਰ ਦੇ ਮੈਂਬਰਾਂ ਦੌਰਾਨ ਤਿੱਖੀ ਬਹਿਸਬਾਜ਼ੀ ਹੋਈ। ਇਸ ਕਾਰਨ ਦੁਪਹਿਰ ਦੇ ਖਾਣੇ ਤੋਂ ਪਹਿਲਾਂ ਹੀ ਸਦਨ ਤਿੰਨ ਵਾਰ ਉਠਾਉਣਾ ਪਿਆ।

ਸਦਨ ਦੇ ਆਗੂ ਅਤੇ ਵਿੱਤ ਮੰਤਰੀ ਸ੍ਰੀ ਜੇਤਲੀ ਨੇ ਵਿਰੋਧੀ ਧਿਰ ਦੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਕਿ ਪ੍ਰਧਾਨ ਮੰਤਰੀ ਵੱਲੋਂ ਵਿਦੇਸ਼ਾਂ ਵਿੱਚ ਅਜਿਹੀਆਂ ਟਿੱਪਣੀਆਂ ਕਰ ਕੇ ਦੇਸ਼ ਦਾ 'ਮਾਣ' ਘਟਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਨੂੰ ਇਹ ਕਹਿਣ ਦਾ 'ਪੂਰਾ ਹੱਕ' ਹੈ ਕਿ ਦੇਸ਼ ਵਿੱਚ ਜੋ ਪਿਛਲੇ 60 ਸਾਲਾਂ ਦੌਰਾਨ ਵਾਪਰਿਆ, ਉਸ ਦੇ ਧੋਣੇ ਉਨ੍ਹਾਂ ਦੀ ਸਰਕਾਰ ਵੱਲੋਂ ਧੋ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਵਿਰੋਧੀ ਧਿਰ ਬਾਰੇ ਬੋਲਣ ਤੋਂ ਪ੍ਰਧਾਨ ਮੰਤਰੀ ਦਾ 'ਮੂੰਹ ਬੰਦ ਨਹੀਂ' ਕੀਤਾ ਜਾ ਸਕਦਾ। ਉਨ੍ਹਾਂ ਜਨਤਾ ਦਲ (ਯੂ) ਅਤੇ ਸੀਪੀਐਮ ਵੱਲੋਂ ਇਸ ਮਾਮਲੇ ਉਤੇ ਕਾਂਗਰਸ ਦੀ ਹਮਾਇਤ ਕੀਤੇ ਜਾਣ 'ਤੇ ਹੈਰਾਨੀ ਜ਼ਾਹਰ ਕਰਦਿਆਂ ਸਵਾਲ ਕੀਤਾ ਕਿ ਇਹ ਪਾਰਟੀਆਂ ਅਜਿਹਾ ਕਿਉਂ ਸੋਚਦੀਆਂ ਹਨ ਕਿ 'ਭ੍ਰਿਸ਼ਟ ਕਾਰਵਾਈਆਂ' ਨਾਲ ਤਾਂ ਦੇਸ਼ ਦਾ ਨਾਂ ਬਦਨਾਮ ਨਹੀਂ ਹੁੰਦਾ, ਪਰ ਉਸ ਦਾ ਜ਼ਿਕਰ ਕੀਤੇ ਜਾਣ ਨਾਲ ਹੁੰਦਾ ਹੈ। ਇਸ ਤੋਂ ਪਹਿਲਾਂ ਇਹ ਮਾਮਲਾ ਕਾਂਗਰਸ ਦੇ ਡਿਪਟੀ ਲੀਡਰ ਆਨੰਦ ਸ਼ਰਮਾ ਨੇ ਨਿਯਮ 267 ਤਹਿਤ ਕੰਮ ਰੋਕੂ ਮਤੇ ਦੇ ਰੂਪ ਵਿੱਚ ਉਠਾਇਆ ਅਤੇ ਸ੍ਰੀ ਮੋਦੀ ਵੱਲੋਂ ਜਰਮਨੀ ਤੇ ਕੈਨੇਡਾ ਵਿੱਚ ਕੀਤੀਆਂ ਟਿੱਪਣੀਆਂ ਵਿਚਾਰੇ ਜਾਣ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਟਿੱਪਣੀਆਂ ਨੇ ਦੇਸ਼ ਦਾ ਵੱਕਾਰ ਡੇਗਿਆ ਹੈ। ਰਾਜ ਸਭਾ ਦੇ ਡਿਪਟੀ ਚੇਅਰਮੈਨ ਪੀ.ਜੇ. ਕੁਰੀਅਨ ਨੇ ਸਵਾਲਾਂ ਦਾ ਸਮਾਂ ਮੁਅੱਤਲ ਕਰਨ ਦੀ ਮੰਗ ਖ਼ਾਰਜ ਕਰਦਿਆਂ ਕਿਹਾ ਕਿ ਮੈਂਬਰਾਂ ਵੱਲੋਂ ਇਹ ਮਾਮਲਾ ਉਪਲਬਧ ਪ੍ਰਕਿਰਿਆ ਰਾਹੀਂ ਵਿਚਾਰਿਆ ਜਾ ਸਕਦਾ ਹੈ।

# ਭਾਰਤ ਵੱਲੋਂ ਅਫ਼ਗ਼ਾਨਿਸਤਾਨ ਨੂੰ ਰੱਖਿਆ ਸਣੇ ਵੱਖ-ਵੱਖ ਖੇਤਰਾਂ ਵਿੱਚ ਮੱਦਦ ਦਾ ਭਰੋਸਾ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗੁਆਂਢੀ ਮੁਲਕ ਅਫ਼ਗ਼ਾਨਿਸਤਾਨ ਦੇ ਰਾਸ਼ਟਰਪਤੀ ਮੁਹੰਮਦ ਅਸ਼ਰਫ਼ ਗ਼ਨੀ ਨੇ ਇਥੇ ਵਿਸਥਾਰ ਨਾਲ ਗੱਲਬਾਤ ਕੀਤੀ, ਜਿਸ ਦੌਰਾਨ ਭਾਰਤ ਨੇ ਆਪਣੇ ਇਸ ਜੰਗ ਮਾਰੇ ਗੁਆਂਢੀ ਨੂੰ ਰੱਖਿਆ ਸਮੇਤ ਵੱਖੋ-ਵੱਖ ਖੇਤਰਾਂ ਵਿੱਚ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ। ਇਸ ਦੌਰਾਨ ਦੋਵੇਂ ਆਗੂਆਂ ਨੇ ਦਹਿਸ਼ਤੀ ਨੈੱਟਵਰਕਾਂ ਦੇ ਖ਼ਾਤਮੇ ਲਈ ਠੋਸ ਕਦਮ ਚੁੱਕੇ ਜਾਣ ਦੀ ਲੋੜ ਉਤੇ ਜ਼ੋਰ ਦਿੱਤਾ। ਸੂਤਰਾਂ ਮੁਤਾਬਕ ਭਾਰਤ ਨੇ ਅਫ਼ਗ਼ਾਨ ਵਫ਼ਦ ਨੂੰ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਵੱਲੋਂ ਆਪਣੀਆਂ 'ਰੱਖਿਆ ਲੋੜਾਂ' ਤੋਂ ਭਾਰਤ ਨੂੰ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ। ਗ਼ੌਰਤਲਬ ਹੈ ਕਿ ਸ੍ਰੀ ਗ਼ਨੀ ਤੋਂ ਪਹਿਲੇ ਅਫ਼ਗ਼ਾਨ ਸਦਰ ਹਾਮਿਦ ਕਰਜ਼ਈ ਵੱਲੋਂ ਭਾਰਤ ਤੋਂ ਫ਼ੌਜੀ ਸਾਜ਼ੋ-ਸਾਮਾਨ ਹਾਸਲ ਕਰਨ ਉਤੇ ਕਾਫ਼ੀ ਜ਼ੋਰ ਦਿੱਤਾ ਜਾ ਰਿਹਾ ਸੀ, ਤਾਂ ਕਿ ਅਫ਼ਗ਼ਾਨਿਸਤਾਨ ਦੀ ਸੁਰੱਖਿਆ ਸਮਰੱਥਾ ਵਿਚ ਇਜ਼ਾਫ਼ਾ ਹੋ ਸਕੇ। ਬੀਤੇ ਸਤੰਬਰ ਵਿੱਚ ਅਫ਼ਗ਼ਾਨਿਸਤਾਨ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਭਾਰਤ ਦੇ ਪਹਿਲੇ ਦੌਰੇ ਉਤੇ ਪੁੱਜੇ ਸ੍ਰੀ ਗ਼ਨੀ ਨੇ ਸ੍ਰੀ ਮੋਦੀ ਨਾਲ ਅਨੇਕਾਂ ਮਾਮਲਿਆਂ ਉਤੇ ਵਿਚਾਰਾਂ ਕੀਤੀਆਂ। ਸ੍ਰੀ ਮੋਦੀ ਨੇ ਅਫ਼ਗ਼ਾਨਿਸਤਾਨ ਦੇ ਗੁਆਂਢੀਆਂ ਵੱਲੋਂ ਇਸ ਮੁਲਕ ਵਿੱਚ ਹਿੰਸਾ ਰੋਕਣ ਸਮੇਤ ਹਾਂਪੱਖੀ ਪਹੁੰਚ ਅਪਣਾਏ ਜਾਣ ਉਤੇ ਜ਼ੋਰ ਦਿੱਤਾ।

ਕਹਾਣੀ

# ਪੋਸਟ ਮਾਰਟਮ ਰਿਪੋਰਟ

## (ਲੋਕ-ਰਾਜ ਦੇ ਸੰਘਰਸ਼ ਨੂੰ ਸਮਰਪਿਤ)



ਅਫ਼ਜ਼ਲ ਤੌਸੀਫ਼

**(ਦੂਜੀ ਤੇ ਆਖਰੀ ਕਿਸਤ)**

ਹੁਣ ਜੋ ਉਪਰੇਸ਼ਨ ਮੈਂ ਕਰਦਾਂ, ਉਹਦੇ ਵਿਚ ਹਜ਼ਾਰਾਂ ਦੀ ਫੀਸ ਤਾਂ ਆਪਣੇ ਹੱਥਾਂ ਦੀ ਮੁਹਾਰਤ ਵਾਸਤੇ ਰੱਖ ਲੈਂਦਾ ਵਾਂ। ਹਜ਼ਾਰਾਂ ਕਲੀਨਿਕ ਦੇ ਖਰਚ ਵਿਚ। ਕਿਉਂ ਨਾ ਕਰਾਂ। ਮੇਰੇ ਬਾਪ ਨੇ ਜ਼ਮੀਨ ਵੇਚ ਕੇ ਤੰਗੀ ਨਾਲ ਮੈਨੂੰ ਡਾਕਟਰੀ ਦੀ ਪੜ੍ਹਾਈ ਕਰਾਈ। ਅੱਜ ਮੇਰੀ ਕੋਠੀ ਉੱਤੇ ਸੰਗਮਰਮਰ ਚੜ੍ਹ ਚੁੱਕਾ ਏ। ਅੱਗੋਂ ਮੇਰੀ ਔਲਾਦ ਦਾ ਭਵਿੱਖ ਵੀ ਤਾਂ ਹੈ, ਜਿਸ ਨੂੰ ਮੈਂ ਸੋਨੇ ਦੀਆਂ ਇੱਟਾਂ ਨਾਲ ਬਣਵਾਉਣਾ ਚਾਹੁੰਦਾ ਹਾਂ।

ਫਿਰ ਵੀ ਮੈਨੂੰ ਲੱਗਦਾ, ਮੈਂ ਵੇਲੇ ਦੀ ਭੱਠੀ ਉੱਤੇ ਠੀਕ ਤਰ੍ਹਾਂ ਪੱਕ ਨਹੀਂ ਸਕਿਆ। ਕੁਝ ਕੱਚਾ ਰਹਿ ਗਿਆ ਏਂ। ਮੇਰੇ ਲਹੂ ਦੀ ਪੂਰੀ ਤਬਦੀਲੀ ਨਹੀਂ ਹੋਈ। ਇਸੇ ਕਰਕੇ ਇੱਕ ਆਮ ਜਿਹੀ ਡਰਾਈਵਰ ਦੀਆਂ ਗੱਲਾਂ ਨੇ ਮਖੌਟਾ ਲਾਹ ਕੇ ਮੇਰੀ ਖੱਲ ਛਿੱਲ ਸੁੱਟੀ ਤਾਂ ਅੰਦਰੋਂ ਉਹੋ ਪੁਰਾਣਾ ਕਿਸਾਨ ਦਾ ਪੁੱਤਰ ਨਿਕਲ ਕੇ ਖਲੋ ਗਿਆ। ਉਹਦੇ ਲਫ਼ਜ਼ (ਡਾਕਟਰ ਲਾਲਾ) "ਇਹ ਥੋੜ੍ਹੇ ਜਿਹੇ ਪੈਸੇ ਚਾ ਘਿਨੋ, ਲੰਮੀ ਫੀਸ ਪਿੱਛੇ ਦੇ ਛੋੜਸਾਂ। ਮੈਂਡੀ ਜਾਨ ਗਿਰਵੀ ਪਈ ਹੋਈ ਏ। ਖ਼ਬਰੇ ਤੇਰੇ ਖਾਤੇ ਵੀ ਗਿਰਵੀ ਪੈ ਜਾਸਾਂ। ਸਾਰੀ ਰਕਮ ਲਾਹ ਦੇਸਾਂ। ਨਹੀਂ ਤਾਂ ਮੇਰੀ ਮਾਂਓ ਸ਼ਾਲ ਬਣਾਸੀ। ਤੁਹਾਡੀ ਬੇਗਮ ਸਾਹਿਬਾ ਵਾਸਤੇ ਡਾਢੀ ਸੁਹਣੀ ਸ਼ਾਲ, ਰੇਸ਼ਮ ਦੇ ਫੁੱਲ ਬੂਟੇ ਪਾ ਕੇ ਆਪਣੀਆਂ ਉਂਗਲਾਂ ਦੇ ਲਹੂ ਵਿਚ ਅੱਖੀਆਂ ਦਾ ਨੂਰ ਰਲਾ ਕੇ ਅਨਮੋਲ ਕਸੀਦਾ ਕੱਢਦੀ ਏ ਮੇਰੀ ਅੰਮੜੀ'' ਉਹਦੇ ਇਹ ਲਫ਼ਜ਼ ਮੇਰੀ ਹਸਤੀ ਦਾ ਉਪਰੇਸ਼ਨ ਕਰ ਗਏ।

ਓਸ ਦਿਨ ਦੋਵੇਂ ਉਪਰੇਸ਼ਨ ਕਾਮਯਾਬ ਹੋਏ।

ਰੌਸ਼ਨ ਨੂੰ ਚੋਖੇ ਆਰਾਮ ਦੀ ਲੋੜ ਸੀ। ਪਰ ਉਹਨੇ ਬਹੁਤਾ ਆਰਾਮ ਨਾ ਕੀਤਾ। ਡਬਲ ਸ਼ਿਫਟ ਦਾ ਕੰਮ ਵੀ ਨਾ ਛੱਡਿਆ। ਏਸੇ ਤਰ੍ਹਾਂ ਉਹ ਡਰਾਈਵਰਾਂ ਵਾਲੀ ਕੜਕ ਚਾਹ ਵੀ ਪੀਂਦਾ ਰਿਹਾ। ਉਹਨੂੰ ਇੱਕ ਡਰ ਸੀ। ਉਹਦੀ ਮਾਂ ਦਿਨ-ਬ-ਦਿਨ ਕਮਜ਼ੋਰ ਹੋਈ ਜਾ ਰਹੀ ਸੀ। ਜੇ ਮਰ ਗਈ ਤਾਂ ਉਹਦੀ ਜਵਾਨ ਵਹੁਟੀ ਤੇ ਨਿੱਕਾ ਜਿਹਾ ਕਾਕਾ ਪਿੱਛੇ ਇਕੱਲਾ ਰਹਿ ਜਾਣਗੇ। ਸਖ਼ਤ ਮਿਹਨਤ, ਬੇ-ਆਰਾਮੀ ਤੇ ਟੈਨਸ਼ਨ ਨਾਲ ਉਹ ਫਿਰ ਬੀਮਾਰ ਹੋ ਗਿਆ। ਦੂਜੀ ਵਾਰ ਆਉਂਦੇ ਸਾਰ ਆਖਣ ਲੱਗਾ, "ਅੱਲਾ ਦੀ ਕਸਮ ਏ ਡਾਕਟਰ ਲਾਲਾ, ਮੈਂ ਬਹੁਤ ਸ਼ਰਮਸਾਰ ਹਾਂ। ਪਿਛਲੇ ਪੈਸੇ ਪੂਰੇ ਨਹੀਂ ਕਰ ਸਕਿਆ। ਹੁਣ ਫਿਰ ਨਾਮੁਰਾਦ ਦਰਦ'' ਉਹਨਾਂ ਦੋਹਾਂ ਹੱਥਾਂ ਨਾਲ ਆਪਣਾ ਪੇਟ ਫੜ ਲਿਆ। ਮੈਂ ਝੂਠੇ ਗੁੱਸੇ ਨਾਲ ਉਹਨੂੰ ਆਖਿਆ ਤੇ ਡਾਂਟਿਆ, "ਇੱਕ ਪਾਸੇ ਮੈਨੂੰ ਕਹਿਨਾ ਏਂ, ਦੂਜੇ ਪਾਸੇ ਗੈਰਾਂ ਵਾਲੀ ਗੱਲ ਕਰਦਾ ਏਂ, ਸੱਚ ਦੱਸਾਂ। ਰੌਸ਼ਨ ਤੇਰਾ ਉਪਰੇਸ਼ਨ ਮੈਨੂੰ ਬੜਾ ਕੁਝ ਸਿੱਖਣ ਵਿਚ ਮਦਦ ਵੀ ਕਰਦਾ ਏ। ਭੁੱਲ ਗਿਆ ਏ ਆਪਣੇ ਡਾਕਟਰ ਲਾਲਾ ਦੀ ਗੱਲ, ਜਿਵੇਂ ਉਹ ਤੇਰਾ ਕਿਤਾਬਾਂ ਵਾਲਾ ਲਾਲਾ ਕਹਿੰਦਾ ਸੀ ਨਾ, ਮੈਂ ਵੀ ਗਰੀਬਾਂ ਕੋਲੋਂ ਇਲਮ ਲੈਂਦਾ ਹਾਂ। ਅਮੀਰਾਂ ਕੋਲੋਂ ਫੀਸ, ਮੈਨੂੰ ਕੋਈ ਘਾਟਾ ਨਹੀਂ ਪੈਂਦਾ। ਇਹ ਗੱਲ ਮੈਂ ਉਹਨੂੰ ਅੰਦਰੋਂ ਸੌਖਾ ਕਰਨ ਲਈ ਆਖੀ ਸੀ।

ਰੌਸ਼ਨ ਦਾ ਦੂਜਾ ਉਪਰੇਸ਼ਨ ਕਾਮਯਾਬ ਤਾਂ ਹੋ ਗਿਆ, ਪਰ ਮੈਨੂੰ ਕਹਿਣਾ ਪੈ ਗਿਆ, "ਹੁਣ ਤੂੰ ਆਪਣੀ ਜਾਤ ਵਾਸਤੇ ਫ਼ਿਕਰ ਕਰ। ਦੂਜਾ ਉਪਰੇਸ਼ਨ ਐਡੀ ਛੇਤੀ ਤੇਰੀ ਹਿੰਮਤ ਬਚਾ ਗਈ। "ਹਿੰਮਤ, ਵਿੰਮਤ ਕੁਝ ਨਹੀਂ ਲਾਲਾ। ਉਹ ਜਿਹੜੀ ਮਰੀਅਮ ਵਰਗੀ ਹੈਗੀ ਨਾ। ਪਿੱਛੇ ਘਰ ਬੈਠੀ ਕਹਿੰਦੇ ਕਹਿੰਦੇ ਉਹਦਾ ਮੁੱਖ ਲਾਲ ਗੁਲਾਬ ਹੋ ਗਿਆ। ਹਰ ਵੇਲੇ ਮੇਰੇ ਵੱਲ ਵੇਖਦੀ ਰਹਿੰਦੀ ਏ ਉਹਦੀ ਨਰਗਿਸੀ ਅੱਖ ਹਰ ਵਾਰੀ ਜ਼ਿੰਦਗੀ ਵੱਲ ਸੱਦ ਲਿਜਾਂਦੀ ਏ।''

"ਖ਼ੈਰ, ਉਹਨੇ ਸੁੱਖ ਦਾ ਸਾਹ ਲੈ ਕੇ ਆਖਿਆ, "ਹੁਣ ਕਰਜ਼ਾ ਥੋੜ੍ਹਾ ਰਹਿ ਗਿਆ ਏ। ਕੁਝ ਕਮਿਸ਼ਨ ਵੀ ਵਧ ਗਈ ਏ। ਓਧਰ ਮੇਰੀ ਨੂਰਾਂ ਵੀ ਮਾਂ ਦੇ ਨਾਲ ਸ਼ਾਲ ਬਨਾਵਣ ਲੱਗ ਪਈ ਏ। ਹੁਣ ਮੈਂ ਡਬਲ ਸ਼ਿਫਟ ਦੇ ਚੱਕਰ ਵਿਚੋਂ ਨਿਕਲ ਆਵਾਂਗਾ। ਫਿਰ ਉਹਨਾਂ ਸਾਰਿਆਂ ਨੂੰ ਰਾਵਲਪਿੰਡੀ ਕੀ ਸੈਰ ਕਰਾਵਣ ਲੈ ਕੇ ਆਵਾਂਗਾ।''

ਇਸ ਗੱਲ ਨੂੰ ਮਹੀਨਾ ਡੇਢ ਮਹੀਨਾ ਹੀ ਗੁਜ਼ਰਿਆ ਹੋਣਾ ਏ ਜਦੋਂ ਪੂਰੇ ਮੁਲਕ ਦਾ ਉਪਰੇਸ਼ਨ ਹੋਇਆ। "ਉਪਰੇਸ਼ਨ ਫੇਅਰ ਪਲੇ' ਆਖ ਕੇ ਉਹਨਾਂ "ਫਾਊਲ ਪਲੇ'' ਕੀਤਾ। ਇੰਝ ਤਾਂ ਮੁਲਕ ਦਾ ਇਹ ਤੀਸਰਾ ਉਪਰੇਸ਼ਨ ਸੀ। ਹਾਲਾਤ ਵਿਗੜੇ ਤਿਗੜੇ ਹੋ ਗਏ। ਮੁਲਕ ਦਾ ਮਰੀਜ਼ ਪਹਿਲਾਂ ਬੀਮਾਰ ਸੀ। ਤੀਜੀ ਵਾਰੀ ਚੀਰਫਾੜ ਨਾਲ ਔਖੇ ਸਾਹਵਾਂ ਤੇ ਆ ਗਿਆ। ਜਿੱਥੇ ਹਰ ਵੇਲੇ ਪੁਲਿਸ ਰਾਜ ਰਹਿੰਦਾ ਸੀ। ਹੁਣ ਫੌਜੀ ਰਾਜ ਵੀ ਆ ਗਿਆ। ਸਿੱਧਾ ਸੁਧਾ ਗੋਲੀ, ਸਿੱਧੀ ਫਾਂਸੀ। ਸੜਕਾਂ ਬਜ਼ਾਰਾਂ ਵਿਚ ਕੋੜੇ, ਲੋਕੀ ਕਹਿੰਦੇ ਕੰਪਨੀ ਦਾ ਰਾਜ ਏ। ਅੰਗਰੇਜ਼ੀ ਰਾਜ ਦਾ ਭੈੜਾ ਜ਼ਮਾਨਾ। ਫੌਜ ਦੇ ਕਪਤਾਨ, ਮੇਜਰ ਛਾਉਣੀਆਂ ਤੋਂ ਬਾਹਰ ਨਿਕਲ ਕੇ ਆਬਾਦੀਆਂ ਵਿਚ ਆ ਕੇ ਮਿਲਟਰੀ ਕੋਰਟ ਲਾ ਕੇ ਬੈਠ ਗਏ। ਕੋਈ ਮੁਨਸਿਫ (ਜੱਜ) ਬਣ ਗਿਆ। ਕੋਈ ਲਾਅ-ਐਂਡ ਆਰਡਰ ਨਾਲ ਡੀਲ ਕਰਨ ਲੱਗ ਪਿਆ। ਨਜ਼ਰੀਏ ਦੇ ਨਾਲ ਤੇ ਉਹ ਨਾ ਆਰਟ ਕਲਚਰ ਦੇ ਡੱਕਰੇ ਕਰ ਛੱਡੇ। ਸਿਆਸੀ ਮਾਮਲੇ ਦੀ ਜੜ੍ਹ ਵੀ ਉੱਕਾ ਈ ਵੱਢੀ ਗਈ।

ਰੌਸ਼ਨ ਪ੍ਰਾਈਵੇਟ ਟਰਾਂਸਪੋਰਟ ਦੀ ਯੂਨੀਅਨ ਦਾ ਚੁਣਿਆ ਹੋਇਆ ਸੈਕਟਰੀ ਸੀ। ਮਾਰਸ਼ਲ-ਲਾ ਲੱਗਣ ਪਿੱਛੋਂ ਇਸ ਤਰ੍ਹਾਂ ਦੇ ਸਾਰੇ ਸਿਆਸੀ ਲੋਕਾਂ ਦੀਆਂ ਲਿਸਟਾਂ ਬਣੀਆਂ ਤੇ ਉੱਤੇ ਪਹੁੰਚ ਗਈਆਂ। ਸਿਆਸੀ ਕਾਮਿਆਂ ਦਾ ਉਹਨਾਂ ਆਪਣੀ ਬੋਲੀ ਵਿਚ "ਤਖਰੀਬਕਾਰ'' ਰੱਖਿਆ (ਭੰਨ ਤੋੜ ਕਰਨ ਵਾਲੇ) ਉਹਨਾਂ ਦਿਨਾਂ ਵਿਚ ਮਾਲਕ ਬੜੇ ਸ਼ੇਰ ਹੋ ਗਏ। ਉਹਨਾਂ ਸ਼ਿਫਟਾਂ ਦੇ ਮੁਆਵਜ਼ੇ ਘਟਾ ਦਿੱਤੇ। ਪਿਛਲੀਆਂ ਅਦਾਇਗੀਆਂ ਵੀ ਪਿੱਛੇ ਕਰ ਦਿੱਤੀਆਂ। ਇਸ ਤੋਂ ਪਹਿਲਾਂ ਆਪ ਉਹਨਾਂ ਨੂੰ ਭਾਰੇ ਜੁਰਮਾਨੇ ਮਾਰਸ਼ਲ-ਲਾ ਟੀਮਾਂ ਵਲੋਂ ਹੋ ਚੁੱਕੇ ਸਨ। ਜੁਰਮਾਨੇ ਭਰ ਕੇ ਉਹਨਾਂ ਕੁਝ ਰਿਆਇਤ ਵੀ ਪ੍ਰਾਪਤ ਕੀਤੀ। ਉਹ ਰਿਆਇਤ ਕਾਰਕੁਨਾ ਦੇ ਖਿਲਾਫ਼ ਕਾਰਵਾਈ ਤੋਂ ਅੱਗੇ ਕੁਝ ਨਹੀਂ ਸੀ। ਯੂਨੀਅਨ ਤੋੜ ਛੱਡੀ। ਕੋੜੇ ਲਾਠੀ ਦੀ ਇਮਦਾਦ ਨਾਲ ਉਹਨਾਂ ਮਜ਼ਦੂਰਾਂ ਨੂੰ ਬੇਵੱਸ ਕਰਨ ਦੀ ਕੋਸ਼ਿਸ਼ ਕੀਤੀ। ਯੂਨੀਅਨ ਦੇ ਅੰਦਰੋਂ ਵਿਰੋਧ ਵੀ ਹੋਇਆ। ਰੌਸ਼ਨ ਵਰਗੇ ਸੱਚੇ ਕਾਮੇ ਸ਼ਾਮ ਦੀ ਸ਼ਿਫਟ ਦਾ ਇਵਜ਼ਾਨਾ ਪੂਰਾ ਲੈਣ ਲਈ ਸੰਘਰਸ਼ ਕਰਨ ਲਈ ਜੁੱਟ ਗਏ। ਮਾਲਕਾਂ ਤੇ ਫੌਜੀਆਂ ਦਾ ਏਕਾ ਤਾਂ ਹੋ ਈ ਚੁੱਕਾ ਸੀ। ਉਹਨਾਂ ਪਹਿਲਾਂ ਯੂਨੀਅਨ ਦੀ ਮੀਟਿੰਗ ਤੇ ਹਮਲਾ ਕੀਤਾ। ਨਿਹੱਥੇ ਮਜ਼ਦੂਰਾਂ ਉੱਤੇ ਲਾਠੀ-ਚਾਰਜ ਕਰਕੇ ਕਈਆਂ ਨੂੰ ਜ਼ਖ਼ਮੀ ਕਰ ਛੱਡਿਆ। ਕਈਆਂ ਦੇ ਸਿਰ ਖੁੱਲੇ। ਕਈਆਂ ਦੀਆਂ ਬਾਹਾਂ ਟੁੱਟ ਗਈਆਂ। ਰੌਸ਼ਨ ਨੂੰ ਵੀ ਕਈ ਲਾਠੀਆਂ ਲੱਗੀਆਂ। ਪਰ ਉਹ ਬਚ ਗਿਆ। ਅਗਲੇ ਦਿਨ ਉਹਨਾਂ ਪੱਟੀਆਂ ਬੰਨ ਕੇ ਅਨਾਜ ਮੰਡੀ ਵਿਚ ਰੋਸ ਕੀਤਾ। ਅਮਨ ਦੀ ਮੀਟਿੰਗ ਉੱਤੇ ਲਾਠੀ-ਚਾਰਜ ਦਾ ਮਤਲਬ ਪੁੱਛਿਆ। ਮਾਰਸ਼ਲ-ਲਾ ਕੋਲੋਂ ਕੁਝ ਵੀ ਪੁੱਛਿਆ ਨਹੀਂ ਜਾ ਸਕਦਾ। ਕਈ ਬੰਦੇ ਗ੍ਰਿਫਤਾਰ ਕਰ ਲਏ ਗਏ।

ਮੈਨੂੰ ਸਾਰੀਆਂ ਗੱਲਾਂ ਰੋਜ਼ੀ ਖਾਂ ਨੇ ਸੁਣਾਈਆਂ। ਰੌਸ਼ਨ ਨੂੰ ਤੀਸਰੀ ਵਾਰੀ ਮੇਰੇ ਕੋਲ ਲੈ ਕੇ ਆਵਣ ਵਾਲਾ ਰੋਜ਼ੀ ਖਾਂ ਉਹਨਾਂ ਦਾ ਪੱਕਾ ਯਾਰ ਸੀ। ਹੜਤਾਲ ਵਾਲੀ ਘਟਨਾ ਤੋਂ ਛੇ ਦਿਨ ਪਿੱਛੋਂ ਰੌਸ਼ਨ ਮੇਰੇ ਕੋਲ ਆਇਆ। ਆਇਆ ਵੀ ਕਿੱਥੇ, ਲਿਆਂਦਾ ਗਿਆ। ਬੁਰੀ ਤਰ੍ਹਾਂ ਜ਼ਖ਼ਮੀ। ਕੋਈ ਕੋਈ ਸਾਹ। ਉਹ ਟਰੱਕ ਚਲਾਉਂਦਾ ਜਖ਼ਮੀ ਹੋਇਆ ਸੀ। ਇਹ ਗੱਲ ਨਹੀਂ ਪਈ ਉਹਦਾ ਐਕਸੀਡੈਂਟ ਹੋ ਗਿਆ ਹੋਵੇ। ਨਿਰੀ ਚੈਕਿੰਗ ਦੀ ਗੱਲ ਸੀ। ਮਾਰਸ਼ਲ-ਲਾਅ ਟੀਮ ਦਾ ਛਾਪਾ ਪਿਆ। ਕਾਰਕਰਦਗੀ ਤੇ ਉਗਰਾਹੀ ਵਾਸਤੇ ਹਰ ਪਾਸੇ ਏਸੇ ਤਰ੍ਹਾਂ ਹੋ ਰਿਹਾ ਸੀ।

ਹੋਇਆ ਇਸ ਤਰ੍ਹਾਂ ਪਈ ਸਵੇਰੇ ਸਵੇਰੇ ਸਮਾਨ ਨਾਲ ਲੱਦੇ ਹੋਏ ਟਰੱਕ ਸ਼ਹਿਰੋਂ ਨਿਕਲੇ ਤਾਂ ਅੱਗੇ ਰੋਕ ਲਏ ਗਏ। ਵੇਖ ਭਾਲ ਸ਼ੁਰੂ ਹੋਈ। ਟਾਇਰ, ਬੱਤੀ, ਬਰੇਕ ਤੇ ਲੋਡ। ਚਾਲਾਕ ਡਰਾਈਵਰਾਂ ਨੇ ਲਾਲ-ਲਾਲ ਨੋਟ ਕੱਢ ਕੇ ਫੌਜੀ ਥੈਲੇ ਵਿਚ ਪਾ ਦਿੱਤੇ। ਰੌਸ਼ਨ ਦੀ ਵਾਰੀ ਆਈ ਤਾਂ ਉਹ ਇਮਾਨਦਾਰੀ ਨਾਲ ਟਰੱਕ ਦੀ ਚੈਕਿੰਗ ਕਰਵਾਉਣ ਲੱਗ ਪਿਆ। ਜੁਰਮਾਨੇ ਦੀ ਗੱਲ ਉੱਤੇ ਅੜ ਗਿਆ। ਸਭ ਕੁਝ ਤਾਂ ਠੀਕ ਏ। ਫਿਰ ਜੁਰਮਾਨੇ ਬਿਨਾਂ ਰਸੀਦ। ਅਸੂਲ ਦੀ ਗੱਲ ਆਪਣੀ ਥਾਂ। ਮਾਰਸ਼ਲ ਲਾਅ ਨੂੰ ਅਸੂਲ ਦੀ ਗੱਲ ਠੀਕ ਨਹੀਂ ਲੱਗਦੀ। ਉਹਨਾਂ ਰੌਸ਼ਨ ਨੂੰ ਭਾਰਾ ਜੁਰਮਾਨਾ ਕੀਤਾ। ਖਰਾਬੀ ਇੱਕ ਵੀ ਨਹੀਂ ਸੀ। ਉਹਨਾਂ ਦਰਜਨ ਭਰ ਲਿਖ ਛੱਡਦਿਆਂ, ਰੌਸ਼ਨ ਬਹਿਸ ਕਰਨ ਲੱਗ ਪਿਆ।

"ਤੁਸੀਂ ਚੈਕਿੰਗ ਕਰੋ ਜੀ'' ਉਹਨੇ ਬੱਤੀਆਂ ਬਾਲਕੇ ਵਿਖਾਈਆਂ। ਬਰੇਕ ਤਾਂ ਫਸਟ ਕਲਾਸ ਏ। ਰੈਸ਼ ਡਰਾਈਵਿੰਗ (ਲਾਪ੍ਰਵਾਹੀ ਨਾਲ ਗੱਡੀ ਚਲਾਉਣਾ) ਦਾ ਸਵਾਲ ਕਿੱਥੇ. ਹਾਲੀਂ ਤਾਂ ਸ਼ਹਿਰ ਦੀ ਹੱਦ ਵਿਚ ਕੀੜੀ ਦੀ ਚਾਲ ਚੱਲ ਰਹੇ ਸੀ। ਮੇਰਾ ਟਰੱਕ ਤਾਂ ਲਾਈਨ ਦੇ ਵਿਚਕਾਰ ਫਸਿਆ ਹੋਇਆ ਏ। ਐਕਸੀਡੈਂਟ? ਪਿਛਲੇ ਪੰਜਾਂ ਵਰ੍ਹਿਆਂ ਤੋਂ ਇੱਕ ਵਾਰੀ ਵੀ ਨਹੀਂ। ਤੁਸੀਂ ਮੇਰੇ ਕਾਗਜ਼ ਚੈੱਕ ਕਰ ਸਕਦੇ ਓ।'' ਉਥੇ ਬਘਿਆੜ-ਲੇਲੇ ਦੀ ਕਹਾਣੀ ਚੱਲ ਰਹੀ ਸੀ। "ਤੂੰ ਨਹੀਂ, ਤੇਰੇ ਬਾਪ ਨੇ ਨਦੀ ਦਾ ਪਾਣੀ ਗੰਦਾ ਕੀਤਾ ਹੋਣਾ ਏ।''

ਮੇਜਰ ਨੂੰ ਦਲੀਲ ਨਹੀਂ ਮਾਲ ਚਾਹੀਦਾ ਸੀ। ਮਾਲ ਨਹੀਂ ਤਾਂ ਖੂਨ। ਡਰਾਈਵਰ ਦੀ ਅਸੂਲ-ਪਸੰਦੀ ਦੀ ਥਾਂ ਖੁਸ਼ਾਮਦ ਮਾੜੀ ਜਿਹੀ ਕੰਮ ਆ ਸਕਦੀ ਸੀ। ਸਦਾ ਤੋਂ ਹਾਕਮਾਂ ਨੂੰ ਰਈਅਤ ਦੀ ਚੌਪਾਇਆ ਚਾਲ ਈ ਪਸੰਦ ਹੁੰਦੀ ਏ। ਜ਼ਮਾਨਾ ਵੀ ਤਾਂ ਵੇਖੋ ਕਿਹੜਾ? ਉਹੋ ਜਿਹਦੇ ਕੋਲੋਂ ਯੂਸਫ ਕਨਿਆਣ ਦੇ ਜ਼ਮਾਨੇ ਦੇ ਬਘਿਆੜਾਂ ਪਨਾਹ ਮੰਗੀ ਸੀ। ਵੇਲੇ ਦੇ ਵਹਿਸ਼ੀ ਹਾਕਮ ਕੋਲ ਸਭੋ ਕੁਝ ਹੈ ਸੀ। ਟਿਕਟਿਕੀ, ਤੇਲ ਵਿਚ ਭਿੱਜਾ ਹੋਇਆ, ਕੋੜਾ, ਜੱਲਾਦ, ਵਹਿਸ਼ੀ ਸਜ਼ਾ, ਕਾਨੂੰਨ ਤਾਂ ਇੱਕੋ ਚੱਲਦਾ ਸੀ। "ਫੌਜੀ ਦੀ ਮਰਜ਼ੀ'' ਦੂਜੇ ਪਾਸੇ ਰੌਸ਼ਨ ਸੀ। ਅਸੂਲ ਪ੍ਰਸਤ, ਜੋਸ਼ੀਲਾ, ਮਿਹਨਤ-ਕਸ਼ ਤਬਕੇ ਦੀ ਗ਼ੈਰਤ ਤੇ ਖ਼ੁਦਦਾਰੀ ਦੇ ਸਬਕ ਪੜ੍ਹਿਆ ਹੋਇਆ। ਉਹਨੇ ਇੱਕ ਵਾਰੀ ਵੀ ਲਿਫ਼ ਕੇ ਗੱਲ ਨਾ ਕੀਤੀ। ਫੌਜੀ ਹਾਕਮ ਨੂੰ ਮਾਈ ਬਾਪ ਨਾ ਆਖਿਆ। ਸਗੋਂ ਇੱਕ ਵਾਰੀ ਉਹਦੇ ਮੂੰਹੋਂ ਮੇਜਰ-ਲਾਲਾ ਜ਼ਰੂਰ ਨਿਕਲ ਗਿਆ। ਫੌਜੀ ਅਫਸਰ ਨੂੰ ਮਾਰਸ਼ਲ ਦਾ ਨਸ਼ਾ ਚੜ੍ਹਿਆ ਹੋਇਆ ਸੀ। ਇਸ ਲਫ਼ਜ਼ "ਲਾਲਾ'' ਕੋਲੋਂ ਖਲੂਸ ਦੀ ਖੁਸ਼ਬੂ ਕਿੱਥੋਂ ਆਉਂਦੀ।ਹਦੇ ਕੋਲ ਤਾਂ ਰਿਪੋਰਟ ਸੀ, ਪਈ ਲੋਕ-ਪਾਰਟੀ ਦਾ ਕਾਰਕੁੰਨ ਏ, ਸਿਆਸੀ ਨਾਲੇ ਗਰੀਬ ਬੜਾ "ਖਤਰਨਾਕ'' ਹੋ ਸਕਦਾ ਏ।

ਰੌਸ਼ਨ ਨੂੰ ਹਜ਼ਾਰਾਂ ਦਾ ਜੁਰਮਾਨਾ ਸੁਣਾਇਆ ਗਿਆ। ਉਸੇ ਵੇਲੇ, ਉਸੇ ਥਾਂ। ਜੇ ਨਾ ਦੇ ਸਕੇ ਤਾਂ ਦਸ ਕੋੜੇ। ਮੇਜਰ ਨੇ ਟਿਕਟਿਕੀ ਅੱਗੇ ਮੰਗਵਾ ਲਈ। ਰੌਸ਼ਨ ਉਸੇ ਤਰ੍ਹਾਂ ਖੜ੍ਹਾ ਸਭ ਕੁਝ ਵੇਖਦਾ ਰਿਹਾ। ਕਹਿੰਦਾ ਵੀ ਰਿਹਾ। ਮੇਜਰ ਸਾਹਿਬ ਤੁਸੀਂ ਮੈਨੂੰ ਕੋੜੇ ਨਹੀਂ ਮਾਰ ਸਕਦੇ। ਕਿਸ ਤਰ੍ਹਾਂ ਮਾਰ ਸਕਦੇ ਓ। ਇਹ ਤਾਂ ਮੁਜਰਮਾਂ ਦੀ ਸਜ਼ਾ ਏ, ਕਤਲ, ਅਗਵਾ, ਜ਼ਨਾ। ਮੈਂ ਅਜਿਹਾ ਕੁਝ ਨਹੀਂ ਕੀਤਾ। ਮਿਹਨਤ ਦੀ ਰੋਟੀ ਕਮਾਉਂਦਾ ਹਾਂ। ਤੁਸੀਂ ਮੇਰੇ ਟਰੱਕ ਵਿਚੋਂ ਇੱਕ ਵੀ ਖਰਾਬੀ ਨਹੀਂ ਕੱਢ ਸਕੇ। ਮੇਰਾ ਕਸੂਰ ਤਾਂ ਦੱਸੋ।''

ਮੇਜਰ ਦੇ ਆਦਮੀਆਂ ਨੇ ਉਹਦੇ ਦੋਵੇਂ ਹੱਥ ਫੜ ਲਏ। ਉਹਦਾ ਕੁੜਤਾ ਤਾਰ-ਤਾਰ ਕਰ ਛੱਡਿਆ। ਤਾਹੀਓਂ ਉਹਨੇ ਆਪਣੇ ਜ਼ਖ਼ਮ ਦੀ ਦੁਹਾਈ ਦਿੱਤੀ। "ਵੇਖ ਸਕਦੇ ਹੋ, ਮੇਰਾ ਦੋਹਰਾ ਉਪਰੇਸ਼ਨ ਥੋੜ੍ਹੇ ਦਿਨ ਪਹਿਲਾਂ ਹੋਇਆ। ਤੁਸੀਂ ਮੈਨੂੰ ਕੋੜੇ ਨਹੀਂ ਮਾਰ ਸਕਦੇ। ਆਪਣੇ ਡਾਕਟਰ ਕੋਲੋਂ ਪੁੱਛ ਲਵੋ। ਜ਼ੁਲਮ ਦੇ ਵੀ ਕੋਈ ਅਸੂਲ ਹੁੰਦੇ ਨੇ। ਵੇਖੋ ਨਾ ਕੋੜੇ ਦਾ ਨਿਸ਼ਾਨ ਬਣਾਉਣ ਤੋਂ ਪਹਿਲਾਂ ਪਿੰਡਾ ਬੇਦਾਗ ਹੋਣਾ ਚਾਹੀਦਾ ਏ। ਜਿਸ ਤਰ੍ਹਾਂ ਫਾਂਸੀ ਤੋਂ ਪਹਿਲਾਂ ਬੰਦੇ ਨੂੰ ਤੰਦਰੁਸਤ ਹੋਣਾ ਜ਼ਰੂਰੀ ਏ। ਆਖਰ ਤੁਸੀਂ ਉੱਪਰ ਕਿਸੇ ਹਾਕਮ ਨੂੰ ਜਵਾਬ ਦੇਣਾ ਏ ਕਿ ਨਹੀਂ। ਕੋਈ ਤਾਂ ਗਵਾਹ ਹੋਵੇਗਾ। ਇਹ ਚਮਕਦਾਰ ਸੂਰਜ, ਇਹ ਚੱਲਦੀ ਹਵਾ ਤੁਹਾਡੇ ਸਾਥੀ ਨਹੀਂ। ਜ਼ਰੂਰ ਇਹਨਾਂ ਦੀਆਂ ਅੱਖਾਂ ਵੇਖ ਲੈਣਗੀਆਂ। ਜ਼ੁਲਮ ਲੁਕਿਆ ਨਹੀਂ ਰਹਿੰਦਾ ਹੁੰਦਾ। ਮੇਜਰ ਨੂੰ ਝੱਲ ਚੜ੍ਹ ਗਿਆ। "ਬਦਮਾਸ਼ ਕਮਿਊਨਿਸਟ ਕਿੰਨੀਆਂ ਗੱਲਾਂ ਕਰਦਾ ਏ।'' ਕਹਿੰਦੇ ਹੋਏ ਉਹਨੇ ਸਜ਼ਾ ਬਦਲ ਛੱਡੀ।

ਉਸ ਦਿਨ ਰੌਸ਼ਨ ਦੀ ਪਿੱਠ ਉੱਤੇ ਚਮੜੇ ਦਾ ਕੋਈ ਕੋੜਾ ਸੱਚੀ ਮੁੱਚੀ ਨਹੀਂ ਮਾਰਿਆ ਗਿਆ। ਜੱਲਾਦ ਨੇ ਕੁਝ ਨਹੀਂ ਕੀਤਾ। ਮੇਜਰ ਨੇ ਆਪੇ ਕੀਤਾ। ਉਹਨੇ ਫੌਜੀ ਬੂਟ ਦਾ ਠੁੱਡਾ ਰੱਖ ਕੇ ਰੌਸ਼ਨ ਦੇ ਪੇਟ ਉੱਤੇ ਮਾਰਿਆ। ਇੱਕ ਠੁੱਡਾ, ਦੂਸਰਾ.... ਤੀਸਰਾ.... ਰੌਸ਼ਨ ਡਿੱਗ ਪਿਆ ਤਾਂ ਫੌਜੀ ਨੇ ਹੱਥ ਝਾੜ ਕੇ ਜੀਪ ਸਟਾਰਟ ਕਰ ਲਈ।

ਉਸ ਦਿਨ ਅਖੀਰਲੀ ਵਾਰੀ ਰੌਸ਼ਨ ਮੇਰੇ ਕੋਲ ਆਇਆ। ਉਹਨੇ ਇੱਛਾ ਪ੍ਰਗਟ ਕੀਤੀ ਸੀ ਕਿ ਡਾਕਟਰ ਲਾਲਾ ਕੋਲ ਲੈ ਚੱਲੋ। ਉਸ ਵੇਲੇ ਉਹ ਬੇਹੋਸ਼ ਸੀ। ਉਸਦੇ ਪੇਟ ਦੇ ਟਾਂਕੇ ਜੋ ਮੈਂ ਰੇਸ਼ਮ ਦੀ ਤਾਰ ਨਾਲ ਹੌਲਾ ਹੱਥ ਰੱਖ ਕੇ ਲਾਏ ਸਨ, ਉੱਕਾ ਹੀ ਨਕਾਰਾ ਹੋ ਚੁੱਕੇ ਸਨ। ਠੁੱਡਾ ਲੱਗਣ ਨਾਲ ਉਹਦਾ ਪਿੱਤਾ ਪਾਟ ਗਿਆ ਸੀ। ਫਿਰ ਕਈ ਮੀਲ ਦੂਰੋਂ ਲਿਆਂਦੇ ਹੋਏ ਬੜਾ ਖੂਨ ਨੁੱਚੜ ਗਿਆ ਸੀ। ਫਿਰ ਵੀ ਉਹਦਾ ਦਿਲ ਅਜੇ ਧੜਕ ਰਿਹਾ ਸੀ। ਮੈਂ ਉਹਨੂੰ ਹੋਸ਼ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ। ਪਲ ਦੀ ਪਲ ਉਹਨੇ ਅੱਖ ਖੋਲ੍ਹ ਕੇ ਮੇਰੇ ਵੱਲ ਵੇਖਿਆ। ਉਹਦੀਆਂ ਅੱਖਾਂ ਵਿਚ ਲਿਖੀ ਹੋਈ ਲਿਖਤ ਮੈਂ ਪੜ੍ਹ ਲਈ, ਪਰ ਲਿਖ ਨਹੀਂ ਸਕਦਾ। ਉਸ ਵੇਲੇ ਮੈਂ ਘਬਰਾ ਗਿਆ ਸੀ। ਇੱਕ ਡਾਕਟਰ ਦੀ ਹੈਸੀਅਤ ਨਾਲ ਉੱਕਾ ਦਿਲ ਛੱਡ ਚੁੱਕਾ ਸੀ।

"ਹੁਣ ਦੱਸ ਮੈਂ ਕੀ ਕਰਾਂ ਰੌਸ਼ਨ। ਮੈਂ ਤਾਂ ਪਹਿਲਾਂ ਈ ਤੇਰੇ ਦੋ ਉਪਰੇਸ਼ਨ ਕਰ ਚੁੱਕਾ।'' ਰੌਸ਼ਨ ਨੇ ਮੇਰੀ ਗੱਲ ਸੁਣ ਲਈ। ਕਹਿਣ ਲੱਗਾ, ਹੁਣ ਤੁਸੀਂ ਕੁਝ ਵੀ ਨਾ ਕਰੋ ਡਾਕਟਰ ਲਾਲਾ। ਤੁਹਾਡਾ ਕੰਮ ਖਤਮ। ਮੇਰਾ ਤਾਂ ਵੱਡਾ ਉਪਰੇਸ਼ਨ ਹੋ ਚੁੱਕਾ। ਬੂਟ ਉਪਰੇਸ਼ਨ ਇਸੇ ਤਰ੍ਹਾਂ ਹੁੰਦਾ ਏ। ਮੇਰੇ ਲੋਕੀ ਮੈਨੂੰ ਦਫਨਾ ਦੇਣਗੇ। ਪਰ ਤੁਸੀਂ ਮੇਰੀ ਪੋਸਟਮਾਰਟਮ ਰਿਪੋਰਟ ਜ਼ਰੂਰ ਲਿਖਣਾ। ਕੋਸ਼ਿਸ਼ ਕਰਨਾ ਕਿ ਮੇਰੇ ਨਾਲ ਇਨਸਾਫ ਕਰਕੇ ਕੁਤਬਾ ਜ਼ਰੂਰ ਲਾਉਣਾ, ਤਾਂ ਜੋ ਆਵਣ ਵਾਲੇ ਜ਼ਮਾਨਿਆਂ ਦੇ ਲੋਕੀ ਪੜ੍ਹਨ।''

"ਰੌਸ਼ਨ ਖਾਨ, ਇਸ ਧਰਤੀ ਦਾ ਜਵਾਨ ਪੁੱਤਰ, ਉਮਰ ਪੰਝੀ ਸਾਲ, ਪੇਸ਼ਾ ਟਰੱਕ ਡਰਾਇਵਰੀ। ਇੱਕ ਕਾਲੀ ਰਾਤ ਨੂੰ ਕਾਲੇ ਰਸਤੇ ਉੱਤੇ ਰੌਸ਼ਨੀ ਦਾ ਨਾਂ ਲੈਂਦਾ-ਲੈਂਦਾ ਮਾਰਿਆ ਗਿਆ। ਇਹ ਜ਼ਰੂਰ ਕਰਨਾ ਡਾਕਟਰ। ਕਰਸੋ ਨਾ।''

ਰੌਸ਼ਨ ਦਾ ਸਵਾਲ ਮੇਰੇ ਸਾਹਮਣੇ ਤੋਂ ਹਟ ਗਿਆ। ਮੈਂ ਉਹਦੀ ਪੋਸਟ ਮਾਰਟਮ ਰਿਪੋਰਟ ਤਿਆਰ ਕਰ ਲਈ। ਵੇਲਾ, ਤਾਰੀਖ਼, ਸਾਲ, ਸਦੀ, ਸਮਝੋ ਸਭ ਕੁਝ ਲਿਖ ਛੱਡਿਆ। ਰਿਪੋਰਟ ਸੰਖੇਪ ਜਿਹੀ ਸੀ। ਬੱਸ ਪੇਟ ਉੱਤੇ ਇੱਕ ਵੱਡੇ ਬੂਟ ਦਾ ਨਿਸ਼ਾਨ, ਇੱਕ ਠੁੱਡੇ ਨਾਲ ਉਹਦਾ ਪਿੱਤਾ ਪਾਟ ਗਿਆ। ਦੂਜੇ ਨਾਲ ਤਿਲੀ। ਮੈਡਲ ਉਪਰੇਸ਼ਨ ਦੀ ਬੇਕਦਰੀ, ਕੁਦਰਤੀ ਆਦਿ, ਰੌਸ਼ਨ ਦੇ ਨਿੱਕੇ ਜਿਹੇ ਪੁੱਤਰ ਦੇ ਭਵਿੱਖ ਦਾ ਸਵਾਲ ਕੋਈ ਨਹੀਂ। ਹੁਣ ਉਹ ਠੇਕੇਦਾਰ ਕੋਲ ਗਿਰਵੀ ਹੋ ਜਾਵੇਗਾ। ਹਰ ਹਾਲ ਵਿਚ ਜਿਉਂਦਾ ਰੱਖ ਲਿਆ ਜਾਵੇਗਾ। ਉਹਨੇ ਆਪਣੇ ਪਿਉ ਦਾਦੇ ਦੇ ਕਰਜ਼ੇ ਜੋ ਲਾਹੁਣੇ ਹੋਏ। ਕੀ ਪਤਾ ਤੀਸਰੀ ਨਸਲ ਦੇ ਜਵਾਨ ਹੋਣ ਤੋੜੀ ਕਿੰਨੇ ਵੱਡੇ ਉਪਰੇਸ਼ਨ ਹੋਰ ਹੋਣੇ ਨੇ।

ਪਰ ਮੈਂ ਕੀ ਕਰਾਂ? ਆਪਣੇ ਲਈ, ਆਪਣੇ ਸਵਾਲ ਲਈ? ਮੈਂ ਇੱਕ ਸਰਜਨ ਹਾਂ। ਰੌਸ਼ਨ ਦੇ ਵੱਡੇ ਉਪਰੇਸ਼ਨ ਪਿੱਛੋਂ, ਸਰਜਰੀ ਵਾਸਤੇ ਨਕਾਰਾ ਹੋ ਚੁੱਕਾ ਵਾਂ। ਮੇਰੇ ਕੰਮ ਦੀ ਜਰੂਰਤ ਵੀ ਕਿੱਥੇ ਰਹਿ ਗਈ ਏ। ਜਰਾਹੀ ਦਾ ਸਾਰਾ ਸਮਾਨ ਇਕੱਠਾ ਕਰਕੇ ਦਫ਼ਨ ਕਰਨਾ ਚਾਹੁੰਦਾ ਹਾਂ। ਮੈਂ ਜ਼ਿੰਦਗੀ ਦਾ ਉਹ ਅੰਤ ਵੇਖ ਲਿਆ, ਜਿਸ ਪਿੱਛੋਂ ਹੋਰ ਕੁਝ ਵੇਖਣ ਦੀ ਕੋਈ ਇੱਛਾ ਨਹੀਂ। ਉਹ ਜ਼ਖ਼ਮ ਜਿਸਨੂੰ ਡਾਕਟਰ ਡਿਊਟ ਨਾਲ ਧੋਤੀ ਉਂਗਲੀ ਲਾਉਣ ਤੋਂ ਡਰਦਾ ਏ, ਉਹ ਜ਼ਖ਼ਮ ਇਕ ਚਿੱਕੜ ਭਰੇ ਫੌਜੀ ਠੁੱਡੇ ਨੇ ਉਧੇੜ ਛੱਡੇ। ਫਿਰ ਵੀ ਮੇਰੀਆਂ ਦੋਵੇਂ ਅੱਖਾਂ ਦੁਨੀਆਂ ਨੂੰ ਵੇਖ ਰਹੀਆਂ ਨੇ। ਮੈਂ ਡਾਕਟਰ ਨਹੀਂ ਰਿਹਾ। ਨਿਰਾ ਰੋਟੀ ਖਾਣ ਵਾਲਾ ਜਨੌਰ ਰਹਿ ਗਿਆ ਵਾਂ।

ਇਸ ਜਨੌਰ ਦੇ ਕਈ ਬੱਚੇ ਵੀ ਨੇ, ਕਿਸੇ ਸਿਆਣੇ ਨੇ ਮੈਨੂੰ ਸਲਾਹ ਦਿੱਤੀ ਏ ਕਿ ਮੈਂ ਆਪਣੇ ਕਲੀਨਿਕ ਨੂੰ ਬੂਟ ਬਨਾਵਣ ਵਾਲੀ ਫੈਕਟਰੀ ਵਿਚ ਬਦਲ ਦੇਵਾਂ, ਚੰਗੀ ਚੱਲੇਗੀ। ਪਰ ਇੱਕ ਮੁਸ਼ਕਿਲ ਮੇਰਾ ਪੁੱਤਰ ਹੈ। ਉਹ ਸਰਜਨ ਬਣਕੇ ਮੇਰੇ ਉਪਰੇਸ਼ਨ ਥਿਏਟਰ ਦਾ ਵਾਰਿਸ ਬਣਨ ਦਾ ਖਾਬ ਵੇਖ ਰਿਹਾ ਏ। ਉਹਦੇ ਖਾਬ ਬਦਲਾਉਣੇ ਪੈਣਗੇ। ਸਗੋਂ ਪੂਰਾ ਕੈਰੀਅਰ ਈ ਹੋਰ ਦਾ ਹੋਰ। ਸੋਚਦਾ ਹਾਂ ਇਸ ਤੋਂ ਪਹਿਲਾਂ ਕਿ ਉਹਨੂੰ ਕੋਈ ਡਾਕਟਰ ਲਾਲਾ ਮਿਲ ਪਵੇ, ਉਹਦੇ ਪੈਰੀਂ ਕਾਲੇ ਚਮੜੇ ਦੇ ਬੂਟਾਂ ਦਾ ਜੋੜਾ ਫਿੱਟ ਕਰਾ ਕੇ ਲੈਫਟ ਰਾਈਟ ਦੀ ਟਰੇਨਿੰਗ ਉੱਤੇ ਭੇਜ ਦੇਵਾਂ। ਚੰਗਾ ਰਹੇਗਾ। ਇਸ ਤਰ੍ਹਾਂ ਉਹ ਇਕ ਗਲੀ ਅੰਦਰ ਕਲੀਨਿਕ ਦੀ ਥਾਂ, ਪੂਰੀ ਰਾਜਧਾਨੀ ਦਾ ਵਾਰਿਸ ਵੀ ਬਣ ਸਕਦਾ ਏ।

**ਲਿੱਪੀ ਪਰਿਵਰਤਨ – ਹਰਭਜਨ ਸਿੰਘ ਹੁੰਦਲ**

# ਕੈਨੇਡੀਅਨ ਹਰਿੰਦਰ ਸਰਾਂ ਦੇ ਕਤਲ ਤੋਂ ਪ੍ਰਵਾਸੀ ਪੰਜਾਬ 'ਚ ਭੈਅਭੀਤ

**ਮੋਗਾ–** ਬੀਤੀ 14 ਅਪ੍ਰੈਲ ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਕਾਲੀਏਵਾਲਾ ਵਿਖੇ ਜ਼ਮੀਨੀ ਵਿਵਾਦ ਕਾਰਨ ਪ੍ਰਵਾਸੀ ਪੰਜਾਬੀ ਕੈਨੇਡੀਅਨ ਹਰਿੰਦਰ ਸਿੰਘ ਸਰਾਂ ਨੂੰ ਦਿਨ ਦਿਹਾੜੇ ਕਤਲ ਕੀਤੇ ਜਾਣ ਦੇ ਮਾਮਲੇ ਨੂੰ ਲੈ ਕੇ ਜਿਥੇ ਦੁਨੀਆ ਦੇ ਹਰ ਕੋਨੇ 'ਚ ਵਸੇ ਪ੍ਰਵਾਸੀ ਪੰਜਾਬੀਆਂ ਵਿਚ ਸਹਿਮ ਪਾਇਆ ਜਾ ਰਿਹਾ ਹੈ ਉਥੇ ਪੰਜਾਬ 'ਚ ਪ੍ਰਵਾਸੀ ਪੰਜਾਬੀਆਂ ਦੀ ਸੁਰੱਖਿਆ ਅਤੇ ਇਨਸਾਫ਼ ਨੂੰ ਲੈ ਕੇ ਕਈ ਸਵਾਲ ਉਠ ਰਹੇ ਹਨ।

ਸਮੁੱਚੇ ਪ੍ਰਵਾਸੀ ਭਾਈਚਾਰੇ ਵਿਚ ਸਹਿਮ ਅਤੇ ਗੁੱਸੇ ਦੀ ਲਹਿਰ ਦੇ ਨਾਲ-ਨਾਲ ਐਨ. ਆਰ. ਆਈ. ਪੁਲਿਸ ਅਤੇ ਪੰਜਾਬ ਸਰਕਾਰ ਦੀ ਅਲੋਚਨਾ ਵੀ ਹੋ ਰਹੀ ਹੈ । ਪਿੰਡ ਕਾਲੀਏ ਵਾਲਾ ਵਿਖੇ ਜ਼ਮੀਨੀ ਵਿਵਾਦ ਦੇ ਮਾਮਲੇ ਨੂੰ ਲੈ ਕੇ ਜਿਥੇ ਐਨ. ਆਰ. ਆਈ. ਪੁਲਿਸ ਤੋਂ ਇਨਸਾਫ ਲਈ ਭਟਕਦਾ ਰਿਹਾ ਉਥੇ ਉਸ ਨੇ ਆਪਣੀ ਜਾਨ ਨੂੰ ਖਤਰਾ ਸਮਝ ਕੇ ਸਥਾਨਕ ਪੁਲਿਸ ਨੂੰ ਸੂਚਿਤ ਕਰਨ ਦੇ ਨਾਲ-ਨਾਲ ਸੁਰੱਖਿਆ ਦੀ ਮੰਗ ਵੀ ਕੀਤੀ ਸੀ ਪਰ ਪੁਲਿਸ ਨੇ ਕੈਨੇਡੀਅਨ ਪ੍ਰਵਾਸੀ ਹਰਿੰਦਰ ਸਿੰਘ ਸਰਾਂ ਦੀ ਮੰਗ ਨੂੰ ਗੰਭੀਰਤਾ ਨਾਲ ਨਾ ਲੈਣ ਕਾਰਨ ਉਹ ਇਨਸਾਫ ਲਈ ਭਟਕਦਾ ਹੋਇਆ ਮੌਤ ਦੇ ਮੂੰਹ ਜਾ ਪਿਆ । ਇਨ੍ਹਾਂ ਸਾਰੀਆਂ ਪ੍ਰਸਥਿਤੀਆਂ ਤੋਂ ਸਾਬਤ ਹੁੰਦਾ ਹੈ ਕਿ ਪੰਜਾਬ ਸਰਕਾਰ ਸੰਗਤ ਦਰਸ਼ਨਾ ਨੂੰ ਸਾਰਥਿਕ ਰੂਪ ਵਿਚ ਅਮਲੀ ਜਾਮਾ ਪਹਿਨਾਉਣ ਵਿਚ ਨਾਕਾਮਯਾਬ ਰਹੀ ਹੈ ਅਤੇ ਅੱਜ ਵੀ ਪ੍ਰਵਾਸੀ ਪੰਜਾਬੀ ਜਿਥੇ ਸਰਕਾਰੀ ਤੰਤਰ, ਦਫਤਰਾਂ ਦੇ ਬਾਬੂਆਂ, ਸਿਆਸੀ ਆਗੂਆਂ, ਖਾਕੀ ਵਰਦੀ ਅਤੇ ਕਚਿਹਰੀਆਂ 'ਚ ਲੁੱਟ-ਖਸੁੱਟ ਦਾ ਸ਼ਿਕਾਰ ਹੋ ਰਹੇ ਹਨ ਉਥੇ ਉਹ ਪੰਜਾਬ ਵਿਚ ਆਪਣੇ ਆਪ ਨੂੰ ਅਸੁਰੱਖਿਅਤ ਵੀ ਮਹਿਸੂਸ ਕਰਨ ਲੱਗੇ ਪਏ ਹਨ ।

# ਸ੍ਰੀ ਹਰਿਮੰਦਰ 'ਚ ਇਤਿਹਾਸਕ ਬੁੰਗਿਆਂ ਨੇੜਲੀ ਟੈਂਕੀ ਢਾਹੀ

**ਅੰਮ੍ਰਿਤਸਰ –** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦ੍ਰਿਸ਼ਟੀ 'ਚ ਵਿਘਨ ਪਾਉਂਦੀ ਖੇਤਰ ਨੇੜਲੀ ਇਕ ਵੱਡੀ ਪਾਣੀ ਦੀ ਟੈਂਕੀ ਨੂੰ ਪ੍ਰਸ਼ਾਸਨ ਵੱਲੋਂ ਹਟਾਉਣ ਦੀ ਕਵਾਇਦ ਲਗਭਗ ਮੁਕੰਮਲ ਹੈ ਅਤੇ ਇਤਿਹਾਸਕ ਬੁੰਗਿਆਂ ਦੇ ਵਿਚਾਲੇ ਨਜ਼ਰ ਆਉਂਦੀ ਇਹ ਟੈਂਕੀ ਹੁਣ ਬੀਤੇ ਦੀ ਗੱਲ ਬਣ ਚੁੱਕੀ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਚੁਗਿਰਦੇ ਦੀ ਖ਼ੂਬਸੂਰਤੀ ਨੂੰ ਆਕਰਸ਼ਕ ਬਣਾਉਂਦੇ ਦੋਵਾਂ ਇਤਿਹਾਸਕ ਬੁੰਗਿਆਂ ਵਿਚਦੀ ਨਜ਼ਰ ਆਉਂਦੀ ਇਹ ਪਾਣੀ ਦੀ ਟੈਂਕੀ ਆਲੇ ਦੁਆਲੇ ਨੂੰ ਭੱਦੀ ਦਿੱਖ ਪ੍ਰਦਾਨ ਕਰਦੀ ਸੀ, ਜਿਸ ਨੂੰ ਹਟਾਉਣ ਲਈ ਮੁੱਖ ਮੰਤਰੀ ਵੱਲੋਂ ਵੀ ਨਿਰਦੇਸ਼ ਜਾਰੀ ਕੀਤੇ ਗਏ ਸਨ । ਸਾਕਾ ਨੀਲਾ ਤਾਰਾ ਦੌਰਾਨ ਇਥੇ ਮੌਜੂਦ ਪਾਣੀ ਦੀ ਪੁਰਾਣੀ ਟੈਂਕੀ ਦੇ ਢੱਠ ਜਾਣ ਮਗਰੋਂ 1992 'ਚ ਇਥੇ ਇਹ ਨਵੀਂ ਟੈਂਕੀ ਬਣਾ ਦਿੱਤੀ ਗਈ ਪਰ ਇਸ 'ਚ ਕਦੇ ਵੀ ਪਾਣੀ ਨਹੀਂ ਭਰਿਆ ਗਿਆ। ਗਲਿਆਰਾ ਯੋਜਨਾ ਤਹਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇੜਲੀਆਂ ਸਮੂਹ ਉੱਚੀਆਂ ਇਮਾਰਤਾਂ ਹਟਾ ਦੇਣ ਉਪਰੰਤ ਆਲਾ ਦੁਆਲਾ ਤਾਂ ਸਾਫ਼ ਹੋ ਗਿਆ ਪਰ ਇਹ ਟੈਂਕੀ ਦਾਗ ਵਜੋਂ ਨਜ਼ਰ ਆਉਣ ਲੱਗੀ। 2011 'ਚ ਤੱਤਕਾਲੀ ਡਿਪਟੀ ਕਮਿਸ਼ਨਰ ਸ: ਕਾਹਨ ਸਿੰਘ ਪੰਨੂ ਵੱਲੋਂ ਵੀ ਇਸ ਨੂੰ ਹਟਾਉਣ ਦੇ ਉਪਰਾਲੇ ਕੀਤੇ ਗਏ ਪਰ ਗੱਲ ਅੱਧ ਵਿਚਾਲੇ ਰਹਿ ਗਈ, ਉਪਰੰਤ ਤੱਤਕਾਲੀ ਕੇਂਦਰੀ ਮੰਤਰੀ ਮਨੋਹਰ ਸਿੰਘ ਗਿੱਲ ਨੇ ਇਸ ਟੈਂਕੀ ਨੂੰ 'ਦ੍ਰਿਸ਼ਟੀ ਪ੍ਰਦੂਸ਼ਣ' ਦੱਸਦਿਆਂ ਇਸ ਨੂੰ ਹਟਾਉਣ ਦੀ ਮੁੜ ਗੱਲ ਸ਼ੁਰੂ ਕੀਤੀ। ਜਿਸ ਮਗਰੋਂ ਪ੍ਰਕਾਸ਼ ਸਿੰਘ ਬਾਦਲ ਨੇ ਵੀ ਸਥਿਤੀ ਨੂੰ ਘੋਖਿਆ ਅਤੇ ਇਸ ਟੈਂਕੀ ਨੂੰ ਹਟਾਉਣ ਦੀ ਕਾਰਵਾਈ ਆਰੰਭ ਹੋਈ । ਇਹ ਟੈਂਕੀ ਸਰਾਵਾਂ ਅਤੇ ਲੰਗਰ ਹਾਲ ਦੇ ਮੁੱਖ ਰਾਹ ਨੂੰ ਵੀ ਪ੍ਰਭਾਵਿਤ ਕਰਦੀ ਸੀ ਅਤੇ ਸ਼੍ਰੋਮਣੀ ਕਮੇਟੀ ਨੇ ਵੀ ਇਸ ਨੂੰ ਹਟਾਉਣ ਦੀ ਅਪੀਲ ਕੀਤੀ ਸੀ ।

# ਬਾਬਾ ਸਾਹਿਬ ਦੇ ਪੋਤੇ ਭੀਮ ਰਾਉ ਜੀ ਦੀ, ਪੰਜਾਬ ਫੇਰੀ



ਹਰਬੰਸ ਵਿਰਦੀ, ਲੰਡਨ
(ਹਾਲ ਫਗਵਾੜਾ)

ਵਿਸ਼ਵ ਰਤਨ ਬਾਬਾ ਸਾਹਿਬ ਡਾ: ਅੰਬੇਡਕਰ ਜੀ ਦੇ ਪ੍ਰੀਵਾਰ ਨਾਲ ਮੇਰਾ 1982 ਤੋਂ ਸੰਪਰਕ ਹੈ, ਜਦੋਂ ਮੈ ਪਹਿਲੀ ਵਾਰ ਆਪਣੀ ਪਤਨੀ ਸੁਮਿੱਤਰਾ ਅਤੇ ਬੇਟੇ ਰਾਕੇਸ਼ ਨਾਲ ਬੰਬਈ ਗਿਆ ਸੀ । ਬਾਬਾ ਸਾਹਿਬ ਦੀ ਬੇਟੀ ਇੰਦੂ ਅੰਬੇਡਕਰ ਇੱਕ ਦੋ ਮਹੀਨੇ ਦੀ ਹੋਕੇ ਪੂਰੀ ਹੋ ਗਈ ਫਿਰ ਰਾਮੇਸ਼ ਅੰਬੇਡਕਰ ਉਹ ਵੀ ਬਹੁਤ ਛੋਟੀ ਅਵਸਥਾ ਵਿੱਚ ਹੀ ਚੱਲ ਵਸਿਆ, ਗੰਗਾਧਰ, ਜਦੋਂ ਬਾਬਾ ਸਾਹਿਬ ਲੰਡਨ ਸਕੂਲ ਆਫ ਇਕਨੌਮਿਕ ਵਿੱਚ ਪੜ੍ਹਦੇ ਸਨ ਤਾਂ ਬੀਮਾਰ ਹੋ ਗਿਆ ਜਦੋਂ ਮਾਤੋਸ਼੍ਰੀ ਰਾਮਾਈ, ਗੰਗਾਧਰ ਨੂੰ ਡਾਕਟਰ ਕੋਲ ਲੈਕੇ ਗਏ ਤਾਂ ਡਾ: ਨੇ ਗੰਗਾਧਰ ਨੂੰ ਉਦੋਂ ਤੱਕ ਦੇਖਣ ਤੋਂ ਇਨਕਾਰ ਕਰ ਦਿੱਤਾ ਜਦੋਂ ਤੱਕ ਪਹਿਲੇ ਪੈਸੇ ਨਹੀਂ ਦਿੱਤੇ ਜਾਂਦੇ। ਗੰਗਾਧਰ ਨੇ ਉਸ ਡਾ: ਦੀ ਕਲੀਨਿਕ ਵਿੱਚ ਹੀ ਦਮ ਤੋੜ ਦਿੱਤਾ, ਰਾਜ ਰਤਨ ਜੋ ਕਿ ਬਾਬਾਸਾਹਿਬ ਦੀ ਤਰ੍ਹਾਂ ਬਹੁਤ ਹੀ ਗੋਰਾ ਚਿੱਟਾ ਅਤੇ ਸੁਨੱਖਾ ਸੀ, ਮਾਸਟਰ ਮਾਨ ਸਿੰਘ ਜੋ ਕਿ 2006 ਵਿੱਚ ਨਾਗਪੁਰ ਵਿਖੇ ਮੇਰੇ ਨਾਲ ਸਟੇਜ ਤੇ ਸੁਸੋਭਿਤ ਸਨ, ਬੋਲਦਿਆਂ ਕਿਹਾ ਸੀ ਕਿ “ਉਸ ਸਮੇਂ ਮੈਂ 17-18 ਸਾਲ ਦਾ ਨੌਜਵਾਨ ਸੀ, ਜਦੋਂ ਰਾਜ ਰਤਨ ਦਾ ਆਖਰੀ ਸੰਸਕਾਰ ਕੀਤਾ ਤਾਂ ਮੈਂ ਉੱਥੇ ਸੀ, ਬਾਬਾ ਸਾਹਿਬ ਨੇ ਮਾਤੋਸ਼੍ਰੀ ਰਾਮਾਈ ਜੀ ਦੀ ਸਾੜ੍ਹੀ ਦਾ ਪੱਲੂ ਪਾੜਕੇ ਕਫਨ ਲਈ ਵਰਤਿਆ”

ਹਕੀਮ ਜੀ ਟੀ ਰੋਡ ਉੱਤੇ ਜੋ ਬਾਬਾ ਸਾਹਿਬ ਦਾ ਬਹੁਤ ਹੀ ਵਧੀਆ ਸੁਨਿਹਰੀ ਰੰਗ ਦਾ ਸਟੈਚੂ ਲਗਾਇਆ ਗਿਆ ਹੈ ਅਤੇ ਗੁਰੂ ਰਵਿਦਾਸ ਜੀ ਦਾ ਪੁਰਾਣਾ ਗੁਰਦੁਆਰਾ ਦਿਖਾਇਆ ਜਿਸ ਵਿੱਚ 1951 ਨੂੰ ਸੈਂਕੜੇ ਲੋਕਾਂ ਨੇ ਬੁੱਧ ਧੰਮ ਦੀ ਦੀਕਸ਼ਾ ਲਈ ਸੀ । ਇਸ ਤੋਂ ਬਾਦ ਸ਼੍ਰੀ ਹਰਗੋਬਿੰਦ ਨਗਰ, ਫਗਵਾੜਾ ਦੀ ਅੰਬੇਡਕਰ ਪਾਰਕ ਦਿਖਾਉਣ ਗਏ ਜਿੱਥੇ ਇੱਕ ਪਾਸੇ ਬਾਬਾ ਸਾਹਿਬ ਦੂਜੇ ਪਾਸੇ ਮਹਾਤਮਾ ਜਿਓਤੀ ਰਾਓ ਫੂਲੇ ਅਤੇ ਵਿਚਕਾਰ 25-26 ਫੁੱਟ ਉੱਚਾ ਭਗਵਾਨ ਬੁੱਧ ਦਾ ਸਟੈਚੂ ਹੈ। ਅੰਬੇਡਕਰ ਸੈਨਾ ਮੂਲਨਿਵਾਸੀ ਦੇ ਪ੍ਰਧਾਨ ਹਰਭਜਨ ਸੁੰਮਨ ਜੀ ਆਪਣੇ ਸੈਂਕੜੇ ਸਾਥੀਆਂ ਨਾਲ ਸਾਡਾ ਇੰਤਜ਼ਾਰ ਕਰ ਰਹੇ ਸਨ, ਬਾਬਾ ਸਾਹਿਬ ਦੇ ਸਟੈਚੂ ਨੂੰ ਹਾਰ ਪਹਿਨਾਉਣ ਤੋਂ ਬਾਦ ਅਸੀਂ ਹਦੀਆਬਾਦ ਪਾਰਕ ਵਿੱਚ ਗਏ, ਇਹ ਪਾਰਕ ਹਦੀਆਬਾਦ ਦੇ ਉੱਘੇ ਅੰਬੇਡਕਰੀ ਹਰਮੇਸ਼ ਕੌਲ ਅਤੇ ਉਨ੍ਹਾਂ ਦੀ ਟੀਮ ਦੇ ਸੰਘਰਸ਼ ਨਾਲ ਬਣਾਈ ਗਈ ਹੈ ਜਿੱਥੇ ਬਾਬਾ ਸਾਹਿਬ ਜੀ ਅਤੇ ਕਾਂਸ਼ੀ ਰਾਮ ਦੇ ਧਰਤੀ ਤੋਂ 5 ਫੁੱਟ ਉੱਚੇ ਪਲਿੰਥ ਉੱਤੇ 15 ਫੁੱਟ ਉੱਚੇ ਸਟੈਚੂ ਹਨ । ਇਨ੍ਹਾਂ ਸਟੈਚੂਆਂ ਉੱਤੇ ਸ਼ਾਨ ਨੂੰ ਵਧਾਉਣ ਲਈ ਬਣਾਈ ਹੋਈ ਛਤਰੀ ਨੂੰ ਮਿਲਾਕੇ ਧਰਤੀ ਤੋਂ 30-35 ਫੁੱਟ ਉਚਾਈ ਬਣ ਜਾਂਦੀ ਹੈ, ਬਾਬਾ ਸਾਹਿਬ ਦੇ ਸਟੈਚੂ ਨੂੰ ਫੁੱਲਾਂ

ਭਵਨ ਪਹੁੰਚੇ, ਜਿੱਥੇ ਫੂਲੇ ਅੰਬੇਡਕਰ ਐਜੂਕੇਸ਼ਨ ਫੌਰਮ ਪੰਜਾਬ ਜਿਨ੍ਹਾਂ ਦਾ ਮਕਸਦ “ਸਿੱਖਿਆ ਫੈਲਾਓ, ਨਸ਼ੇ ਭਜਾਓ ਅਤੇ ਸਮਾਜ ਬਚਾਓ” ਇਨ੍ਹਾਂ ਦੇ ਪ੍ਰੋਗਰਾਮ ਤੇ ਪਹੁੰਚੇ । ਅੰਬੇਡਕਰ ਹਾਲ ਤੋਂ ਬਾਹਰ ਆਕੇ ਗੇਟ ਤੇ ਇਸ ਸੰਸਥਾ ਦੇ ਮੈਂਬਰਾਂ ਨੇ ਭੀਮ ਰਾਓ ਜੀ ਦਾ ਬਹੁਤ ਹੀ ਨਿੱਘਾ ਸਵਾਗਤ ਕੀਤਾ । ਭੀਮ ਰਾਓ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਖੁਸ਼ੀ ਜਿਤਾਈ ਕਿ ਪੰਜਾਬ ਦੇ ਲੋਕ ਕਿਤਨੀ ਸ਼ਰਧਾ ਅਤੇ ਆਦਰ ਨਾਲ ਬਾਬਾ ਸਾਹਿਬ ਦਾ ਜਨਮ ਦਿਵਸ ਮਨਾ ਰਹੇ ਹਨ । ਮੈਨੂੰ ਵੀ ਬੋਲਣ ਲਈ ਸਮਾਂ ਦਿੱਤਾ ਗਿਆ । ਇਸ ਫੰਕਸ਼ਨ ਵਿੱਚ “ਪ੍ਰਗਤੀ ਕਲਾ ਕੇਂਦਰ ਲਾਂਦੜਾ” ਨੇ ਬਾਬਾਸਾਹਿਬ ਦੇ ਜੀਵਨ ਉੱਤੇ ਬਹੁਤ ਹੀ ਵਧੀਆ ਤਰੀਕੇ ਨਾਲ ਨਾਟਕ ਪੇਸ਼ ਕੀਤੇ । ਤਕਸ਼ਸਿਲਾ ਮਹਾ ਵਿਹਾਰ, ਜੀ ਟੀ ਰੋਡ,ਲੁਧਿਆਣਾ ਵਿੱਚ ਖਾਸ ਮਹਿਮਾਨ ਦੇ ਤੌਰ ਤੇ ਭੀਮ ਰਾਓ ਜੀ ਆਏ ਸਨ ਫਗਵਾੜੇ ਤੋਂ ਲੁਧਿਆਣੇ ਜਾਂਦੇ ਸਮੇ ਗੁਰਾਇਆ ਅਤੇ ਫਿਲੌਰ ਵਿਚਕਾਰ ਬਿਲਕੁਲ ਜੀ ਟੀ ਰੋਡ ਤੇ ਇੱਕ ਵਿਸ਼ਾਲ ਜ਼ਮੀਨ ਖਰੀਦੀ ਗਈ ਹੈ ਜਿਸ ਵਿੱਚ ਬਹੁਤ ਹੀ ਜਲਦੀ ਗਰੀਬ ਬੱਚਿਆਂ ਦੇ ਪੜ੍ਹਨ ਲਈ ਸਕੂਲ ਅਤੇ ਬੁੱਧ ਵਿਹਾਰ ਦੀ ਉਸਾਰੀ ਕੀਤੀ ਜਾਵੇਗੀ, ਇਸ ਨੂੰ ਦਿਖਾਉਣ ਲਈ ਅਸੀਂ 5-10 ਮਿੰਟ ਠਹਿਰੇ ।

ਭੀਮ ਰਾਓ ਨੂੰ ਤੁਰੰਤ ਹੀ ਬੋਲਣ ਦਾ ਸਮਾਂ ਦੇ ਦਿੱਤਾ ਉਨ੍ਹਾਂ ਨੇ ਕਿਹਾ ਕਿ ਮੈਂ ਕਦੀ ਸੋਚਿਆ ਵੀ ਨਹੀਂ ਸੀ ਕਿ ਪੰਜਾਬ ਵਿੱਚ ਇਤਨੀ ਬੜੀ ਸੰਖਿਆ ਬਾਬਾ ਸਾਹਿਬ ਦੇ ਜਨਮ ਦਿਨ ਤੇ ਲੋਕ ਇਕੱਠੇ ਹੋ ਸਕਦੇ ਹਨ ! ਆਪਾਂ ਸਾ-ਰਆਂ ਨੂੰ ਬਾਬਾ ਸਾਹਿਬ ਦੁਆਰਾ ਦਿੱਤੇ ਹੋਏ ਧੰਮ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਆਪਣੀ ਪੂਰੀ ਤਾਕਤ ਲਗਾਉਣੀ ਚਾਹੀਦੀ ਹੈ। ਇਹ ਪ੍ਰੋਗਰਾਮ ਖ਼ਤਮ ਹੋਣ ਤੋਂ ਬਾਦ ਅਸੀਂ ਖੰਨੇ ਲਈ ਰਵਾਨਾ ਹੋ ਗਏ, ਜਿੱਥੇ ਜਰਮਨੀ ਤੋਂ ਬਹੁਤ ਹੀ ਪੁਰਾਣੇ ਅੰਬੇਡਕਰੀ ਸੋਹਣ ਲਾਲ ਸਾਂਪਲਾ ਜੀ ਨੇ ਜਸਵੰਤ ਸਿੰਘ ਮਿੱਤਰ ਦੇ ਸਹਿਯੋਗ ਨਾਲ





ਬਾਬਾ ਸਾਹਿਬ ਦੇ ਇਕਲੌਤੇ ਬੇਟੇ ਜਸ਼ਵੰਤ ਰਾਓ ਜੀ ਹੀ ਸਨ ਜਿਨ੍ਹਾਂ ਦਾ ਸਭ ਤੋਂ ਬੜਾ ਬੇਟਾ ਪ੍ਰਕਾਸ਼ ਅੰਬੇਡਕਰ, ਬੇਟੀ ਰਮਾਮਾਈ ਅੰਬੇਡਕਰ, ਭੀਮ ਰਾਓ ਅੰਬੇਡਕਰ ਅਤੇ ਸਭ ਤੋਂ ਛੋਟੇ ਆਨੰਦ ਰਾਓ ਅੰਬੇਡਕਰ ਹਨ । ਬਾਬਾਸਾਹਿਬ ਦਾ ਸਭ ਤੋਂ ਬੜਾ ਪੋਤਾ ਪ੍ਰਕਾਸ਼ ਮੇਰੇ ਨਾਲੋਂ ਦੋ ਤਿੰਨ ਸਾਲ ਛੋਟਾ ਹੈ ।

ਪ੍ਰਕਾਸ਼ ਅਤੇ ਅਨੰਦ ਰਾਓ ਤਾਂ ਬਾਬਾ ਸਾਹਿਬ ਦਾ ਮਿਸ਼ਨ ਅਤੇ ਬੁੱਧ ਧੰਮ ਪ੍ਰਤੀ ਸਾਰੇ ਭਾਰਤ ਘੁੰਮਦੇ ਰਹਿੰਦੇ ਹਨ ਪਰ ਗਭਲੇ ਪੋਤੇ ਭੀਮ ਰਾਓ ਅੰਬੇਡਕਰ ਘਰੇਲੂ ਕੰਮ ਅਤੇ ਬਾਬਾ ਸਾਹਿਬ ਦੁਆਰਾ ਸ਼ੁਰੂ ਕੀਤੀ ਗਈ ਜੰਤਾ ਪ੍ਰੈਸ ਨੂੰ ਚਲਾਉਂਦੇ ਹਨ । ਜਦੋਂ ਵੀ ਮੈਂ ਰਾਜਗ੍ਰਹਿ ਜਾਂਦਾ ਹਾਂ ਤਾਂ ਭੀਮ ਰਾਓ ਹਮੇਸ਼ਾਂ ਮੇਰਾ ਬਹੁਤ ਹੀ ਮਾਣ ਸਨਮਾਨ ਕਰਦੇ ਹਨ । ਮੈਂ ਸੋਚਿਆ ਕਿ ਇਨ੍ਹਾਂ ਨੂੰ ਪੰਜਾਬ ਦਿਖਾਇਆ ਜਾਵੇ ਅਤੇ ਇੱਕ ਕੰਮ ਦੋ ਕਾਜ ਹੋ ਜਾਣਗੇ, 14 ਅਪ੍ਰੈਲ 2015 ਨੂੰ ਬਾਬਾ ਸਾਹਿਬ ਦੇ ਜਨਮ ਦਿਨ੍ਹਾਂ ਤੇ ਖਾਸ ਮਹਿਮਾਨੀ ਕਰ ਸਕਣਗੇ ਅਤੇ ਪੰਜਾਬ ਵੀ ਦੇਖ ਲੈਣਗੇ । ਮੈਂ ਅਤੇ ਬੁਧਿੱਸਟ ਨੌਜਵਾਨ ਸੁਖਵਿੰਦਰ ਚੀਮਾ (ਸੁੱਖਾ) ਜੋ ਕਿ ਸਾਉਦੀ ਅਰਬ ਤੋਂ ਆਏ ਹੋਏ ਸਨ 13 ਅਪ੍ਰੈਲ ਦੁਪਿਹਰ ਬਾਦ ਅਸੀਂ ਚੰਡੀਗੜ੍ਹ ਤੋਂ ਭੀਮ ਰਾਓ ਨੂੰ ਲੈਣ ਲਈ ਪਹੁੰਚ ਗਏ । ਚੰਡੀਗੜ੍ਹ ਬੱਸ ਅੱਡੇ ਤੇ ਸਾਨੂੰ ਬਹੁਜਨ ਨਿਊਜ਼ ਚੈਨਲ ਦੇ ਐਮ ਡੀ ਜੇਮਜ਼ ਰੌਇਲ ਨੇ ਲਿਆਉਣ ਲਈ ਕਾਰ ਭੇਜੀ ਹੋਈ ਸੀ । ਅਸੀਂ ਸਿੱਧੇ ਇਸ ਚੈਨਲ ਦੇ ਮੇਨ ਦਫਤਰ ਪਿੰਜੌਰ ਚਲੇ ਗਏ । ਸ਼ਾਮ ਛੇ ਵਜੇ ਚੰਡੀਗੜ੍ਹ ਹਵਾਈ ਅੱਡੇ ਤੇ ਪਹੁੰਚਣ ਦਾ ਸਮਾਂ ਸੀ, ਭੀਮ ਰਾਓ ਨੂੰ ਚੈਨਲ ਦਾ ਮੇਨ ਦਫਤਰ ਦਿਖਾਉਣ ਤੋਂ ਬਾਦ ਅਸੀਂ ਬਹੁਜਨ ਨਿਉਜ਼ ਚੈਨਲ ਦੀ ਕਾਰ ਵਿੱਚ ਫਗਵਾੜੇ ਪਹੁੰਚ ਗਏ, ਜਿੱਥੇ ਉਹ ਰਾਤ ਮੇਰੇ ਘਰ ਸਤਨਾਮਪੁਰਾ ਵਿੱਚ ਰਹੇ ।

14 ਅਪ੍ਰੈਲ ਸਵੇਰੇ ਨਾਸ਼ਤਾ ਕਰਨ ਤੋਂ ਬਾਦ ਮੈਂ, ਮੇਰੀ ਪਤਨੀ ਸੁਮਿੱਤਰਾ, ਜੇਮਜ਼ ਰੌਇਲ ਉਨ੍ਹਾਂ ਦੇ ਸਪੁੱਤਰ ਸਨੀ, ਸੁਖਵਿੰਦਰ ਚੀਮਾ ਅਤੇ ਤਿੰਨ ਚਾਰ ਸਾਥੀਆ ਨਾਲ ਉਨ੍ਹਾਂ ਨੂੰ ਚੱਕ



ਦੇ ਹਾਰ ਪਹਿਨਾਏ ਗਏ। ਬੜੀ ਹੀ ਖੁਸ਼ੀ ਹੋਈ ਕਿ ਵੁਲਵਰ ਹੈਂਮਟਨ, ਯੂ ਕੇ ਤੋਂ ਮਰਹੂਮ ਰਾਮ ਪ੍ਰਕਾਸ਼ ਰੱਤੂ ਜੀ ਦੀ ਧੰਮ ਪਤਨੀ ਭੈਣ ਮਹਿੰਦਰੋ ਜੀ ਨੇ ਇੱਕ ਬਹੁਤ ਹੀ ਵਧੀਆ ਅਤੇ ਵਜ਼ਨਦਾਰ 7-8 ਫੁੱਟ ਉੱਚਾ ਭਗਵਾਨ ਬੁੱਧ ਦਾ ਸਟੈਚੂ ਇਸ ਹਦੀਆਬਾਦ ਦੀ ਪਾਰਕ ਵਿੱਚ ਲਗਾਉਣ ਲਈ ਦਾਨ ਕੀਤਾ ਹੈ, ਭਗਵਾਨ ਬੁੱਧ ਦੇ ਇਸ ਸਟੈਚੂ ਨੂੰ ਵੀ ਸ਼ਰਧਾ ਦੇ ਫੁੱਲ ਚੜ੍ਹਾਉਣ ਤੋਂ ਬਾਦ ਅਸੀਂ ਅਰਬਨ ਸਟੇਟ, ਫਗਵਾੜੇ ਵਿੱਚ ਅੰਬੇਡਕਰ

ਤਕਸ਼ਸਿਲਾ ਮਹਾ ਵਿਹਾਰ ਵਿੱਚ ਪਹੁੰਚਣ ਦਾ ਜੋ ਮੈਂ ਸਮਾਂ ਦਿੱਤਾ ਸੀ ਉਸ ਮੁਤਾਬਕ ਅਸੀਂ ਕਾਫੀ ਲੇਟ ਸੀ, ਮੈਂ ਹੈਰਾਨ ਹੋ ਗਿਆ ਕਿ ਬੇਸ਼ੁਮਾਰ ਲੋਕ ਬਾਬਾਸਹਿਬ ਦੇ ਇਸ ਚਿਰਾਗ ਨੂੰ ਦੇਖਣ ਲਈ ਬੇਚੈਨ ਸਨ, ਅੰਦਰ ਦਾਖਿਲ ਹੋਣ ਤੋਂ ਪਹਿਲਾਂ ਟੀ ਵੀ ਵਾਲਿਆਂ ਨੇ ਘੇਰਾ ਪਾ ਲਿਆ, ਇਨ੍ਹਾਂ ਨਾਲ ਗੱਲ ਬਾਤ ਕਰਨੀ ਵੀ ਜਰੂਰੀ ਸੀ । ਬੜੇ ਹਾਲ ਅੰਦਰ ਦਾਖਿਲ ਹੁੰਦਿਆਂ ਹੀ ਫੋਟੋ ਖਿੱਚਣ ਵਾਲਿਆਂ ਦੀ ਬੜੀ ਭੀੜ ਹੋ ਗਈ ।

ਅੰਬੇਡਕਰ ਜਿਅੰਤੀ ਦਾ ਪ੍ਰੋਗਰਾਮ ਰੱਖਿਆ ਸੀ । ਇੱਥੇ ਵੀ ਭੀਮ ਰਾਓ ਜੀ ਦਾ ਬਹੁਤ ਹੀ ਸਨਮਾਨ ਕੀਤਾ ਗਿਆ ਸਭ ਤੋਂ ਪਹਿਲਾਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਅਤੇ ਬਾਦ ਵਿੱਚ ਇੱਥੇ ਭੀਮ ਰਾਓ ਨੇ ਬੋਲਦਿਆਂ ਕਿਹਾ ਕਿ ਬਾਬਾ ਸਾਹਿਬ ਦੇ ਸਾਡੇ ਉੱਤੇ ਬਹੁਤ ਸਾਰੇ ਉਪਕਾਰ ਹਨ, ਸਭ ਤੋਂ ਵੱਡਾ ਉਪਕਾਰ ਸਾਨੂੰ ਸਾਡੇ ਬਜ਼ੁਰਗਾਂ ਦੇ ਬੁੱਧ ਧੰਮ ਵਿੱਚ ਸ਼ਾਮਲ ਕਰਨ ਦਾ ਹੈ । ਸਾਨੂੰ ਇਸ ਧੰਮ ਨੂੰ ਬੜੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ । ਮਿੱਤਰ ਜੀ ਨੇ ਕਿਹਾ ਕਿ ਨਜ਼ਦੀਕ ਹੀ ਇੱਕ ਪਿੰਡ ਭੱਟੀਆ ਹੈ ਉਹ ਲੋਕ ਪਹਿਲੀ ਵਾਰ ਬਾਬਾ ਸਾਹਿਬ ਦਾ ਜਨਮ ਦਿਵਸ ਮਨਾ ਰਹੇ ਹਨ ਮੇਹਰਬਾਨੀ ਕਰਕੇ ਆਪ ਉੱਥੇ ਵੀ ਚੱਲੋ, ਹਾਲਾਂਕਿ ਭੀਮ ਰਾਓ ਜੀ ਕਾਫੀ ਥੱਕ ਚੁੱਕੇ ਸਨ ਪਰ ਫਿਰ ਵੀ ਉਨ੍ਹਾਂ ਦਾ ਹੌਸਲਾ ਦੇਖਕੇ ਫੋਰਨ ਕਹਿ ਦਿੱਤਾ ਕਿ ਚਲੋ ।

ਇਸ ਭੱਟੀਆਂ ਪਿੰਡ ਵਿੱਚ ਅਸੀਂ ਇੱਕ ਡੇਢ ਘੰਟਾ ਹੀ ਠਹਿਰੇ । ਜਾਲਾਂਧਾਰ, ਹੁਸ਼ਿਆਰਪੁਰ, ਵਿੱਚ ਆਪਣੇ ਲੋਕ ਜ਼ਿਆਦਾ ਕੇਸਧਾਰੀ ਸਿੱਖ ਨਹੀਂ ਹਨ ਪਰ ਖੰਨੇ ਅਤੇ ਭੱਟੀਆਂ ਵਿੱਚ ਮੈਂ ਹੈਰਾਨ ਹੋ ਗਿਆ ਕਿ ਆਪਣੇ ਲੋਕ ਜ਼ਿਆਦਾ ਮਾਤਰਾ ਵਿੱਚ ਕੇਸਧਾਰੀ ਸਿੱਖ ਸਨ ।

ਭੱਟੀਆਂ ਤੋਂ ਅਸੀਂ ਸਿੱਧੇ ਪਿੰਜੋਰ ਪਹੁੰਚੇ, ਜਿੱਥੇ ਮੈਂ ਅਤੇ ਭੀਮ ਰਾਓ ਜੀ ਪਿੰਜੌਰ ਵਿੱਚ ਜੰਗਲਾਤ ਮਹਿਕਮੇ ਦਾ ਦੇ ਗੈਸਟ ਹਾਊਸ ਵਿੱਚ ਰਾਤ ਠਹਿਰੇ । ਸਵੇਰ ਦਾ ਨਾਸ਼ਤਾ ਜੇਮਜ਼ ਰੌਇਲ ਦੇ ਘਰ ਕੀਤਾ ਬਾਦ ਵਿੱਚ ਬਹੁਜਨ ਨਿਊਜ਼ ਚੈਨਲ ਦੇ ਮੇਨ ਦਫਤਰ ਆਕੇ ਜੋ ਚੈਨਲ ਲਈ ਕੰਮ ਕਰਨ ਦੀ ਟਰੇਨਿੰਗ ਲੈ ਰਹੇ ਸਨ ਉਨ੍ਹਾਂ ਨਾਲ ਗੱਲ ਬਾਤ ਕੀਤੀ । ਦੁਪਹਿਰ ਥੋੜ੍ਹਾ ਸਮਾਂ ਆਰਾਮ ਕਰਨ ਤੋਂ ਬਾਦ ਭੀਮ ਰਾਓ ਨੂੰ ਅਸੀਂ ਪੰਜਾਬ ਤੋਂ ਆਏ ਹੋਏ ਗੁਰਮੀਤ ਸੰਧੂ ਜੀ ਦੀ ਕਾਰ ਵਿੱਚ ਚੰਡੀਗੜ੍ਹ ਹਵਾਈ ਅੱਡੇ ਉੱਤੇ ਅਲਵਿਦਾ ਕਿਹਾ । ਸੰਧੂ ਜੀ ਨੇ ਸਾਨੂੰ ਵੀ ਸਾਡੇ ਨਿਵਾਸ ਅਸਥਾਨ ਸਤਨਾਮਪੁਰਾ, ਫਗਵਾੜਾ ਪਹੁੰਚਾਇਆ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਤਿਕਾਰ ਕਮੇਟੀ ਦੀ ਮਾਨਤਾ ਰੱਦ ਕਰਾਏਗੀ

**ਅੰਮ੍ਰਿਤਸਰ-** ਸ਼੍ਰੋਮਣੀ ਕਮੇਟੀ ਸਤਿਕਾਰ ਕਮੇਟੀਆਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਦੇ ਰੌਂਅ ਵਿੱਚ ਹੈ ਤੇ ਇਨ੍ਹਾਂ ਦੀ ਮਾਨਤਾ ਰੱਦ ਕਰਨਾ ਚਾਹੁੰਦੀ ਹੈ। ਦੂਜੇ ਪਾਸੇ ਸਤਿਕਾਰ ਕਮੇਟੀ ਦੇ ਆਗੂਆਂ ਨੇ ਕਿਹਾ ਹੈ ਕਿ ਜਲਦੀ ਹੀ ਸਤਿਕਾਰ ਕਮੇਟੀਆਂ ਦੀ ਮੀਟਿੰਗ ਸੱਦ ਕੇ ਜ਼ਾਬਤਾ ਤਿਆਰ ਕੀਤਾ ਜਾਵੇਗਾ। ਵਰਨਣ ਯੋਗ ਹੈ ਕਿ ਸਤਿਕਾਰ ਕਮੇਟੀਆਂ ਦੇ ਆਗੂਆਂ ਵੱਲੋਂ ਕੁਝ ਪਾਠੀਆਂ ਦੀ ਕੁੱਟਮਾਰ ਦੀ ਹਰ ਖੇਤਰ ਵਿੱਚ ਨਿਖੇਧੀ ਹੋ ਰਹੀ ਹੈ। ਇਸ ਤੋਂ ਪਹਿਲਾਂ ਵੀ ਸਤਿਕਾਰ ਕਮੇਟੀਆਂ ਦੀਆਂ ਅਜਿਹੀਆਂ ਕਾਰਵਾਈਆਂ ਚਰਚਾ ਵਿੱਚ ਰਹੀਆਂ ਹਨ। ਸਤਿਕਾਰ ਕਮੇਟੀ ਦੇ ਕਾਰਕੁਨ ਸ਼੍ਰੋਮਣੀ ਕਮੇਟੀ ਖ਼ਿਲਾਫ਼ ਵੀ ਕਾਰਵਾਈ ਕਰ ਚੁੱਕੇ ਹਨ, ਜਿਸ ਦੌਰਾਨ ਦੋਵਾਂ ਧਿਰਾਂ ਵਿਚਾਲੇ ਹਿੰਸਕ ਝੜਪ ਵਾਪਰੀ ਸੀ। ਸਤਿਕਾਰ ਕਮੇਟੀਆਂ ਦਾ ਗਠਨ ਡੇਢ-ਦੋ ਦਹਾਕੇ ਪਹਿਲਾਂ ਉਸ ਵੇਲੇ ਹੋਇਆ ਸੀ, ਜਦੋਂ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਕੇ ਮੜ੍ਹੀਆਂ, ਮਸਾਣਾ, ਸਮਾਧਾਂ ਤੇ ਹੋਰ ਮਨਮਤ ਵਾਲੀਆਂ ਥਾਵਾਂ ਵਿਖੇ ਗੁਰੂ ਗ੍ਰੰਥ ਸਾਹਿਬ ਲਿਜਾ ਕੇ ਅਖੰਡ ਪਾਠ ਕਰਨ ਦੀ ਰੋਕ ਲਾਈ ਗਈ ਸੀ। ਇਸ ਹੁਕਮਨਾਮੇ ਨੂੰ ਲਾਗੂ ਕਰਨ ਲਈ ਕਈ ਥਾਈਂ ਇਹ ਸਤਿਕਾਰ ਕਮੇਟੀਆਂ ਬਣ ਗਈਆਂ। ਇਨ੍ਹਾਂ ਕਮੇਟੀਆਂ ਨੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੇ ਨਾਂ ਹੇਠ ਕਈ ਥਾਂ ਕਾਨੂੰਨ ਨੂੰ ਆਪਣੇ ਹੱਥ ਵਿੱਚ ਲਿਆ ਤੇ ਮਾਰਕੁੱਟ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਮੁਖੀ ਬਲਬੀਰ ਸਿੰਘ ਮੁੱਛਲ ਨੇ ਕਿਹਾ ਕਿ ਇਨ੍ਹਾਂ ਕਮੇਟੀਆਂ ਦਾ ਉਦੇਸ਼ ਗੁਰੂ ਗ੍ਰੰਥ ਸਾਹਿਬ ਦਾ ਮਾਣ ਸਤਿਕਾਰ ਕਾਇਮ ਰੱਖਣਾ ਹੈ। ਕਮੇਟੀ ਨੂੰ ਕਈ ਥਾਈਂ ਮਨਮਤੀਆਂ ਕੀਤੇ ਜਾਣ ਦੀ ਸ਼ਿਕਾਇਤ ਮਿਲੀ ਸੀ। ਇਸ ਨੂੰ ਰੋਕਣ ਲਈ ਕਮੇਟੀ ਨੇ ਕਾਰਵਾਈ ਕੀਤੀ ਸੀ। ਉਨ੍ਹਾਂ ਕਿਹਾ ਕਿ ਇਹ ਮੁੱਦਾ ਕਈ ਵਾਰ ਅਕਾਲ ਤਖ਼ਤ ਸਾਹਿਬ ਵਿਖੇ ਲਿਜਾਇਆ ਗਿਆ, ਪਰ ਕੋਈ ਕਾਰਵਾਈ ਨਹੀਂ ਹੋਈ ਤਾਂ ਮਜਬੂਰਨ ਕਾਰਵਾਈ ਕਰਨੀ ਪਈ। ਉਨ੍ਹਾਂ ਨੇ ਪਾਠੀਆਂ ਦੀ ਮਾਰਕੁੱਟ ਕੀਤੇ ਜਾਣ ਦੀ ਘਟਨਾ ਉੱਤੇ ਅਫ਼ਸੋਸ ਪ੍ਰਗਟਾਇਆ ਅਤੇ ਕਿਹਾ ਕਿ ਛੇਤੀ ਹੀ ਸਤਿਕਾਰ ਕਮੇਟੀਆਂ ਦੀ ਮੀਟਿੰਗ ਸੱਦੀ ਜਾਵੇਗੀ ਤੇ ਕੰਮ ਕਰਨ ਦਾ ਜ਼ਾਬਤਾ ਤਿਆਰ ਕੀਤਾ ਜਾਵੇਗਾ ਤਾਂ ਜੋ ਜ਼ਾਬਤੇ ਵਿਚ ਰਹਿ ਕੇ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਾਇਮ ਰੱਖਿਆ ਜਾ ਸਕੇ। ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਸਤਿਕਾਰ ਕਮੇਟੀਆਂ ਦੀਆਂ ਇਨ੍ਹਾਂ ਕਾਰਵਾਈਆਂ ਨਾਲ ਸਿੱਖ ਭਾਈਚਾਰੇ ਵਿੱਚ ਦਹਿਸ਼ਤ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਪੰਥਕ ਤਾਲਮੇਲ ਸੰਗਠਨ ਅਜਿਹੀਆਂ ਜਥੇਬੰਦੀਆਂ ਦੀ ਮੀਟਿੰਗ ਸੱਦ ਕੇ ਇਨ੍ਹਾਂ ਦਾ ਜ਼ਾਬਤਾ ਬਣਾਉਣ ਦੀ ਵਿਚਾਰ ਕਰਨਗੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਪਾਠੀਆਂ ਦੀ ਮਾਰਕੁੱਟ ਕਰਨ ਅਤੇ ਇਸ ਦੀ ਵੀਡੀਓ ਸੋਸ਼ਲ ਸਾਈਟ ਉੱਤੇ ਪਾਉਣ ਦੀ ਨਿਖੇਧੀ ਕੀਤੀ ਹੈ। ਜਲਦੀ ਹੀ ਇਨ੍ਹਾਂ ਕਮੇਟੀਆਂ ਦੀ ਮਾਨਤਾ ਰੱਦ ਕਰਾਈ ਜਾਵੇਗੀ।

# ਸ੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦਾ 124ਵਾਂ ਜਨਮ ਦਿਨ ਧੂਮ-ਧਾਮ ਨਾਲ ਮਨਾਇਆ

ਕੈਲੀਫੋਰਨੀਆ- ਹਰ ਸਾਲ ਦੀ ਤਰਖ਼ਾਂ ਇਸ ਸਾਲ ਵੀ ਸ੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ (ਕੈਲੀਫੋਰਨੀਆ) ਵਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਜੀ ਦਾ 124ਵਾਂ ਜਨਮ ਦਿਨ 26 ਅਪ੍ਰੈਲ ਦਿਨ ਐਤਵਾਰ ਨੂੰ ਵੈਸੀ ਸਟ੍ਰੀਟ, ਯੂਨੀਅਨ ਸਿਟੀ ਕੈਲੀਫੋਰਨੀਆ ਵਿਖੇ ਬਹੁਤ ਹੀ ਧੂਮ ਧਾਮ ਤੇ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਮੁੱਖ ਸ਼ਖਸੀਅਤਾਂ ਵਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਵਡਮੁੱਲੇ ਜੀਵਨ 'ਤੇ ਚਾਨਣਾ ਪਾਉਂਦਿਆੱਸਿਆ ਕਿ ਭੀਮ ਰਾਓ ਜੀ ਇਕ ਯੁੱਗ ਪੁਰਸ਼ ਸਨ, ਜਿਨਖ਼ਾਂ ਦਾ ਜਨਮ 14 ਅਪ੍ਰੈਲ 1891 ਨੂੰ ਹੋਇਆ ਸੀ ਅਤੇ ਉਨਖ਼ਾਂ ਆਪਣਾ ਪੂਰਾ ਜੀਵਨ ਭਾਰਤ ਵਾਸੀਆਂ ਨੂੰ ਸਮਰਪਿਤ ਕਰ ਦਿੱਤਾ।

ਬਾਬਾ ਸਾਹਿਬ ਵਲੋਂ 1917 ਵਿਚ ਪੀ. ਐਚ ਡੀ. ਦੀ ਡਿਗਰੀ ਹਾਸਲ ਕਰਨ ਤੋਂ ਬਾਅਦ 1918 ਵਿਚ ਉਨਖ਼ਾਂ ਮੁੰਬਈ ਵਿਖੇ ਪ੍ਰੋਫੈਸਰ ਦੇ ਅਹੁਦੇ 'ਤੇ ਸੇਵਾ ਨਿਭਾਈ ਅਤੇ 1937 ਵਿਚ ਉਹ ਮੁੰਬਈ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ।

ਇਸ ਮਗਰੋਂ ਉਹ 1946 ਵਿਚ ਵਿਧਾਨ ਸਭਾ ਵਿਚ ਮੈਂਬਰ ਚੁਣੇ ਗਏ ਤੇ ਇਸ ਮਗਰੋਂ ਛੂਆ ਛਾਤ ਨੂੰ ਅਪਰਾਧ ਕਰਾਰ ਦਿਵਾਇਆ, ਕੌਮੀ ਝੰਡੇ ਵਿਚ ਅਸ਼ੋਕ ਚੱਕਰ ਪਾਸ ਕਰਵਾਇਆ ਅਤੇ 1949 ਨੂੰ ਭਾਰਤੀ ਸੰਵਿਧਾਨ ਨੂੰ ਪਾਸ ਕਰਾਉਣਾ ਉਨਖ਼ਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵਲੋਂ ਹਾਜ਼ਰ ਸ਼ਖਸੀਅਤਾਂ ਤੇ ਸਮੂਹ ਸੰਗਤਾਂ ਦਾ ਤਹਿ ਦਿਲੋਂ ਧੰ-ਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਸੇ ਤਰਖ਼ਾਂ ਬਾਬਾ ਸਾਹਿਬ ਸ੍ਰੀ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਮਨਾਏ ਜਾਣ ਦੀ ਅਪੀਲ ਕੀਤੀ।

ਸ਼ਤੀਸ਼ ਕੁਮਾਰ ਤੇ ਉਨ੍ਹਾਂ ਦੀ ਪਤਨੀ ਰਾਜਵਿੰਦਰ ਕੌਰ, ਰਾਜਵਿੰਦਰ ਸਰੋਏ ਤੇ ਉਨ੍ਹਾ ਦੀ ਪਤਨੀ ਸੱਤਿਆ ਦੇਵੀ, ਪੁੱਤਰ ਸਤਿੰਦਰ ਸਰੋਏ ਤੇ ਨੂੰਹ ਹਰਜਤਿ ਕੌਰ ਸਰੋਏ, ਬਲਦੇਵ ਸੁੰਮਨ ਤੇ ਪਤਨੀ ਕੌਸ਼ਲਿਆ ਸੁੰਮਨ ਅਤੇ ਸਾਰੇ ਕਮੇਟੀ ਮੈਂਬਰਾਂ ਨੇ ਸਮਾਗਮ ਦੀ ਸਫ਼ਲਤਾ ਲਈ ਸੇਵਾਵਾਂ ਨਿਭਾਈਆਂ।

ਬੁਲਾਰਿਆਂ ਵਿੱਚ ਸ੍ਰੀ ਹੰਸ ਰਾਜ ਕਾਜਲਾ, ਸ੍ਰੀ ਰਾਕੇਸ਼ ਕੁਮਾਰ, ਸ੍ਰੀ ਅਸ਼ੋਕ ਭੌਰਾ, ਸ੍ਰੀ ਦਲੀਪ ਕੁਮਾਰ, ਸ੍ਰੀ ਕੇਵਲ ਸਿੰਘ, ਸ੍ਰੀ ਮਹਿੰਦਰ ਸਿੰਘ ਮੱਲ੍ਹੀ, ਸ੍ਰੀ ਬੈਨਜਮਨ, ਸ੍ਰੀ ਟਰੇਸਾ ਕੌਸ਼ਿਕ ਅਤੇ ਸ੍ਰੀ ਪ੍ਰੇਮ ਚੁੰਬਰ ਨੇ ਸੰਬੋਧਨ ਕੀਤਾ। ਇਸ ਮੌਕੇ ਚੇਅਰਮੈਨ ਹਰਮੇਸ਼ ਲਾਲ ਮਦਾਰਾ, ਵਾਈ ਚੇਅਰਮੈਨ ਵਿਨੋਦ ਕੁਮਾਰ ਚੁੰਬਰ, ਵਾਈ ਚੇਅਰਮੈਨ ਕੇਵਲ ਸਿੰਘ, ਪ੍ਰਧਾਨ ਮਹਿੰਦਰ ਸਿੰਘ ਮਾਹੀ, ਸੰਤੋਖ ਸਿੰਘ ਸਰੋਇਆ ਜਨਰਲ ਸਕੱਤਰ, ਸ਼ਿਵ ਸਿੱਧੂ ਖ਼ਜ਼ਾਨਚੀ ਤੋਂ ਇਲਾਵਾ ਰਜਿੰਦਰ ਝੱਮਟ, ਅਜਾਇਬ ਸਿੰਘ ਅਤੇ ਸੋਹਨ ਲਾਲ ਆਦਿ ਹਾਜ਼ਰ ਸਨ।























# TANDOOR
Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

**BUFFET LUNCH 11:00 AM To 3:00 PM**

We are open
seven days
11 AM to 10 PM

Contact Us:

**Ph. 510-885-1212**
**Fax. 510-885-1532**



FREE WiFi

Ram Gopal

# Annabelle's
Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

## Annabelle's
## Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM

Varieties of Video Games Available

Variety of Sandwiches are also available



Ram Gopal

Features All you can eat Italian Buffet

(Our Dough is Freshly Rolled Daily and Made of the Finest Ingredients)

Now Serving Beer &Wine!




FREE WiFi

Ram Gopal (916) 448-6239
200 "J" Street, Sacramento, CA 95814



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

Buy Quality Used Trucks

ਸਾਡੇ ਕੋਲ ਟਰੱਕ, ਟਰੇਲਰ ਖਰੀਦਣ ਵੇਚਣ ਅਤੇ ਲੋਨ ਕਰਾਉਣ ਲਈ ਮਿਲੋ।
ਅਸੀਂ ਆਪ ਜੀ ਦੀ ਪੂਰੀ ਸਹਾਇਤਾ ਕਰਾਂਗੇ।

**Call : Dharminder Singh**

Cell : 530-870-6600





Email: myfuturetruck@gmail.com
**2535 Front St. West Sacramento, CA 95691**

**Cell : 530-870-6600**
**Fax : 530-405-1429**

# ਅਮਿੱਟ ਛਾਪ ਛੱਡ ਗਿਆ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਕੈਲੀਫੋਰਨੀਆ ਦਾ ਕਬੱਡੀ ਕੱਪ



ਤਸਵੀਰਾਂ ਪ੍ਰੇਮ ਕੁਮਾਰ ਚੁੰਬਰ "ਦੇਸ਼ ਦੁਆਬਾ"























# ਪਿੰਡ ਰੰਧਾਵਾ ਮਸੰਦਾਂ (ਜ਼ਿਲ੍ਹਾ ਜਲੰਧਰ) ਵਿਖੇ ਮਹਾਨ ਮਿਸ਼ਨਰੀ ਮੇਲੇ 'ਤੇ ਵਿਚਾਰ ਗੋਸ਼ਟੀ ਨੇ ਇਕ ਵਿਲੱਖਣ ਛਾਪ ਛੱਡਦਿਆਂ ਬਾਬਾ ਸਾਹਿਬ ਦੇ ਮਿਸ਼ਨ ਨੂੰ ਅੱਗੇ ਵਧਾਉਣ ਦਾ ਦਿੱਤਾ ਸੱਦਾ

ਡਾ. ਬੀ. ਆਰ. ਅੰਬੇਡਕਰ ਐਜੂਕੇਸ਼ਨਲ ਐਂਡ ਵੈਲਫੇਅਰ ਟਰੱਸਟ ਪਿੰਡ ਤੇ ਡਾਕਖਾਨਾ ਰੰਧਾਵਾ ਮਸੰਦਾਂ, ਜਲੰਧਰ, ਸਮੂਹ ਨਗਰ ਅਤੇ ਇਲਾਕਾ ਨਿਵਾਸੀ ਅਤੇ ਦੇਸ-ਪ੍ਰਦੇਸ ਬੈਠੇ ਸ਼ੁਭਚਿੰਤਕਾਂ ਦੇ ਸਹਿਯੋਗ ਨਾਲ ਪਹਿਲਾ ਮਹਾਨ ਮਿਸ਼ਨਰੀ ਮੇਲਾ ਅਤੇ ਵਿਚਾਰ ਗੋਸ਼ਟੀ ਬੜੀ ਧੂੰਮ ਧਾਮ ਨਾਲ ਮਨਾਈ ਗਈ। ਇਸ ਮੌਕੇ ਬਹੁਤ ਸਾਰੇ ਬੁੱਧੀਜੀਵੀ, ਵਿਦਵਾਨ, ਸਮਾਜ ਸੇਵਕ, ਚਿੰਤਕ, ਮਿਸ਼ਨਰੀ, ਗੀਤਕਾਰ ਅਤੇ ਮਿਸ਼ਨਰੀ ਕਲਾਕਾਰਾਂ ਨੇ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਵਡਮੁੱਲੀ ਵਿਚਾਰਧਾਰਾ ਤੇ ਚਾਨਣਾ ਪਾਇਆ ਅਤੇ ਪ੍ਰਣ ਕੀਤਾ ਕਿ ਬਾਬਾ ਸਾਹਿਬ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਇਆ ਜਾਵੇਗਾ।ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾ. ਜੀ. ਸੀ. ਕੌਲ ਸਨ, ਜਿਹਨਾਂ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ।ਇਹ ਪਹਿਲਾ ਮਹਾਨ ਪ੍ਰੋਗਰਾਮ ਜੀਤ ਬੈਲਜਅਮ, ਜੋਗਿੰਦਰ ਮਾਹੀ, ਇਟਲੀ, ਅਸ਼ੋਕ ਮਾਹੀ ਇਟਲੀ, ਵਿਨੋਦ ਮਾਹੀ ਇਟਲੀ, ਗੋਲਡੀ ਦਰਦੀ (ਗੀਤਕਾਰ) ਇਟਲੀ, ਸੋਢੀ ਮੱਲ ਇਟਲੀ, ਅਸ਼ਵਨੀ ਕਲੇਰ ਯੂ. ਕੇ., ਅਸ਼ੋਕ ਮਾਹੀ ਇਟਲੀ, ਬਲਦੇਵ ਰਾਜ ਬੋਲੀਨਾ ਯੂ. ਐਸ. ਏ., ਰਜੀਵ ਕੁਮਾਰ ਯੂ. ਐਸ. ਏ., ਅਮਰਜੀਤ ਮੱਲ ਇਟਲੀ, ਅਰਵਿੰਦਰ ਕੁਮਾਰ ਇਟਲੀ, ਪ੍ਰਵੀਨ ਮੱਲ ਇਟਲੀ, ਸੱਤਪਾਲ ਮਾਹੀ ਇਟਲੀ, ਸੁਰਿੰਦਰ ਸਿਘ ਯੂ. ਏ. ਈ. ਦੇ ਸਹਿਯੋਗ ਸਦਕਾ ਸੰਪੰਨ ਹੋਇਆ। ਇਸ ਮੌਕੇ ਤੇ 'ਅਦਾਰਾ ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੇ ਸਪੈਸ਼ਲ ਅੰਕ ਰਿਲੀਜ਼ ਕੀਤੇ ਗਏ। **(ਹਰਨਾਮ ਦਾਸ ਮਹੇ)**
























**ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਡਕਰ ਜੀ ਦਾ 124ਵੇਂ ਜਨਮ ਦਿਨ ਸਫਲਤਾ ਪੂਰਵਕ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ**


ਪਵਨ ਕੁਮਾਰ ਮਾਹੀ


ਬਲਦੇਵ ਰਾਜ ਬੋਲੀਨਾ


ਸੁਰਿੰਦਰ ਕੁਮਾਰ ਮਾਹੀ


ਕੇਵਲ ਬੋਲੀਨਾ


ਵਿਕਾਸ ਅਹੀਰ


ਸ੍ਰੀ ਬਚਨ ਬੋਲੀਨਾ

## ਸਾਹਿਤਕ ਪੈੜਾਂ



# ਹਰਭਜਨ ਸਿੰਘ ਬੈਂਸ ਦੀ ਸ਼ਾਇਰੀ

**ਗੁਰੂਮੇਲ ਸ. ਸਿੱਧੂ (ਡਾ.)**
**(ਚੀਫ ਐਡੀਟਰ)**
**ਪੰਜਾਬੀ ਸਾਹਿਤ ਪਬਲੀਕੇਸ਼ਨ ਟ੍ਰਸਟ**
**ਫਰੀਮਾਂਟ (ਯੂ. ਐਸ. ਏ.)**

ਹਰਭਜਨ ਸਿੰਘ ਬੈਂਸ ਵੱਲੋਂ ਰਚਿਤ ਮਹਿਕ ਜਿਹੀ ਮੁਸਕਾਨ, ਉਸ ਦੀਆਂ ਗ਼ਜ਼ਲਾਂ ਦੀ ਸੱਤਵੀਂ ਪੁਸਤਕ ਹੈ। ਅਰੂਜ਼ ਦੀਆਂ ਪਾਬੰਦੀਆਂ ਹੇਠ ਗ਼ਜ਼ਲ ਦੀ ਸਿਨਫ਼ 'ਤੇ ਹੱਥ ਅਜ਼ਮਾਉਣਾ ਆਪਣੇ ਆਪ ਵਿਚ ਕਠਿਨ ਕੰਮ ਹੈ ਅਤੇ ਇਕ ਸ਼ਾਇਰ ਦਾ ਕੇਵਲ ਗ਼ਜ਼ਲਾਂ ਦੀਆਂ ਹੀ ਐਨੀਆਂ ਪੁਸਤਕਾਂ ਦਾ ਰਚਨਕਾਰ ਹੋਣਾ ਉਸ ਦੀ ਸਾਹਿਤ ਪ੍ਰਤੀ ਵਚਨਬੱਧਤਾ ਅਤੇ ਸੁਹਿਰਦਤਾ ਦਾ ਸੂਚਕ ਹੈ। ਪੰਜਾਬੀ ਸਾਹਿਤ ਵਿਚ ਗਿਣੇ-ਚੁਣੇ ਕਵੀ ਹਨ ਜੋ ਕਵਿਤਾ ਦੀ ਕਿਸੇ ਇਕ ਵਿਧਾ ਵਿਚ ਨਿਪੁੰਨ ਹੋਣ ਦੇ ਨਾਤੇ ਉਸ ਨੂੰ ਤੋੜ ਤੱਕ ਪਹੁੰਚਾਉਣ ਲਈ ਵਚਨਬੱਧ ਹੋਣ ਉਹਨਾਂ ਵਿਚ ਬੈਂਸ ਹੋਰਾਂ ਦਾ ਨਾਂ, ਨਿਰਸੰਦੇਹ, ਗਿਣਿਆ ਜਾਵੇਗਾ।

ਇੱਥੇ ਇਕ ਚਿਤਾਵਨੀ ਦੇਣ ਦੀ ਵੀ ਲੋੜ ਹੈ ਕਿ ਇੱਕੋ ਵਿਧਾ ਵਿਚ ਬਹੁਤਾ ਲਿਖਣ ਵਾਲੇ ਕਵੀ, ਖਾਸ ਕਰਕੇ ਗ਼ਜ਼ਲਗੋ, ਗੁਣਨਾਤਮਕ ਪੱਖੋਂ ਹੌਲੇ ਪੈਣ ਦਾ ਖਦਸ਼ਾ ਵੀ ਸਹੇੜਦੇ ਹਨ। ਇਸ ਦੇ ਕਈ ਕਾਰਨ ਹਨ:

(ੳ) ਬਹਿਰਾਂ ਦੀ ਸੀਮਾ ਅਤੇ ਉਲੰਘਣਾ: ਸੀਮਾ ਵਿਚ ਵਜ਼ਨ ਪੂਰਾ ਰੱਖਣ ਲਈ ਅਢੁਕਵੇਂ ਅਤੇ ਹਲਕੇ ਸ਼ਬਦਾਂ ਦੀ ਵਰਤੋਂ ਅਤੇ ਉਲੰਘਣਾ ਵਿਚ ਬਹਿਰ ਦੀ ਸਿਧਾਂਤਕ ਊਣਤਾਈ ਸ਼ਾਮਲ ਹਨ।

(ਅ) ਵਿਸ਼ੇ ਦੀ ਰਟ: ਸ਼ਿਅਰਾਂ ਦੇ ਹੇਰ-ਫੇਰ ਨਾਲ ਇੱਕੋ ਵਿਸ਼ੇ ਨੂੰ ਦੁਹਰਾਈ ਜਾਣਾ, ਪਾਠਕ ਨੂੰ ਅੱਕਲਕਾਣ ਕਰਦਾ ਹੈ।

(ੲ) ਸ਼ਿਅਰ ਦੀ ਇਕਾਗਰਤਾ ਅਤੇ ਸੁਜੀਵਕ ਏਕਤਾ: ਗ਼ਜ਼ਲ ਦੀ ਮੂਲ ਮਨੌਤ ਅਨੁਸਾਰ 'ਇਕ ਸ਼ਿਅਰ ਇਕ ਭਾਵ ਕਰਕੇ ਵਿਸ਼ੇ ਦੀ ਸੁਜੀਵਕਤ ਏਕਤਾ ਭੰਗ ਹੁੰਦੀ ਹੈ ਜੋ ਵਿਸ਼ੇ ਨੂੰ ਤੋੜ ਤੱਕ ਨਿਭਾਉਣ ਵਿਚ ਬਾਧਿਕ ਹੈ। ਜਿਸ ਗ਼ਜ਼ਲਗੋ ਪਾਸ ਵਿਸ਼ਿਆਂ ਦੀ ਵੰਨ-ਸੁਵੰਨਤਾ ਦੀ ਭਰਮਾਰ ਹੈ ਉਹ ਇਸ ਰਟ ਤੋਂ ਬਚ ਜਾਂਦਾ ਹੈ। ਰਟ ਤੋਂ ਬਚਣ ਲਈ ਕਈ ਹੋਰ ਕਾਵਿਕ ਯੁਕਤਾਂ ਵੀ ਹਨ ਜਿਵੇਂ, ਸ਼ਿਅਰ ਦੀ ਸਰਲਤਾ ਅਤੇ ਭਾਵ ਦੀ ਚੁਸਤੀ, ਅਣਲੱਗ ਅਤੇ ਅਢੁੱਕਵੀਂ ਸ਼ਬਦਾਵਲੀ ਦੀ ਵਰਤੋਂ, ਕਾਫ਼ੀਆ ਰਦੀਫ਼ ਦੀ ਵੰਨ-ਸੁਵੰਨਤਾ, ਤਦਭਵ ਸ਼ਬਦਾਂ ਦੀ ਉਸਾਰੀ ਅਤੇ ਪ੍ਰਯੋਗ, ਮੁਹਾਵਰੇਦਾਰ ਬੋਲੀ, ਬਹਿਰਾਂ ਦੇ ਰੂਪ ਵਿਚ ਪ੍ਰਚੱਲਿਤ ਪੰਜਾਬੀ ਛੰਦ-ਰੂਪਾਂ ਦੀ ਵਰਤੋਂ, ਖਿਆਲ ਦੀ ਨਵੀਨਤਾ ਅਤੇ ਖਾਸ ਕਰਕੇ ਸ਼ਿਅਰ ਦੀ ਰਮਜ਼। ਦੇਖਣਾ ਇਹ ਹੈ ਕਿ ਬੈਂਸ ਨੇ ਇਹਨਾਂ ਵਿਚੋਂ ਕਿਹੜੀਆਂ ਯੁਕਤੀਆਂ ਦਾ ਪ੍ਰਯੋਗ ਕੀਤਾ ਹੈ।

ਹਰਭਜਨ ਸਿੰਘ ਬੈਂਸ ਦੀਆਂ ਗ਼ਜ਼ਲਾਂ ਦੇ ਸ਼ਿਅਰ ਰੁਮਾਂਸਕ, ਸਮਾਜਿਕ ਅਤੇ ਧਾਰਮਿਕ ਵਿਸ਼ਿਆਂ ਦੀ ਵੰਨ-ਸੁਵੰਨਤਾ ਦੇ ਰਲਵੇਂ-ਮਿਲਵੇਂ ਵਾਤਾਵਰਣਾਂ ਨੂੰ ਉਸਾਰਦੇ ਹਨ। ਉਸ ਦੇ ਸ਼ਿਅਰਾਂ ਵਿਚਲੀ ਸਰਲਤਾ ਗ਼ਜ਼ਲ ਦਾ ਗੁਣ ਵਿਸ਼ੇਸ਼ ਹੈ। ਪਰ ਜੇ ਸ਼ਿਅਰਾਂ ਵਿਚ ਡੂੰਘਿਆਈ, ਰਮਜ਼ ਅਤੇ ਚੁਸਤੀ ਨਾ ਹੋਵੇ ਤਾਂ ਉਹ ਸਪਾਟ ਹੋਣ ਦਾ ਖਦਸ਼ਾ ਸਹੇੜਦੇ ਹਨ। ਬੈਂਸ ਇਸ ਖਦਸ਼ੇ ਤੋਂ ਬਚਣ ਲਈ ਅਚੇਤ ਤੌਰ 'ਤੇ ਉਪਰੋਕਤ ਦਿੱਤੀਆਂ ਕਈ ਯੁਕਤਾਂ ਦੀ ਵਰਤੋਂ ਕਰਦਾ ਹੈ। ਢੁਕਵੀਂ ਸੋਹਜਵਾਦੀ ਸ਼ਬਦਾਵਲੀ ਦੀ ਉਦਾਹਰਣ ਹੇਠ ਦਿੱਤੀ ਜਾਂਦੀ ਹੈ:

ਪ੍ਰਭ ਜੀ, ਮੋੜ ਬਹਾਰਾਂ ਟਹਿਕਣ ਫੁੱਲ ਕਲੀਆਂ।
ਰੁਮਕਣ ਸੰਦਲੀ ਸੁਬਕ ਅਦਾਵਾਂ ਰਾਂਗਲੀਆਂ।
ਜ਼ਖਮੀ ਮੁੱਦਿਆਂ ਬਾਰੇ ਜਦ ਵੀ ਕਲਮ ਫੜਾਂ,
ਤੜਪਣ ਵਿਲਕਣ ਸ਼ਬਦ ਸਣੇ ਅਰਥਾਵਲੀਆਂ।

ਅਰੂਜ਼ ਦੀ ਬੰਦਿਸ਼ ਦੀ ਪਾਲਣਾ ਲਈ ਤੱਤਸਮ ਸ਼ਬਦ ਨੂੰ ਤਦਭਵ ਰੂਪ ਵਿਚ ਵਰਤਣਾ ਅਤੇ ਫਲਸਰੂਪ, ਸ਼ਿਅਰ ਦੀ ਰੌਚਕਤਾ ਵਿਚ ਵਾਧਾ ਕਰਨਾ ਕਾਵਿਕਤਾ ਵਿਚ ਸ਼ਾਮਲ ਹੈ। ਪਰ ਤਦਭਾਵ ਸ਼ਬਦਾਂ ਨੂੰ ਘੜਨ/ਵਰਤਣ ਲੱਗਿਆਂ ਕੁਝ ਗੱਲਾਂ ਦਾ ਧਿਆਨ ਰੱਖਣਾ ਵੀ ਜ਼ਰੂਰੀ ਹੈ ਜਿਵੇਂ ਤਦਭਵ ਸ਼ਬਦ: (ੳ) ਕਿਸੇ ਮਿਲਦੇ-ਜੁਲਦੇ ਸ਼ਬਦ ਦੇ ਅਰਥ ਦੀ ਦੋਹਰ ਨਾ ਹੋਵੇ, (ਅ) ਵਿਆਕਰਣ ਦੇ ਨਿਯਮਾਂ ਦੀ ਪਾਲਣਾ ਕਰਦਾ ਹੋਵੇ, (ਥ) ਕਹਾਵਤ, ਅਖਾਣ, ਵਾਕੰਸ਼ ਜਾਂ ਮੁਹਾਵਰੇ ਨੂੰ ਆਂਚ ਨਾ ਪਹੁੰਚਾਉਂਦਾ ਹੋਵੇ, (ਸ) ਸਮਾਸੀ ਜਾਂ ਜੁੱਟ ਸ਼ਬਦਾਂ ਦੇ ਰੂਪ ਨੂੰ ਨਾ ਵਿਗਾੜਦਾ ਹੋਵੇ। ਬੈਂਸ ਹੋਰਾਂ ਦੀਆਂ ਗ਼ਜ਼ਲਾਂ ਵਿਚ ਕੁਝ ਤਦਭਵ ਸ਼ਬਦਾਂ ਦੀ ਵਰਤੋਂ ਦਾ ਜਾਇਜ਼ਾ ਲੈਂਦੇ ਹਾਂ:

ਉਦਾਹਰਣ-1
ਅੱਜ ਦੇ ਜੱਗ ਦੀ ਰਿਸ਼ਤੇਦਾਰੀ ਘਰ ਵਿਚ ਹੀ ਬਾਜ਼ਾਰੀ ਜਾਪੇ।
ਦਿਨ ਭਰ ਕੌਲ ਕਰਾਰਨ ਵਾਲੇ ਸ਼ਾਮ ਢਲੇ ਇਨਕਾਰੀ ਜਾਪੇ।
ਅਪਣੇ ਅਪਣੇ ਅਨੁਭਵ ਮੂਜਬ ਦੁਨੀਆਂ
ਜੱਗ ਦੇ ਅਰਥ ਉਸਾਰੇ,
ਇਕ ਨੂੰ ਜੱਗ ਭਖੜਾਲੀ ਚਾਦਰ,
ਇਕ ਨੂੰ ਇਹ ਫੁਲਕਾਰੀ ਜਾਪੇ।

ਉਦਾਹਰਣ-2
ਤੌਂਦੀਆਂ ਵਿਚ ਤਪੇ ਨਾ ਬੰਦਾ, ਸੀਤਲ ਰੁੱਤ ਠਰੇ ਨਾ।
ਸਹਿਜ-ਵਸੇ ਬਰਖਾਲੀ ਰੁੱਤੇ, ਔੜੀਂ ਰੋਸ ਕਰੇ ਨਾ।

ਉਦਾਹਰਣ-3
ਰਹਿਮਤ ਦੇ ਬਰਖਾਲੇ ਮੌਸਲ ਜਦ ਆਏ,
ਖ਼ਾਕੀ, ਫ਼ਾਨੀ ਮੰਗਾਂ ਵਿਚ ਗਵਾਚ ਗਈ।
ਜੋਬਨ-ਮੱਤੀ ਸ਼ੀਸ਼ੇ ਸਾਹਵੇਂ ਆਉਂਦਿਆਂ ਹੀ,
ਆਪਣੇ ਨਕਸ਼ਾਂ, ਅੰਗਾਂ ਵਿਚ ਗੁਆਚ ਗਈ।

ਪਹਿਲੇ ਸ਼ਿਅਰ ਵਿਚ ਕੌਲ-ਕਰਾਰ ਸਮਾਸੀ ਸ਼ਬਦ ਵਰਤਿਆ ਹੈ ਜਿਸ ਦਾ ਤਦਭਵ ਰੂਪ ਨਹੀਂ ਬਣਾਇਆ ਜਾ ਸਕਦਾ ਕਿਉਂਕਿ 'ਕਰਾਰ' ਪਹਿਲਾਂ ਹੀ 'ਇਕਰਾਰ' ਦਾ ਤਦਭਵ ਰੂਪ ਹੈ ਅਤੇ ਦੋਵੇਂ ਸ਼ਬਦ ਸਮਅਰਥੀ ਹੋਣ ਦੇ ਨਾਤੇ ਹਾਇਫਨ/ਜੋੜਨੀ (-) ਨਾਲ ਲਿਖੇ ਜਾਣਗੇ। ਕਈ ਵਾਰੀ ਬੈਂਸ ਨਾਂਵ ਨੂੰ ਭਾਵਵਾਚਕ ਨਾਂਵ ਵਿਚ ਤਬਦੀਲ ਕਰਕੇ ਸ਼ਿਅਰ ਨੂੰ ਭਾਵਪੂਰਤ ਹੀ ਨਹੀਂ, ਸੋਹਜਵਾਦੀ ਵੀ ਬਣਾ ਲੈਂਦਾ ਹੈ। ਪਹਿਲੀ ਉਦਾਹਰਣ ਦੇ ਦੂਜੇ ਸ਼ਿਅਰ ਵਿਚ ਭੱਖੜੇ ਤੋਂ ਭਖੜਾਲੀ ਬਣਾਇਆ ਹੈ। ਭੱਖੜੇ ਤੋਂ ਭਖੜਾਲੀ ਬਣਾਉਣ ਲੱਗਿਆਂ ਅੱਧਕ ਉਡਾ ਕੇ ਵਜ਼ਨ ਪੂਰਾ ਕੀਤਾ ਗਿਆ ਹੈ ਜੋ ਵਿਆਕਰਣ ਪੱਖੋਂ ਦਰੁਸਤ ਹੈ। ਦੂਜੀ ਅਤੇ ਤੀਜੀ ਉਦਾਹਰਣ ਵਿਚ ਜਾਤੀਵਾਚਕ ਨਾਂਵ ਬਰਖਾ (ਇਸਤ੍ਰੀ-ਲਿੰਗ) ਨੂੰ ਬਰਖਾਲੀ (ਇਸਤ੍ਰੀ-ਲਿੰਗ) ਅਤੇ ਬਰਖਾਲੇ (ਪੁਲਿੰਗ) ਭਾਵ ਵਾਚਕ ਨਾਵਾਂ ਵਿਚ ਬਦਲ ਕੇ ਕਵੀ ਨੇ ਵਜ਼ਨ ਵੀ ਪੂਰਾ ਕਰ ਲਿਆ ਹੈ ਅਤੇ ਪਛੇਤਰਾਂ (ਲੀ ਅਤੇ ਲੇ) ਦੇ ਹਿਸਾਬ ਨਾਲ ਲਿੰਗ ਅਤੇ ਪੁਲਿੰਗ ਨੂੰ ਨਖੇੜ ਲਿਆ ਹੈ।

ਬੈਂਸ ਕਿਸੇ ਨਵੇਂ ਸ਼ਬਦ ਨੂੰ ਘੜਨ ਵੇਲੇ ਅਕਸਰ ਉਤੇ ਦਿੱਤੇ ਵਿਆਕਰਣ ਦੇ ਬੰਧਨਾਂ ਦੀ ਪਾਲਣਾ ਕਰਦਾ ਹੈ। ਜਿੱਥੇ ਕਿਤੇ ਉਸ ਨੂੰ ਸਮੱਸਿਆ ਆਉਂਦੀ ਹੈ ਉਹ ਸ਼ਬਦਾਂ ਦਾ ਸਮਾਸੀਕਰਨ ਕਰਕੇ ਆਪਣੇ ਆਪ ਨੂੰ ਬਚਾ ਲੈਂਦਾ ਹੈ, ਜਿਵੇਂ ਹੇਠਲੇ ਸ਼ਿਅਰ ਵਿਚ ਗੁਲ-ਬਦਨੀ ਅਤੇ ਚਿੱਤ-ਹਰਨੀ:

ਗੁਲ-ਬਦਨੀ ਰੁੱਤ, ਚਿੱਤ-ਹਰਨੀ
ਬਿਨ ਮਹਿਰਮ ਫਿਰ ਕੀ ਕਰਨੀ।

ਜੇ ਅਸੀਂ ਟਕਸਾਲੀ ਅਤੇ ਆਧੁਨਿਕ ਗ਼ਜ਼ਲ ਦੇ ਸ਼ਿਅਰਾਂ ਵਿਚਲੇ ਫਰਕ ਨੂੰ ਗਹੁ ਨਾਲ ਦੇਖੀਏ ਤਾਂ ਟਕਸਾਲੀ ਗ਼ਜ਼ਲ ਵਿਚ ਵਿਸ਼ੇ ਦੀ ਇਕਾਗਰਤਾ ਦੀ ਵਿਖੰਡਤਾ ਸ਼ਿਅਰਾਂ ਦੀਆਂ ਵੱਖ ਵੱਖ ਕਿਸਮਾਂ ਕਰਕੇ ਹੈ ਅਤੇ ਆਧੁਨਿਕ ਗ਼ਜ਼ਲ ਵਿਚ ਵੰਨਗੀਆਂ ਕਰਕੇ ਹੈ। ਪ੍ਰਤੀਕ ਭਾਸ਼ਾ ਵਿਚ ਟਕਸਾਲੀ ਗ਼ਜ਼ਲ ਦੇ ਸ਼ਿਅਰ ਜੁਦਾ ਜੁਦਾ ਜਾਤੀਆਂ (ਜਿਵੇਂ ਆਰੀਆ, ਦ੍ਰਾਵੜ, ਕੌਕੇਸ਼ੀਅਨ ਆਦਿ) ਦੇ ਮੈਂਬਰਾਂ ਵਾਂਗ ਹਨ ਜੋ ਸੌਖੇ ਪਹਿਚਾਣੇ ਜਾਂਦੇ ਹਨ। ਆਧੁਨਿਕ ਗ਼ਜ਼ਲ ਦੇ ਸ਼ਿਅਰ ਇੱਕੋ ਜਾਤੀ ਦੇ ਮੈਂਬਰਾਂ ਵਾਂਗ ਹਨ। (ਜਿਵੇਂ ਸਿੱਧੂ, ਸੰਧੂ, ਗਿੱਲ ਆਦਿ) ਜਿਨ੍ਹਾਂ ਵਿਚੋਂ ਕੇਂਦਰੀ ਭਾਵ ਐਨਾ ਨੇੜੇ ਵਿਚਰਦਾ ਹੈ ਕਿ ਉਹਨਾਂ ਵਿਚਲੇ ਸੂਬਕ ਜਹੇ ਸਮ-ਭਾਵੀ ਅਰਥਾਂ ਦਾ ਕੱਟ-ਵੱਢ ਨਖੇੜਾ ਕਰਨਾ ਮੁਸ਼ਕਿਲ ਹੁੰਦਾ ਹੈ। ਅਲੰਕਾਰਕ ਸ਼ਬਦਾਵਲੀ ਵਿਚ ਟਕਸਾਲੀ ਗ਼ਜ਼ਲ ਦੇ ਸ਼ਿਅਰ ਦਰਿਆਵਾਂ ਵਾਂਗ ਹਨ ਜੋ ਸਿੱਧੇ ਸਾਗਰ ਵਿਚ ਜਾ ਡਿੱਗਦੇ ਹਨ ਅਤੇ ਆਧੁਨਿਕ ਗ਼ਜ਼ਲ ਦੇ ਸ਼ਿਅਰ ਨਾਲਿਆਂ ਵਾਂਗ ਹਨ ਜੋ ਇੱਕੋ ਦਰਿਆ ਵਿਚ ਪੈਣ ਉਪਰੰਤ ਸਾਗਰ ਵਿਚ ਜਾ ਮਿਲਦੇ ਹਨ। ਟਕਸਾਲੀ ਸ਼ਿਅਰਾਂ ਦਾ ਸਮੁੱਚਾ ਪ੍ਰਭਾਵ ਸਿੱਧਾ ਅਤੇ ਸਪਸ਼ਟ ਹੈ, ਪਰ ਆਧੁਨਿਕ ਗ਼ਜ਼ਲ 'ਚੋਂ ਕਸ਼ੀਦ ਕਰਨਾ ਪੈਂਦਾ ਹੈ। ਇਹ ਵਿਚਾਰ ਬੈਂਸ ਹੋਰਾਂ ਦੇ ਸ਼ਿਅਰਾਂ 'ਤੇ ਲਾਗੂ ਕਰਕੇ ਦੇਖਦੇ ਹਾਂ:

ਜੱਗ ਵਿਚ ਪਿਆਰ ਦੀ ਇਕੋ ਬੋਲੀ,
ਉਹੀਉ ਖ਼ਾਸ ਗਰਾਮਰ।
ਬਿਨ ਲਫਜ਼ਾਂ ਹੀ ਹੋ ਜਾਂਦੀ ਏ
ਰੂਹ ਦੀ ਰਮਜ਼ ਉਜਾਗਰ।
ਕੁਦਰਤ ਕਾਰਗੁਜ਼ਾਰੀ, ਰਮਜ਼ਨ ਬੰਦੇ ਨੂੰ ਸਮਝਾਵੇ,
ਕਦੇ ਕਦਾਈਂ ਖੁਸ਼ੀਆਂ ਨੂੰ ਵੀ
ਧੀਆਂ ਵਾਂਙ ਵਿਦਾਅ ਕਰ।

ਪਹਿਲੇ ਅਤੇ ਦੂਜੇ ਸ਼ਿਅਰ ਵਿਚ, ਕ੍ਰਮਵਾਰ, 'ਪਿਆਰ' ਅਤੇ 'ਖੁਸ਼ੀਆਂ' ਕੇਂਦਰੀ ਸ਼ਬਦ ਹਨ ਜੋ ਸਮ-ਭਾਵੀ ਨਾ ਹੋਣ ਕਰਕੇ, ਵਿਸ਼ੇ ਦੀ ਇਕਾਗਰਤਾ ਨੂੰ ਭੰਗ ਕਰਦੇ ਹਨ। ਪਰ ਭਾਵ ਪੱਖੋਂ ਸਰਲ ਹੋਣ ਕਰਕੇ, ਇਹਨਾਂ ਵਿਚ ਅਰਥ ਸੰਚਾਰ ਦੀ ਕੋਈ ਸਮੱਸਿਆ ਨਹੀਂ। ਸ਼ਬਦਾਂ ਦੀ ਚੋਣ, ਜੜਤ ਅਤੇ ਚੁਸਤੀ ਸ਼ਿਅਰਾਂ ਨੂੰ ਪ੍ਰਭਾਵਸ਼ਾਲੀ ਅਤੇ ਭਾਵਪੂਰਤ ਬਣਾਉਂਦੇ ਹਨ।

ਬੈਂਸ ਗ਼ਜ਼ਲਾਂ ਵਿਚ ਸਮ-ਭਾਵੀ ਅਤੇ ਵਿਪਰੀਤ-ਭਾਵੀ ਸ਼ਬਦਾਂ ਦੀਆਂ ਕੜੀਆਂ ਦੀ ਵਰਤੋਂ ਕਰਨ ਦਾ ਵੀ ਮਾਹਿਰ ਹੈ। ਉਹ ਸ਼ਬਦਾਂ ਨੂੰ ਮੋਤੀਆਂ ਵਾਂਗ ਪਰੋ ਕੇ ਨਾ ਕੇਵਲ ਸ਼ਿਅਰਾਂ ਨੂੰ ਰਵਾਨੀ ਬਖਸ਼ਦਾ ਹੈ, ਉਹਨਾਂ ਨੂੰ ਦਿਲਚਸਪ ਅਤੇ ਰੋਚਕ ਵੀ ਬਣਾ ਲੈਂਦਾ ਹੈ। ਇਸ ਪੱਖ ਦੀ ਪੁਸ਼ਟੀ ਹੇਠਲੇ ਸ਼ਿਅਰਾਂ ਤੋਂ ਭਲੀ ਭਾਂਤ ਹੋ ਜਾਂਦੀ ਹੈ:

ਜ਼ਿੰਦਗੀ ਆਸ ਉਮੰਗਾਂ ਵਿਚ ਗਵਾਚ ਗਈ।
ਬੌਣੇ ਬੌਣੇ ਢੰਗਾਂ ਵਿਚ ਗਵਾਚ ਗਈ।
ਸੰਜਮ, ਸੂਝ, ਸਲੀਕੇ ਦੀ ਨਾ ਜਾਚ ਰਹੀ,
ਚੋਭਾਂ, ਆਰਾਂ, ਡੰਗਾਂ ਵਿਚ ਗਵਾਚ ਗਈ। (ਜ਼ਿੰਦਗੀ ਵਿਲਪ ਕਰੇ)

ਕਾਲੇ, ਕੱਕੇ, ਗੋਰਿਉਂ ਉੱਚਾ ਉੱਠਿਆ ਜਾਂ,
ਦੂਰੋਂ ਨੇੜਿਉਂ ਹਰ ਕੋਈ ਰਿਸ਼ਤੇਦਾਰ ਦਿੱਸੇ। (ਮਿੱਟੀ ਦੀ ਡਲੀ)

ਪਹਿਲੀ ਉਦਾਹਰਣ ਵਿਚ ਸਮ-ਭਾਵੀ ਸ਼ਬਦ ਚੋਭਾਂ, ਆਰਾਂ, ਡੰਗਾਂ ਅਤੇ ਦੂਜੀ ਵਿਚ ਵਿਪਰੀਤ-ਭਾਵੀ ਸ਼ਬਦ ਕਾਲੇ, ਕੱਕੇ, ਗੋਰੇ ਸਾਡੇ ਵਿਚ ਦੀ ਹਾਮੀ ਭਰਦੇ ਹਨ।

ਬਹਿਰ ਦੀ ਲੰਬਾਈ ਅਤੇ ਕਾਫ਼ੀਆ ਰਦੀਫ਼, ਗ਼ਜ਼ਲ ਲਈ ਸਮੱਸਿਆ ਵੀ ਬਣ ਸਕਦੇ ਹਨ ਅਤੇ ਗੁਣਕਾਰੀ ਵੀ ਸਿੱਧ ਹੋ ਸਕਦੇ ਹਨ। ਖ਼ਿਆਲਾਂ ਪੱਖੋਂ ਗੁੰਦੀ ਹੋਈ ਨਾ ਹੋਣ ਕਰਕੇ, ਵੱਡੀ ਬਹਿਰ ਦੀ ਗ਼ਜ਼ਲ ਬੋਝਲ, ਅਕਾਊ ਅਤੇ ਅਰਥ-ਬਾਧਕ ਸਿੱਧ ਹੋ ਸਕਦੀ ਹੈ। ਪਰ ਕੁਸ਼ਲ ਗ਼ਜ਼ਲਗੋ ਸ਼ਬਦਾਂ ਦੀਆਂ ਟੁਕੜੀਆਂ ਰਾਹੀਂ ਭਾਵਾਂ ਦੀਆਂ ਲੜੀਆਂ ਗੁੰਦ ਕੇ ਵੱਡ-ਬਹਿਰੀ ਗ਼ਜ਼ਲ ਨੂੰ ਪ੍ਰਭਾਵਸ਼ਾਲੀ ਅਤੇ ਰੌਚਕ ਬਣਾ ਲੈਂਦੇ ਹਨ। ਛੋਟੀ ਬਹਿਰ ਵਿਚ ਥੋੜ੍ਹੇ ਸ਼ਬਦਾਂ ਰਾਹੀਂ ਵੱਡੀ ਗੱਲ ਕਹਿਣ ਲਈ ਵਿਸ਼ਾਲ ਅਤੇ ਢੁਕਵਾਂ ਸ਼ਬਦ ਭੰਡਾਰ ਚਾਹੀਦਾ ਹੈ, ਨਹੀਂ ਤਾਂ ਇਸ ਵਿਚ ਅਰਥ ਸੰਚਾਰ ਦੀ ਸਮੱਸਿਆ ਨਾਲ ਕਾਫੀਆ ਤੰਗ ਹੋ ਸਕਦਾ ਹੈ। ਭਾਵੇਂ ਬੈਂਸ ਨੇ ਵੱਡੀਆਂ ਬਹਿਰਾਂ ਦੀਆਂ ਗ਼ਜ਼ਲਾਂ ਵੀ ਲਿਖੀਆਂ ਹਨ ਪਰ ਉਹ ਅਕਸਰ ਛੋਟੀ ਬਹਿਰ 'ਤੇ ਹੱਥ ਅਜ਼ਮਾਉਂਦਾ ਹੈ। ਵੇਖਣਾ ਇਹ ਹੈ ਕਿ ਉਹ ਬਹਿਰਾਂ ਦੀ ਲੰਬਾਈ ਦੀ ਸਮੱਸਿਆ ਨਾਲ ਕਿਵੇਂ ਸਿੱਝਦਾ ਹੈ। ਹੇਠਾਂ ਅਸੀਂ ਕ੍ਰਮਵਾਰ, ਛੋਟੀ, ਮਧਲੀ ਅਤੇ ਵੱਡੀ ਬਹਿਰ ਵਾਲੀਆਂ ਗ਼ਜ਼ਲਾਂ 'ਚੋਂ ਦੋ ਦੋ ਸ਼ਿਅਰ ਦੇ ਕੇ ਆਪਣੇ ਵਿਚਾਰ ਨੂੰ ਅੱਗੇ ਤੋਰਦੇ ਹਾਂ:

ਉਰੇ ਪਰੇ ਦੀ ਰਹੀ।
ਕਹਿਣ ਯੋਗ ਨ ਕਹੀ।
ਜ਼ਖ਼ਮ ਭਲੇ ਹੀ ਭਰੇ,
ਦਿਲੋਂ ਚੀਸ ਨ ਲਹੀ।
ਕੰਧੀਂ ਵਟਦਾ ਕਹੇ ਦਲਾਨ।
ਕਦ ਤੱਕ ਘਟਦਾ ਰਹੂ ਮਕਾਨ।
ਕਹਿੰਦੇ ਵੇਦ ਕਤੇਬ ਕੁਰਾਨ,
ਅਮਲ ਬਿਨਾਂ ਕਿਸ ਅਰਥ ਗਿਆਨ।
ਰਾਜ-ਰੰਗ ਚਤੁਰ ਅੰਗ, ਸਾਮ, ਦਾਮ, ਦੰਡ, ਭੇਦ।
ਚਤੁਰ ਰੰਗ ਰਾਜ ਸੰਗ, ਸਾਮ, ਦਾਮ, ਦੰਡ, ਭੇਦ।

ਮੁਸ਼ਕਿਲਾਂ 'ਚ ਫਸੀ ਦੁਨੀ ਲੋਚ ਰਹੀ ਸਹਜ ਰਹਿਤ,
ਸਹਜ ਸੰਗ ਕਰਨ ਜੰਗ, ਸਾਮ, ਦਾਮ, ਦੰਡ, ਭੇਦ।

ਛੋਟੀ ਬਹਿਰ ਵਿਚ ਠੋਸ ਸ਼ਬਦਾਂ ਦੀ ਘਾਟ ਅਤੇ ਸਾਧਾਰਨ ਭਾਵ ਦੀ ਸਰਲਤਾ ਪ੍ਰਭਾਵ ਨੂੰ ਹਲਕਾ ਕਰ ਦਿੰਦੀ ਹੈ। ਹਥਲੀ ਬਹਿਰ ਵਿਚ, ਸਮਾਜਿਕ ਤੌਰ 'ਤੇ, ਵਿਸ਼ੇ ਦੇ ਸ਼ਕਤੀਸ਼ਾਲੀ ਹੋਣ ਦੇ ਨਾਤੇ ਅਤੇ ਸ਼ਬਦਾਂ ਦੀ ਚੌਗਾਠ ਦਾ ਰਤਾ

(ਬਾਕੀ ਸਫਾ 22 ਤੇ)

# ਨਵੇਂ ਭਾਸ਼ਾਈ ਅੰਦਾਜ਼ ਦੀ ਗ਼ਜ਼ਲ

ਵਿਦਵਾਨਾਂ ਦਾ ਵਿਚਾਰ ਹੈ ਕਿ ਸ਼ਾਇਰ ਜ਼ਬਾਨਦਾਨੀ ਦਾ ਪੈਰੋਕਾਰ ਹੁੰਦਾ ਹੈ। ਜਿਸ ਕਿਸੇ ਲਫਜ਼ ਵਿਚ, ਕਿਸੇ ਤਰ੍ਹਾਂ ਦਾ ਉਲਝਾਅ ਨਜ਼ਰ ਆਵੇ ਕਿਸੇ ਸ਼ਾਇਰ ਦੇ ਸ਼ਿਅਰ ਪੜ੍ਹੋ ਸਭ ਸਾਫ ਹੋ ਜਾਏਗਾ।

ਅੱਜ ਭਾਵੇਂ ਨਵੀਂ ਪੌਦ ਸ਼ਾਇਰਾਂ ਦੀ ਕੁਝ ਨਾਮਵਰ ਜਾਂ ਹੈਂਕੜੀ ਸ਼ਾਇਰਾਂ ਦੀ ਸੰਗਤ ਪ੍ਰਭਾਵ ਕੇ ਮਨਮਾਨੀਆਂ ਕਰ ਰਹੇ ਹਨ। ਉਹ ਲੋਕ ਆਪਣੀ ਬੁੱਧੀ ਦਾ ਜਲੂਸ ਤਾਂ ਕੱਢ ਹੀ ਰਹੇ ਹਨ ਨਾਲ ਮਾਤ-ਭਾਸ਼ਾ ਦਾ ਵੀ ਭੱਠਾ ਬਿਠਾ ਰਹੇ ਹਨ।

ਵੈਸੇ ਤਾਂ ਸਭ ਤੋਂ ਵਧੀਆ ਸ਼ਬਦਕੋਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਹਨ। ਫਿਰ ਵੀ ਕੁਝ ਸ਼ਾਇਰਾਂ ਨੇ ਇਸ ਵਿਧੀ ਨੂੰ ਅਪਣਾਇਆ ਹੈ, ਜਿਹਨਾਂ ਵਿਚ ਬਾਵਾ ਬਲਵੰਤ, ਥੋੜ੍ਹਾ ਜਿਹਾ ਸ਼ਿਵ ਕੁਮਾਰ ਤੇ ਹੁਣ ਹਰਭਜਨ ਸਿੰਘ ਬੈਂਸ ਦੀ ਸ਼ਾਇਰੀ ਵਿਚ ਵੇਖਣ ਨੂੰ ਮਿਲੀ ਹੈ, ਜਿਹਨਾਂ ਨੇ ਬੜੀ ਕਲਾਸੀਕਲ ਗ਼ਜ਼ਲ ਕਹੀ ਹੈ ਤੇ ਲਫਜ਼ਾਂ ਵਿਚ ਨਵਾਂਪਣ ਲਿਆਂਦਾ ਹੈ।

ਜਿਵੇਂ ਜਸ਼ਨਾਉਣ- ਜਸ਼ਨ ਮਨਾਉਣ। ਖ਼ਤਮਾਉਣ- ਖਤਮ ਕਰਨ। ਭੈਰਵੀਆਂ, ਸ਼ਿਵਰੰਜਨੀਆਂ ਰਾਗਾਂ ਦੇ ਨਾਮ। ਜ਼ਖਮਾਈ, ਨਮਕਾਈ, ਖੁਣਸਾਈ, ਜ਼ਹਿਰਾਈ, ਕਿਰਨਾਈ ਤੇ ਰੁਸ਼ਨਾਈ ਵਰਗੇ ਬਹੁਤ ਸਾਰੇ ਸ਼ਬਦ ਉਹਨਾਂ ਨੇ ਗ਼ਜ਼ਲਾਂ ਵਿਚ ਲਿਆਂਦੇ ਹਨ। ਇਹ ਸ਼ਬਦ ਓਪਰੇ ਜਾਂ ਭਾਰੇ ਨਹੀਂ ਲੱਗਦੇ ਸਗੋਂ ਸਾਰੇ ਸਾਡੇ ਪੰਜਾਬੀ ਸਾਹਿਤ ਤੇ ਸੱਭਿਆਚਾਰ ਵਿਚ ਰਲੇ ਖਪੇ ਹੀ ਲੱਗਦੇ ਹਨ।

ਬਾਬਾ ਬੁੱਲ੍ਹੇਸ਼ਾਹ ਤੇ ਵਾਸਿਸ਼ਾਹ ਨੇ ਕੋਈ ਪੀ. ਐਚ. ਡੀ. ਨਹੀਂ ਕੀਤੀ ਸੀ ਪਰ ਉਹਨਾਂ ਦੇ ਘੜੇ ਗਏ ਲਫਜ਼ ਲੋਕਾਂ ਦੀ ਜ਼ਬਾਨ 'ਤੇ ਹਨ। ਇਹ ਉਪਰੋਕਤ ਲਫਜ਼ਾਂ ਦੀ ਨਵੀਨਤਾ ਪਾਠਕ ਨੂੰ ਓਪਰਾ ਨਹੀਂ ਲੱਗਦੀ, ਥੋੜ੍ਹਾ ਜਿਹਾ ਝਟਕਾ ਜ਼ਰੂਰ ਦੇਵੇਗੀ। ਬੈਂਸ ਹੁਰਾਂ ਦੀ ਸ਼ਾਇਰੀ ਬਾਵਾ ਬਲਵੰਤ ਹੁਰਾਂ ਤੱਕ ਦਾ ਸਫ਼ਰ ਕਰਨ ਦੇ ਸਮਰੱਥ ਹੈ, ਜਿਉਂ-ਜਿਉਂ ਪੜ੍ਹੋ ਤਿਉਂ-ਤਿਉਂ ਸੁਆਦਲੀ ਹੁੰਦੀ ਜਾਂਦੀ ਹੈ। ਲਫਜ਼ਾਂ ਦੀ ਕੀਮਤ ਤੇ ਇਲਮ-ਅਰੂਜ਼, ਬਹਿਰ-ਵਜ਼ਨ ਦੇ ਝਮੇਲੇ ਵਿਚ ਵੀ ਬੈਂਸ ਸਾਹਿਬ ਬਹੁਤਾ ਨਹੀਂ ਫਸੇ।

ਬੱਸ ਆਮਦ ਦੀ ਰਵਾਨਗੀ ਅਨੁਸਾਰ ਸ਼ਿਅਰ ਕਹੀ ਜਾਂਦੇ ਰਹੇ ਤੇ ਨਾਲ ਨਾਲ ਸੰਗੀਤਕ ਮੱਸ ਹੋਣ ਕਰਕੇ ਤਰੰਨੁਮ ਦੀ ਰੰਗਤ ਵੀ ਦਿੰਦੇ ਰਹੇ। ਉਂਝ ਵੀ ਅੱਜ ਸਾਹਿਤਕ ਖੇਤਰ ਵਿਚ ਕਹਿੰਦੇ-ਕਹਾਉਂਦੇ ਵੀ ਆਪਣੇ ਖੋਟੇ ਸਿੱਕੇ, ਬੇਵਜ਼ਨੇ-ਬੇਅਰੂਜ਼ੇ ਤੇ ਬੇਬਹਿਰੇ ਕਲਾਮ ਆਪਣੀ ਧੜੇਬੰਦੀ ਦੇ ਆਸਰੇ ਚਲਾਈ ਫਿਰਦੇ ਹਨ। ਕੁਝ ਕੁ ਸਾਡੇ ਵਰਗੇ ਲੋਕ ਹਨ ਜਿਹੜੇ ਇਹਨਾਂ ਗੱਲਾਂ 'ਤੇ ਪਹਿਰਾ ਦੇ ਰਹੇ ਨੇ। ਅੰਤ ਵਿਚ ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਬੈਂਸ ਸਾਹਿਬ ਦਾ ਕਲਾਮ ਜਿੰਨੀ ਵਾਰੀ ਪਾਠਕ ਮੁੜ ਮੁੜ ਪੜ੍ਹੇਗਾ, ਓਨੀ ਵਾਰੀ ਉਸ ਨੂੰ ਨਵਾਂ ਆਨੰਦ ਹੀ ਆਏਗਾ। ਅਕਾਲ ਪੁਰਖ ਅੱਗੇ ਸਾਡੀ ਅਰਦਾਸ ਹੈ ਕਿ ਬੈਂਸ ਸਾਹਿਬ ਨੂੰ ਇਹੋ ਜਿਹੇ ਕਲਾਮ ਕਹਿਣ ਲਈ ਹੋਰ ਤੌਫ਼ੀਕ ਅਤਾ ਫੁਰਮਾਏ

ਸ਼ੁਭ ਇੱਛਾਵਾਂ ਨਾਲ,

**ਡੀ. ਆਰ. ਧਵਨ**
**(ਸਬ ਐਡੀਟਰ)**
**ਰੋਜ਼ਾਨਾ ਅਕਾਲੀ ਪੱਤ੍ਰਿਕਾ, ਜਲੰਧਰ**
**(98152-99419)**

# ਦੋ ਸ਼ਬਦ

ਹਰਭਜਨ ਸਿੰਘ ਬੈਂਸ ਗ਼ਜ਼ਲ ਦੀਆਂ ਰਮਜ਼ਾਂ ਨੂੰ ਚੰਗੀ ਪ੍ਰਕਾਰ ਸਮਝਦਾ ਹੈ। ਮੈਂ ਉਸ ਦੀਆਂ ਗ਼ਜ਼ਲਾਂ ਪੜ੍ਹੀਆਂ ਅਤੇ ਮਾਣੀਆਂ ਹਨ। ਉਹ ਬਹਿਰ ਵਜ਼ਨ ਬਾਰੇ ਵੀ ਕਾਫੀ ਚੇਤੰਨ ਹੈ। ਉਸ ਦੀ ਭਾਸ਼ਾ ਤਾਂ ਆਮ ਪਾਠਕ ਨੂੰ ਵੀ ਆਪਣੇ ਨਾਲ ਜੋੜ ਲੈਂਦੀ ਹੈ। ਉਸ ਦੀਆਂ ਗ਼ਜ਼ਲਾਂ ਦੀ ਸਾਦਗੀ, ਜ਼ਿੰਦਗੀ ਵਿਚੋਂ ਲੈ ਕੇ ਵਰਤੇ ਗਏ ਮੁਹਾਵਰੇ, ਅਖਾਣ, ਖ਼ਿਆਲਾਂ ਦੀ ਉਡਾਰੀ, ਨੇ ਮੈਨੂੰ ਮੀਰ ਤੱਕੀ ਮੀਰ ਚੇਤੇ ਕਰਾ ਦਿੱਤਾ। ਉਸ ਦੀਆਂ ਗ਼ਜ਼ਲਾਂ ਗਾਏ ਜਾਣ ਦੇ ਕਾਬਲ ਹਨ।

ਬੈਂਸ ਨੇ ਦੂਜੀਆਂ ਭਾਸ਼ਾਵਾਂ ਦੇ ਕੁਝ ਸ਼ਬਦਾਂ ਨੂੰ ਪੰਜਾਬੀ ਰੰਗ ਵਿਚ ਰੰਗ ਕੇ ਪੰਜਾਬੀ ਮਾਂ ਬੋਲੀ ਨੂੰ ਹੋਰ ਅਮੀਰ ਕੀਤਾ ਹੈ। ਉਸ ਦੀਆਂ ਗ਼ਜ਼ਲਾਂ ਵਿਚ ਤੁਹਾਨੂੰ ਅਕਸਰ ਇਹ ਸ਼ਬਦ ਪਸੰਦ ਆਉਣਗੇ ਅੰਗਰੇਜ਼ੀ ਦੇ ਸ਼ਬਦਾਂ ਦਾ ਪੰਜਾਬੀ ਕਰਨ-ਨਰਸਰੀ ਤੋਂ ਨਰਸਰੀਆਂ, ਸਰਜਰੀ ਤੋਂ ਸਰਜਰੀਆਂ ਆਦਿ। ਜ਼ੁਲਫ਼ ਤੋਂ ਜ਼ੁਲਫਾਲੇ, ਵਸਲ ਤੋਂ ਵਸਲਾਲੇ, ਗ਼ਜ਼ਲ ਤੋਂ ਗ਼ਜ਼ਲਾਲੇ, ਰਮਜ਼ ਤੋਂ ਰਮਜ਼ਾਲੇ ਆਦਿ।

ਮੈਨੂੰ ਪੂਰਨ ਆਸ ਹੈ ਕਿ ਹਰਭਜਨ ਸਿੰਘ ਬੈਂਸ ਅਮਰੀਕਾ ਰਹਿੰਦਾ ਹੋਇਆ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਤਰੱਕੀ ਲਈ ਇਸੇ ਪ੍ਰਕਾਰ ਯਤਨਸ਼ੀਲ ਰਹੇਗਾ। ਮੈਂ ਇਸ ਗ਼ਜ਼ਲ ਸੰਗ੍ਰਹਿ ਦਾ ਸੁਆਗਤ ਕਰਦਾ ਹਾਂ:

ਸੁਰ-ਤੱਕੜੀ 'ਚ ਤੋਲੇ ਹਰਫ਼ਾਂ ਦਾ ਭਾਰ ਬੈਂਸ
ਗ਼ਜ਼ਲਾਂ ਕਮਾਲ ਯਾਰੋ ਲਿਖਦਾ ਏ ਯਾਰ ਬੈਂਸ

ਨ੍ਹੇਰੀ, ਤੂਫ਼ਾਨ, ਝੱਖੜ ਸਿਰ ਤੋਂ ਲੰਘਾਏ ਸੈਆਂ
ਕੋਮਲ ਹੈ ਦਿਲ ਦਾ ਭਾਵੇਂ ਮੰਨਦਾ ਨਾ ਹਾਰ ਬੈਂਸ

ਫੜ ਕੇ ਕਲਮ ਦਾ ਖੰਜਰ ਬਾਜ਼ਾਂ ਦੇ ਖੰਭ ਕੱਟੇ
ਅੰਬਰ 'ਤੇ ਹੈ ਉਡਾਉਂਦਾ ਘੁਗੀਆਂ ਦੀ ਡਾਰ ਬੈਂਸ

ਸ਼ੇਅਰਾਂ ਦੀ ਰੌਸ਼ਨੀ ਕਰ ਨਫਰਤ ਦਾ ਨ੍ਹੇਰ ਮੇਟੇ
ਸ਼ਾਇਰ ਮੁਹੱਬਤਾਂ ਦਾ ਵੰਡਦਾ ਏ ਪਿਆਰ ਬੈਂਸ

ਜੜ ਕੇ ਮੁਹਾਵਰੇ 'ਤੇ ਮੜ੍ਹ ਕੇ ਅਖਾਣ-ਮੋਤੀ
ਦੁਲਹਨ ਦੇ ਵਾਂਗ ਗ਼ਜ਼ਲਾਂ ਦੇਂਦਾ ਸ਼ਿੰਗਾਰ ਬੈਂਸ

ਯੂ. ਐਸ. ਏ. ਵਿਚ ਰਹਿੰਦਾ ਪਰਵਾਸੀ ਹੋ ਗਿਆ ਹੈ
ਦਿਲ 'ਚੋਂ ਪੰਜਾਬ ਨੂੰ ਨਾ ਸਕਦਾ ਵਿਸਾਰ ਬੈਂਸ

ਸ਼ੇਅਰਾਂ ਦੇ ਲਾ ਕੇ ਬੂਟੇ ਮਹਿਕਾਂ ਦੀ ਪੌਣ ਵੰਡੇ
ਜੀਵਨ ਦੇ ਰਸਤਿਆਂ 'ਚੋਂ ਚੁਗਦਾ ਏ ਖ਼ਾਰ ਬੈਂਸ

ਯਾਰੀ ਦੇ ਅਰਥ ਸਮਝੇ ਯਾਰੀ ਦੀ ਕਦਰ ਜਾਣੇ
ਯਾਰਾਂ ਤੋਂ ਜਿੰਦ ਵਾਰੇ ਯਾਰਾਂ ਦਾ ਯਾਰ ਬੈਂਸ

ਗੱਲਾਂ ਅਛੂਤੀਆਂ ਕਰ ਮਹਿਫ਼ਿਲ 'ਚ ਰੰਗ ਬੰਨ੍ਹੇ
ਗ਼ਜ਼ਲਾਂ ਦੇ ਪਿੜ ਦਾ ਸੋਹਣਾ ਹੈ ਸ਼ਾਹ-ਸਵਾਰ ਬੈਂਸ

ਕਰਦੇ ਜੋ 'ਹਸਨਪੁਰੀਆ' ਘੁਟਾਲੇ ਤੇ ਹਵਾਲੇ
ਕਰਦਾ ਵਿਅੰਗ ਵਾਲੇ ਉਹਨਾਂ 'ਤੇ ਵਾਰ ਬੈਂਸ

**- ਇੰਦਰਜੀਤ ਹਸਨਪੁਰੀ**
**(ਸਰਪ੍ਰਸਤ)**
**ਪੰਜਬੀ ਗ਼ਜ਼ਲ ਮੰਚ (ਰਜਿ.) ਪੰਜਾਬ**

# ਬਾਬਾ ਸੋਹਣ ਸਿੰਘ ਭਕਨਾ

## (4 ਜਨਵਰੀ 1870 ਤੋਂ 20 ਦਸੰਬਰ 1968)



ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ



ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!

**– ਪਸ਼ੌਰਾ ਸਿੰਘ ਢਿੱਲੋਂ** (1-559-708-4399)

### ਜੀਵਨ ਸੰਗਰਾਮ
### (ਭਾਗ ਦੂਜਾ)
### 15. ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ

ਜਦ ਭਗਤ ਸਿੰਘ ਤੇ ਉਹਦੇ ਸਾਥੀਆਂ ਤੇ ਮੁਕੱਦਮਾ ਚਲਾਉਣ ਲਈ ਉਨ੍ਹਾਂ ਨੂੰ ਬੋਸਟਲ ਜੇਲ੍ਹ ਤੋਂ ਲਾਹੌਰ ਸੈਂਟਰਲ ਜੇਲ੍ਹ ਲਿਆਂਦਾ ਗਿਆ ਤਾਂ ਮੈਂ ਤੇ ਭਾਈ ਕੇਸਰ ਸਿੰਘ ਠੱਠਗੜ੍ਹ ਪਹਿਲਾਂ ਹੀ ਉਸ ਜੇਲ੍ਹ ਵਿਚ ਆ ਚੁੱਕੇ ਸਾਂ। ਕਿਸੇ ਨਾ ਕਿਸੇ ਢੰਗ ਨਾਲ ਤਿੰਨੀ ਕੁ ਦਿਨੀਂ ਅਸੀਂ (ਮੈਂ ਤੇ ਭਗਤ ਸਿੰਘ) ਜ਼ਰੂਰ ਮਿਲਦੇ ਸਾਂ ਤੇ ਵਿਚਾਰਾਂ ਦਾ ਖੁੱਲ੍ਹਾ ਵਟਾਂਦਰਾ ਕਰਦੇ ਸਾਂ। ਇਕ ਦਿਨ ਮੈਂ ਮਖੌਲ ਨਾਲ ਭਗਤ ਸਿੰਘ ਨੂੰ ਪੁੱਛਿਆ, ''ਤੂੰ ਅਜੇ ਨੌਜਵਾਨ ਸੀ ਤੇ ਪੜ੍ਹਿਆ ਲਿਖਿਆ ਵੀ, ਤੇਰੀ ਖਾਣ ਪੀਣ ਤੇ ਐਸ਼ ਕਰਨ ਦੀ ਉਮਰ ਸੀ ਤੂੰ ਇਧਰ ਕਿਵੇਂ ਫਸ ਗਿਆ?'' ਭਗਤ ਸਿੰਘ ਨੇ ਹੱਸ ਕੇ ਜਵਾਬ ਦਿੱਤਾ, "ਇਹ ਮੇਰਾ ਕਸੂਰ ਨਹੀਂ ਤੁਹਡਾ ਤੇ ਤੁਹਾਡੇ ਸਾਥੀਆਂ ਦਾ ਹੈ।'' ਮੈਂ ਕਿਹਾ "ਸਾਡਾ ਕਿਸ ਤਰ੍ਹਾਂ ਹੈ?'' ਭਗਤ ਸਿੰਘ ਨੇ ਹੱਸ ਕੇ ਜਵਾਬ ਦਿੱਤਾ, ''ਜੇ ਕਰਤਾਰ ਸਿੰਘ ਸਰਾਭਾ ਤੇ ਉਹਨਾਂ ਦੇ ਦੂਸਰੇ ਸਾਥੀ ਹੱਸ ਹੱਸ ਕੇ ਫਾਂਸੀਆਂ ਤੇ ਨਾ ਲਟਕਦੇ ਤੇ ਤੁਸੀਂ ਸਾਰੇ ਅੰਡੇਮਾਨ ਜਹੇ ਕੁੰਭੀ ਨਰਕ ਵਿਚ ਪੈ ਕੇ ਸਾਬਤ ਨਾ ਨਿਕਲਦੇ ਤਾਂ ਸ਼ਾਇਦ ਮੈਂ ਵੀ ਇੱਧਰ ਨਾ ਆਉਂਦਾ।'' ਭਗਤ ਸਿੰਘ 6 ਫੁੱਟ ਲੰਮਾ ਬਹੁਤ ਖੂਬਸੂਰਤ ਤੇ ਮਸਫੁੱਟਾ ਨੌਜਵਾਨ ਸੀ। ਨਿਡਰ ਜਰਨੈਲ, ਫਿਲਾਸਫਰ ਤੇ ਉਚੇ ਦਰਜੇ ਦੀ ਰਾਜਸੀ ਸੂਝ ਰੱਖਣ ਵਾਲਾ ਸੀ। ਦੇਸ਼ ਭਗਤੀ ਦੇ ਨਾਲ ਨਾਲ ਦੁਨੀਆਂ ਭਰ ਦੀ ਪੀੜਤ ਜਨਤਾ ਦਾ ਦਰਦ ਉਹਦੇ ਦਿਲ ਵਿਚ ਕੁੱਟ ਕੁੱਟ ਭਰਿਆ ਹੋਇਆ ਸੀ। ਜਦ ਵੀ ਮੈਂ ਭਗਤ ਸਿੰਘ ਨੂੰ ਮਿਲਦਾ ਤਾਂ ਮੈਨੂੰ ਇੰਝ ਲੱਗਦਾ ਕਿ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭੇ ਦੀਆਂ ਕੇਵਲ ਮੂਰਤੀਆਂ ਹੀ ਦੋ ਹਨ ਪਰ ਉਹਨਾਂ ਦੇ ਗੁਣ, ਕਰਮ ਅੰਤਕਰਨ ਇਕੋ ਹੀ ਸਨ। ''ਏਕ ਜੋਤ ਦੋਏ ਮੂਰਤਿ'' ਵਾਲੀ ਮਿਸਾਲ ਇਹਨਾਂ ਤੇ ਢੁੱਕਦੀ ਸੀ। ਇਕ ਦਿਨ ਮੈਂ ਪੁੱਛਿਆ, "ਸਾਂਡਰਸ ਨੂੰ ਤੁਸੀਂ ਕਿਸ ਲਈ ਮਾਰਿਆ ਸੀ? ਕੀ ਜੋ ਅਖ਼ਬਾਰਾਂ ਵਿਚ ਲਿਖਿਆ ਹੈ ਕਿ ਤੁਸਾਂ ਲਾਲਾ ਲਾਜਪਤ ਰਾਏ ਦੀ ਮਿਰਤੂ ਦਾ ਬਦਲਾ ਲੈਣ ਲਈ ਮਾਰਿਆ ਸੀ ਉਹ ਠੀਕ ਹੈ? ਕੀ ਜੇ ਸਾਂਡਰਸ ਲਾਲਾ ਲਾਜਪਤ ਰਾਏ ਨੂੰ ਲਾਠੀ ਨਾ ਮਾਰਦਾ ਤੇ ਉਹਨਾਂ ਦੀ ਮਿਰਤੂ ਨਾ ਹੁੰਦੀ ਤਾਂ ਕੀ ਤੁਹਾਡੇ ਤੇ ਤੁਹਾਡੇ ਸਾਥੀਆਂ ਦੇ ਦਿਲ ਵਿਚ ਸਾਂਡਰਸ ਨੂੰ ਮਾਰਨ ਦਾ ਖਿਆਲ ਪੈਦਾ ਹੀ ਨਾ ਹੁੰਦਾ?''

ਭਗਤ ਸਿੰਘ ਨੇ ਜਵਾਬ ਦਿੱਤਾ, "ਸਾਡੀ ਪਾਰਟੀ ਦਾ ਉਦੇਸ਼ ਸਿਰਫ ਦਹਿਸ਼ਤ ਜ਼ਦਗੀ ਹੀ ਨਹੀਂ ਸੀ। ਅਸੀਂ ਤਾਂ ਅੰਗਰੇਜਾਂ ਦੀ ਗੁਲਾਮੀ ਤੋਂ ਦੇਸ਼ ਨੂੰ ਆਜ਼ਾਦ ਕਰਾਉਣਾ ਚਾਹੁੰਦੇ ਸਾਂ। ਜਿਸ ਤਰ੍ਹਾਂ 1914-15 ਵਿਚ ਗ਼ਦਰ ਪਾਰਟੀ ਦੇ ਦੇਸ਼ ਭਗਤਾਂ ਨੇ ਦੇਸ਼ ਦੀ ਆਜ਼ਾਦੀ ਲਈ ਝੰਡਾ ਚੁੱਕਿਆ ਸੀ। ਸਾਡੀ ਪਾਰਟੀ ਦਾ ਵੀ ਉਦੇਸ਼ ਉਹੀ ਸੀ, ਜੇ ਅਸਾਂ ਸਾਂਡਰਸ ਨੂੰ ਮਾਰਿਆ ਤੇ ਪਾਰਲੀਮੈਂਟ ਵਿਚ ਬੰਬ ਸੁੱਟਿਆ ਤਾਂ ਇਸੇ ਉਦੇਸ਼ ਦੀ ਪੂਰਤੀ ਲਈ ਤਾਂ ਕਿ ਦੁਸ਼ਮਣਾਂ ਨੂੰ ਪਤਾ ਲੱਗ ਜਾਵੇ ਕਿ ਹਿੰਦੁਸਤਾਨ ਦੇ ਨੌਜਵਾਨ ਹੁਣ ਤੁਹਾਡੀ ਗੁਲਾਮੀ ਬਰਦਾਸ਼ਤ ਨਹੀਂ ਕਰ ਸਕਦੇ।'' ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਰਾਜਸੀ ਕੈਦੀਆਂ ਲਈ ਇਕ ਸਪੈਸ਼ਲ ਕਲਾਸ ਬਣਾਏ ਜਾਣ ਦੀ ਮੰਗ ਕੀਤੀ, ਜਿਸ ਵਿਚ ਅਮੀਰ ਗਰੀਬ ਸਾਰਿਆਂ ਨਾਲ ਇੱਕੋ ਜਿਹਾ ਵਰਤਾਓ ਹੋਵੇ ਤੇ ਮੰਗ ਨਾ ਮੰਨੇ ਜਾਣ ਤੇ ਭੁੱਖ ਹੜਤਾਲ ਕਰ ਦਿੱਤੀ। ਕੁਝ ਦਿਨ ਤਾਂ ਮੈਂ ਵੇਖਦਾ ਰਿਹਾ। ਪਰ ਜਦ ਹੜਤਾਲ ਲੰਮੀ ਹੁੰਦੀ ਦਿੱਸੀ ਤਾਂ ਮੈਂ ਬਰਦਾਸ਼ਤ ਨਾ ਕਰ ਸਕਿਆ ਤੇ ਜੇਲ੍ਹ ਵਾਲਿਆਂ ਨੂੰ ਭੁੱਖ ਹੜਤਾਲ ਦਾ ਨੋਟਿਸ ਦੇ ਦਿੱਤਾ। ਜਦ ਭਗਤ ਸਿੰਘ ਨੂੰ ਪਤਾ ਲੱਗਾ ਤਾਂ ਉਸ ਨੇ ਕਈ ਸੁਨੇਹੇ ਭੇਜੇ "ਬਾਬਾ ਜੀ ਤੁਸੀਂ ਪਹਿਲਾਂ ਹੀ ਬਹੁਤ ਕਸ਼ਟ ਉਠਾ ਚੁੱਕੇ ਹੋ, ਹੁਣ ਭੁੱਖ ਹੜਤਾਲ ਨਾ ਕਰੋ।'' ਮੈਂ ਪਿਆਰ ਨਾਲ ਜਵਾਬ ਦਿੱਤਾ, ''ਭਗਤ ਸਿੰਘ ਜਦ ਤੁਸੀਂ ਨੌ-ਜਵਾਨ ਦੂਜਿਆਂ ਦੇ ਦੁੱਖਾਂ ਨੂੰ ਦੂਰ ਕਰਨ ਲਈ ਕੁਰਬਾਨੀ ਦੇ ਰਹੇ ਹੋ ਤਾਂ ਮੈਂ ਬੁੱਢੀ ਉਮਰ ਵਿਚ ਜੋ ਖਤਮ ਹੋਣ ਤੇ ਹੈ, ਬਾਹਰ ਬੈਠਾ ਕਿਸ ਤਰ੍ਹਾਂ ਤਮਾਸ਼ਾ ਵੇਖ ਸਕਦਾ ਹਾਂ?'' ਸੋ ਮੈਂ ਵੀ ਭੁੱਖ ਹੜਤਾਲ ਕਰ ਦਿੱਤੀ ਤੇ ਆਖਰ ਤੱਕ ਭੁੱਖ ਹੜਤਾਲ ਵਿਚ ਸ਼ਾਮਲ ਰਿਹਾ। ਇਹ ਮੇਰੀ ਚੌਥੀ ਭੁੱਖ ਹੜਤਾਲ ਸੀ।

ਸਰਕਾਰ ਨੇ ਗੋਪੀ ਚੰਦ ਭਾਰਗੋ ਤੇ ਦੁਨੀ ਚੰਦ ਅੰਬਾਲਵੀ ਵਰਗਿਆਂ ਨੂੰ ਵਿਚ ਪਵਾ ਕੇ ਇਹ ਮਨਵਾ ਲਿਆ ਕਿ ਭੁੱਖ ਹੜਤਾਲ ਤੋੜ ਦਿੱਤੀ ਜਾਵੇਗੀ। ਭਗਤ ਸਿੰਘ ਸਰਕਾਰੀ ਚਾਲ ਵਿਚ ਆ ਗਿਆ ਤੇ ਹੜਤਾਲ ਫੇਲ੍ਹ ਹੋ ਗਈ। ਭਗਤ ਸਿੰਘ ਨੇ ਪਿੱਛੋਂ ਮੈਨੂੰ ਦੱਸਿਆ ਕਿ ਹੜਤਾਲ ਛੁਡਾ ਕੇ ਉਸ ਨੇ ਗਲਤੀ ਕੀਤੀ ਹੈ ਤੇ ਜਤੀਨ ਦਾਸ ਦੀ ਸ਼ਹੀਦੀ ਅਜਾਈਂ ਗਈ ਹੈ। ਕਿਉਂਕਿ ਸਰਕਾਰ ਨੇ ਉਹ ਅਸਲ ਮੁਤਾਲਬਾ ਨਹੀਂ ਸੀ ਮੰਨਿਆ ਜਿਸ ਰਾਹੀਂ ਸਾਰੇ ਰਾਜਸੀ ਕੈਦੀਆਂ ਨਾਲ ਇਕੋ ਜਿਹਾ ਸਲੂਕ ਕੀਤਾ ਜਾਂਦਾ। ਉਸ ਰਾਜਸੀ ਕੈਦੀਆਂ ਦੇ ਏ-ਬੀ. ਸੀ ਤਿੰਨ ਦਰਜੇ ਬਣਾ ਦਿੱਤੇ, ਜਿਸ ਨਾਲ ਗਰੀਬ ਕੈਦੀਆਂ ਦੀ ਸਗੋਂ ਹੋਰ ਭੈੜੀ ਹਾਲਤ ਹੋ ਗਈ। ਮੇਰੇ ਖਿਆਲ ਵਿਚ ਵੀ ਇਹ ਜਿੱਤ ਨਹੀਂ ਹਾਰ ਸੀ।

ਇਸ ਤੇ ਪਹਿਲੋਂ ਇਸੇ ਜੇਲ੍ਹ ਵਿਚ ਮੈਂ ਇਕ ਹੋਰ ਵੀ ਛੋਟੀ ਜਿਹੀ ਭੁੱਖ ਹੜਤਾਲ ਕੀਤੀ ਸੀ। ਭੋਜਨ ਸਮੇਂ ਗੈਰ ਸਿਆਸੀ ਜੱਟ- ਸਿੱਖ ਕੈਦੀ ਹਰੀਜਨ ਕੈਦੀਆਂ ਨੂੰ ਪੰਗਤ ਵਿਚ ਨਹੀਂ ਸਨ ਬੈਠਣ ਦਿੰਦੇ। 15 ਕੁ ਦਿਨ ਮੈਂ ਕੱਲੇ ਨੇ ਮਰਨ ਵਰਤ ਰੱਖਿਆ। ਜਦ ਮੈਂ ਡਟਿਆ ਰਿਹਾ ਤਾਂ ਉਹਨਾਂ ਨੂੰ ਬਰਾਬਰ ਦੇ ਹੱਕ ਮਿਲ ਗਏ।

### 16. ਰਿਹਾਈ

ਜਦ ਮੇਰੀ ਸੋਲਾਂ ਸਾਲ ਦੀ ਤਾਰੀਖ਼ੀ ਕੈਦ (ਭਾਵ ਉਮਰ ਕੈਦ ਜੋ 20 ਸਾਲ ਸੁਣਾਉਂਦੇ ਹਨ ਤੇ 14 ਸਾਲ ਪਿੱਛੋਂ ਰਿਹਾ ਕਰ ਦਿੰਦੇ ਹਨ) ਗੁਜ਼ਰ ਗਈ, ਅਰਥਾਤ ਜਿੰਨੀ ਦੇਰ ਇਕ ਉਮਰ ਕੈਦ ਵਾਲੇ ਨੇ ਕੱਟਣੀ ਹੁੰਦੀ ਸੀ ਪੂਰੀ ਹੋ ਗਈ ਅਤੇ ਮੈਂ ਅੰਗਰੇਜ਼ੀ ਸਰਕਾਰ ਦੀ ਨੀਅਤ ਨੂੰ ਚੰਗੀ ਤਰ੍ਹਾਂ ਸਮਝ ਲਿਆ ਕਿ ਉਹ ਮੈਨੂੰ ਜੇਲ੍ਹ ਵਿਚ ਹੀ ਮਾਰਨਾ ਚਾਹੁੰਦੀ ਹੈ, ਤਾਂ ਮੈਂ ਆਖ਼ਰੀ ਭੁੱਖ ਹੜਤਾਲ ਦਾ ਨੋਟਿਸ ਜੇਲ੍ਹ ਵਾਲਿਆਂ ਨੂੰ ਦੇ ਦਿੱਤਾ। ਮੇਰੇ ਖਿਆਲ ਵਿਚ ਇਹ ਅਪ੍ਰੈਲ 1930 ਦੀ ਗੱਲ ਹੈ। ਜਦ ਭੁੱਖ ਹੜਤਾਲ ਨੂੰ ਕੋਈ ਦੋ ਮਹੀਨੇ ਹੋ ਗਏ ਤਾਂ ਮੇਰੀ ਹਾਲਤ ਖਰਾਬ ਹੋ ਗਈ। ਕਿਉਂਕਿ ਨੱਕ ਰਾਹੀਂ ਦੁੱਧ ਪਾਉਣ ਲਈ ਜਦ ਉਹ ਨਲਕੀ ਪਾਉਂਦੇ ਸਨ ਤਾਂ ਮੈਂ ਸਖਤ ਮੁਕਾਬਲਾ ਕਰਦਾ ਸਾਂ। ਅਜਿਹੇ ਮੌਕੇ ਭੁੱਖ ਹੜਤਾਲੀ ਦੇ ਮਰ ਜਾਣ ਦਾ ਵੀ ਖ਼ਤਰਾ ਹੁੰਦਾ ਹੈ। ਸੁਪਰਡੈਂਟ ਜੇਲ੍ਹ ਨੇ ਜੋ ਜੇਲ੍ਹ ਦਾ ਸਿਵਲ ਸਰਜਨ ਡਾਕਟਰ ਵੀ ਹੁੰਦਾ ਹੈ ਮੇਰੀ ਹਾਲਤ ਨਾਜ਼ੁਕ ਦੇਖੀ ਤਾਂ ਪੰਜਾਬ ਸਰਕਾਰ ਨੂੰ ਮੇਰੀ ਹਾਲਤ ਬਾਰੇ ਲਿਖਿਆ। ਸਰਕਾਰ ਨੇ ਜੇਲ੍ਹ ਤੋਂ ਤਬਦੀਲ ਕਰਕੇ ਮਿਓ ਹਸਪਤਾਲ ਲਾਹੌਰ ਵਿਚ ਭੇਜ ਦੇਣ ਦਾ ਹੁਕਮ ਦਿੱਤਾ, ਤੇ ਮੈਨੂੰ ਮਿਓ ਹਸਪਤਾਲ ਦਾਖਲ ਕਰਾਇਆ ਗਿਆ। ਮੇਰੇ ਤੋਂ ਪਹਿਲਾਂ ਭਾਈ ਕੇਸਰ ਸਿੰਘ ਨੂੰ ਵੀ ਚਮੜੀ ਰੋਗ ਵੱਧ ਜਾਣ ਕਰਕੇ ਮਿਓ ਹਸਪਤਾਲ ਭੇਜ ਦਿੱਤਾ ਗਿਆ ਸੀ। ਸਾਨੂੰ ਦੋਹਾਂ ਨੂੰ ਇਕੋ ਹੀ ਕਮਰੇ ਵਿਚ ਰੱਖਿਆ ਗਿਆ ਤਾਂ ਕਿ ਇਕ ਕਮਰੇ ਉਤੇ ਇਕ ਹੀ ਸਿਪਾਹੀ ਦੇ ਪਹਿਰੇ ਨਾਲ ਕੰਮ ਚੱਲ ਜਾਏ। ਅਜੇ ਹਸਪਤਾਲ ਵਿਚ ਗਿਆ ਮੈਨੂੰ ਥੋੜ੍ਹੇ ਹੀ ਦਿਨ ਹੋਏ ਸਨ ਕਿ ਜੇਲ੍ਹ ਸੁਪਰਡੈਂਟ ਰਿਹਾਈ ਦੇ ਕਾਗਜ਼ ਲੈ ਕੇ ਆ ਗਿਆ ਤੇ ਮੈਨੂੰ ਵਧਾਈ ਦੇ ਕੇ ਕਹਿਣ ਲੱਗਾ ਕਿ ਤੁਹਾਡੀ ਰਿਹਾਈ ਆ ਗਈ ਹੈ। ਸਾਨੂੰ ਸਰਕਾਰ ਦੀਆਂ ਚਾਲਾਂ ਦਾ ਕਾਫੀ ਤਜਰਬਾ ਹੋ ਚੁੱਕਾ ਸੀ। ਇਸ ਲਈ ਮੈਂ ਪੁੱਛਿਆ ਕਿ ਕਿਸ ਤਰ੍ਹਾਂ? ਸੁਪਰਡੈਂਟ ਨੇ ਕਿਹਾ ਕਿ ਤੁਸਾਂ ਥਾਣੇ ਜਾ ਕੇ ਕੋਈ ਹਾਜ਼ਰੀ ਨਹੀਂ ਦੇਣੀ ਸਿਰਫ ਪਿੰਡ ਦੇ ਨੰਬਰਦਾਰ ਨੂੰ ਹੀ ਕਹਿ ਦੇਣਾ ਹੈ ਕਿ ਮੈਂ ਪਿੰਡ ਵਿਚ ਹਾਜ਼ਰ ਹਾਂ। ਮੈਂ ਸ਼ਰਤੀ ਰਿਹਾਈ ਠੁਕਰਾ ਦਿੱਤੀ ਤੇ ਕਿਹਾ ਕਿ ਮੈਨੂੰ ਇਸ ਜ਼ਲੀਲ ਰਿਹਾਈ ਦੀ ਕੋਈ ਲੋੜ ਨਹੀਂ ਇਸ ਦੇ ਕੁਝ ਦਿਨਾਂ ਪਿੱਛੋਂ ਮੇਰੀ ਹਾਲਤ ਹੋਰ ਵੀ ਵਿਗੜ ਗਈ।

ਉਧਰ ਅਖ਼ਬਾਰਾਂ ਨੇ ਵੀ ਮੇਰੀ ਬਿਨਾਂ ਸ਼ਰਤ ਰਿਹਾਈ ਲਈ ਕਾਫੀ ਲਿਖਿਆ ਤੇ ਸਰਕਾਰ ਨੂੰ ਝੁਕਣਾ ਪਿਆ। ਇਸ ਤਰ੍ਹਾਂ ਮੇਰੀ ਬਿਨਾਂ ਸ਼ਰਤ ਰਿਹਾਈ ਹੋਈ। ਜਦ ਫਿਰ ਸੁਪਰਡੈਂਟ ਜੇਲ੍ਹ ਰਿਹਾਈ ਦੇ ਕਾਗਜ਼ ਲੈ ਕੇ ਆਇਆ ਤਾਂ ਮੈਂ ਕਿਹਾ ਕਿ ਮੈਨੂੰ ਸਰਕਾਰ ਤੇ ਭਰੋਸਾ ਨਹੀਂ। ਇਸ ਲਈ ਮੈਂ ਕਾਗਜ਼ਾਂ ਤੇ ਦਸਤਖਤ ਨਹੀਂ ਕਰ ਸਕਦਾ ਅਤੇ ਨਾ ਹੀ ਕੀਤੇ।

ਉਹ ਵਾਪਸ ਚਲਾ ਗਿਆ। ਅਗਲੇ ਦਿਨ ਹੋਮ ਸੈਕਟਰੀ ਪੰਜਾਬ ਨੇ ਅਖਬਾਰ 'ਸ਼ੇਰੇ ਪੰਜਾਬ' ਦੇ ਐਡੀਟਰ ਸਰਦਾਰ ਅਮਰ ਸਿੰਘ ਨੂੰ ਸੰਤ ਵਸਾਖਾ ਸਿੰਘ ਕੋਲ ਭੇਜਿਆ। ਸੰਤ ਵਸਾਖਾ ਸਿੰਘ, ਸਰਦਾਰ ਖੜਕ ਸਿੰਘ ਤੇ ਸਰਦਾਰ ਅਮਰ ਸਿੰਘ ਮਿਓ ਹਸਪਤਾਲ ਆਏ। ਉਨ੍ਹਾਂ ਨੇ ਫੁਰਮਾਇਆ ਕਿ ਮੋਰਚਾ ਬਿਨਾਂ ਸ਼ਰਤ ਫਤਿਹ ਹੋ ਗਿਆ ਹੈ ਤੇ ਅਸੀਂ ਅਕਾਲ ਤਖਤ ਤੋਂ ਹੁਕਮ ਲੈ ਕੇ ਆਏ ਹਾਂ। ਪੰਥ ਦਾ ਹੁਕਮ ਹੈ ਕਿ ਭੁੱਖ ਹੜਤਾਲ ਤੋੜ ਦਿੱਤੀ ਜਾਵੇ ਤੇ ਰਿਹਾਈ ਮੰਨ ਲਈ ਜਾਏ। ਤਦ ਮੈਂ ਸੰਗਤ ਦਾ ਹੁਕਮ ਮੰਨ ਕੇ ਭੁੱਖ ਹੜਤਾਲ ਖਤਮ ਕਰ ਦਿੱਤੀ। ਇਹ ਮੇਰੀ ਪੰਜਵੀਂ ਭੁੱਖ ਹੜਤਾਲ ਸੀ।

ਮੇਰੇ ਖਿਆਲ ਵਿਚ ਜੁਲਾਈ 1930 ਦੀ ਕਿਸੇ ਤਰੀਕ ਨੂੰ 90 ਦਿਨ ਦੀ ਭੁੱਖ ਹੜਤਾਲ ਪਿੱਛੋਂ ਮੇਰੀ 16 ਸਾਲਾਂ ਪਿੱਛੋਂ ਰਿਹਾਈ ਹੋਈ। ਮੇਰੇ ਪਿੱਛੋਂ ਭਾਈ ਕੇਸਰ ਸਿੰਘ ਦੀ ਵੀ ਉਹੀ ਸ਼ਰਤ ਵਾਲੀ ਰਿਹਾਈ (ਜੋ ਪਹਿਲਾਂ ਮੈਨੂੰ ਦਿੱਤੀ ਗਈ ਸੀ) ਆਈ। ਪਰ ਇਸ ਸ਼ੇਰ ਦਿਲ ਸੂਰਮੇ ਨੇ ਸ਼ਰਤ ਵਾਲੀ ਰਿਹਾਈ ਠੁਕਰਾ ਦਿੱਤੀ। ਤਿੰਨ ਸਾਲ ਭਾਈ ਕੇਸਰ ਸਿੰਘ ਤੇ ਸਰਕਾਰ ਦੋਵੇਂ ਅੜੇ ਰਹੇ। ਅਖੀਰ ਜਦ ਵੀਹ ਸਾਲ ਦੀ ਪੂਰੀ ਕੈਦ ਕੱਟੀ ਗਈ ਤਾਂ ਸਰਕਾਰ ਨੂੰ ਹਾਰ ਮੰਨਣੀ ਪਈ ਤੇ ਸਰਕਾਰ ਨੂੰ ਬਿਨਾਂ ਸ਼ਰਤ ਰਿਹਾਈ ਕਰਨੀ ਪਈ। ਪਰ ਅਫਸੋਸ ਹੈ ਕਿ ਇਸ ਸੂਰਮੇ ਦੀ ਮੌਤ ਬੜੀ ਦਰਦਨਾਕ ਹੋਈ ਜਿਸ ਦਾ ਅੱਜ ਤੱਕ ਪੂਰਾ ਪਤਾ ਨਹੀਂ ਲੱਗ ਸਕਿਆ ਕਿ ਕਿੱਥੇ ਅਤੇ ਕਿਸ ਤਰ੍ਹਾਂ ਹੋਈ।

# ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਮੰਗੂ ਰਾਮ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ

ਦੇਰ ਅਮਰੀਕਾ ਕੰਪਨੀ ਵਿੱਚ ਕੰਮ ਕੀਤਾ ਤੇ ਫਿਰ ਉਥੋਂ ਸ਼੍ਰੀ ਲੰਕਾ ਨੂੰ ਆ ਗਏ। ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਆਪ ਸ਼੍ਰੀ ਲੰਕਾ ਤੋਂ ਦੱਖਣੀ ਭਾਰਤ ਬੰਬੇ ਆ ਪਹੁੰਚੇ। ਇਸ ਦੌਰਾਨ ਬਾਬੂ ਜੀ ਦੀ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਸੋਚਿਆ ਕਿ ਬਾਬੂ ਜੀ ਵੀ ਮਾਰੇ ਗਏ ਹਨ ਅਤੇ ਉਨ੍ਹਾ ਦੀ ਪਤਨੀ ਨੂੰ ਵਿਧਵਾ ਮੰਨਦੇ ਹੋਏ ਦੂਜੇ ਭਰਾ ਨਾਲ ਵਿਆਹ ਦਿਤਾ। ਬਾਬੂ ਜੀ ਇਸਤੋਂ ਬਾਦ ਵਾਪਸ ਪਿੰਡ ਆ ਗਏ। ਉਨ੍ਹਾਂ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਇੱਕ ਪਾਸੇ ਦੇਸ਼ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਹੈ ਪਰੰਤੂ ਸਦੀਆਂ ਤੋਂ ਗੁਲਾਮੀ ਸਹਿ ਰਹੇ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। ਇਸ ਦੌਰਾਨ ਹੀ ਆਰਿਆ ਸਮਾਜ ਦੇ ਆਗੂਆਂ ਵਲੋਂ ਹਿੰਦੂ ਧਰਮ ਵਿੱਚ ਫੈਲੀਆਂ ਕੁੱਝ ਕੁਰੀਤੀਆਂ ਨੂੰ ਲੈਕੇ ਅੰਦੋਲਨ ਚੱਲ ਰਿਹਾ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਅਛੂਤਾਂ ਦੀ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਆਦਿ ਧਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸਤੋਂ ਬਾਦ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਦਲਿਤ ਵਰਗ ਦੀਆਂ ਲੱਗਭੱਗ 36 ਜਾਤਾਂ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ ਅਤੇ ਇਸ ਲਹਿਰ ਦਾ ਪਹਿਲਾ ਪ੍ਰਧਾਨ ਸਰਬ ਸੰਮਤੀ ਨਾਲ ਬਾਬੂ ਮੰਗੂ ਰਾਮ ਨੂੰ ਬਣਾਇਆ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। ਆਦਿ ਧਰਮ ਮੰਡਲ ਵਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਆਦਿ ਡੰਕਾ ਅਖਬਾਰ ਸ਼ੁਰੂ ਕੀਤਾ ਗਿਆ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦਿ ਧਰਮ ਸੰਗਠਨ ਦਾ ਪਹਿਲਾ ਦਫਤਰ ਖੋਲਿਆ ਗਿਆ ਅਤੇ ਬਾਬੂ ਜੀ ਜਲੰਧਰ ਰਹਿਣ ਲੱਗ ਪਏ ਜਿੱਥੇ ਉਹ 1940 ਤੱਕ ਰਹੇ ਅਤੇ ਆਦਿ ਧਰਮ ਮਿਸ਼ਨ ਅਤੇ ਅਛੂਤਾਂ ਦੀ ਭਲਾਈ ਲਈ ਕੰਮ ਕੀਤਾ। ਇਸ ਦੌਰਾਨ ਹੀ ਬਰਤਾਨੀਆ ਸਰਕਾਰ ਨੇ ਭਾਰਤ ਵਿੱਚ ਲੋਕਾਂ ਵਿਸ਼ੇਸ਼ ਤੋਰ ਤੇ ਦਲਿਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸਨ ਕਿਹਾ ਜਾਂਦਾ ਹੈ। ਭਾਰਤ ਵਿੱਚ ਕਈ ਕਾਂਗਰਸੀ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਨੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਦਲਿਤ ਨਾਂ ਹੀ ਹਿੰਦੂ ਹਨ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਨ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਅੰਤ ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ। ਇਸ ਦੌਰਾਨ ਹੀ ਦਲਿਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਬਾਬੂ ਮੰਗੂ ਰਾਮ ਦੇ ਸੰਘਰਸ਼ ਤੋਂ ਬਾਦ 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਉਸ ਵੇਲੇ ਗ੍ਰੇਟਰ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ। ਵਰਨਣਯੋਗ ਹੈ ਕਿ ਇਸ ਵਿੱਚੋਂ 80 ਫਿਸਦੀ ਤੋਂ ਵੱਧ ਲੋਕ ਪੰਜਾਬ ਦੇ ਜਲੰਧਰ ਅਤੇ ਹੁਸ਼ਿਆਰਪੁਰ ਨਾਲ ਹੀ ਸਬੰਧਿਤ ਸਨ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਤੋਂ ਪੱਤਰ ਅਤੇ ਤਾਰਾਂ ਭੇਜੀਆਂ। ਇਨ੍ਹਾਂ ਗੋਲਮੇਜ਼ ਕਾਨਫਰੰਸਾਂ ਤੋਂ ਬਾਦ ਬਰਤਾਨੀਆ ਸਰਕਾਰ ਨੇ ਦਲਿਤਾਂ ਲਈ ਅਲੱਗ ਚੋਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਮਹਾਤਮਾ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨਫਰੰਸ ਵਿੱਚ ਵੀ ਡਾਕਟਰ ਅੰਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ। ਮਹਾਤਮਾ ਗਾਂਧੀ ਦੇ ਇਸ ਮਰਨ ਵਰਤ ਤੋਂ ਬਾਦ 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਇਸ ਸਮਝੋਤੇ ਵਿੱਚ ਦਲਿਤਾਂ ਨੂੰ ਵਖਰੀ ਚੋਣ ਵਿਵਸਥਾ ਦੀ ਥਾਂ ਰਾਖਵਾਂਕਰਣ ਦਿਤਾ ਗਿਆ ਜਿਸ ਅਨੁਸਾਰ ਭਾਰਤ ਦੀਆਂ ਵੱਖ ਵੱਖ ਵਿਧਾਨ ਸਭਾਵਾਂ ਲਈ ਕੁੱਲ 148 ਸੀਟਾਂ ਦਲਿਤਾਂ ਲਈ ਰਾਖਵੀਆਂ ਰੱਖੀਆਂ ਗਈਆਂ ਜਿਨ੍ਹਾਂ ਵਿੱਚ ਉਸ ਵੇਲੇ ਪੰਜਾਬ ਦੀਆਂ 08 ਸੀਟਾਂ ਸਨ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। 1946 ਵਿੱਚ ਬਾਬੂ ਮੰਗੂ ਰਾਮ ਆਪ ਵੀ ਵਿਧਾਇਕ ਬਣੇ ਅਤੇ 1952 ਤੱਕ ਵਿਧਾਇਕ ਰਹੇ। ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। ਅੰਤ 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਦਲਿਤ ਆਗੂ ਸਾਨੂੰ ਸਦੀਵੀ ਵਿ-ਛੋੜਾ ਦੇ ਗਿਆ। ਬਾਬੂ ਮੰਗੂ ਰਾਮ ਮੂਗੋਵਾਲੀਆਂ ਵਲੋਂ ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਮੰਗੂ ਰਾਮ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

ਗਦਰ ਲਹਿਰ ਅਤੇ ਆਦਿ ਧਰਮ ਮੰਡਲ ਦੇ ਇਸ ਆਗੂ ਦੀ ਕੋਈ ਵੀ ਯਾਦਗਾਰ ਨਾਂ ਬਣੀ ਹੋਣ ਕਾਰਨ ਪਿੰਡ ਵਾਸੀ ਵੀ ਭੁੱਲਦੇ ਜਾ ਰਹੇ ਹਨ ਇਸ ਆਗੂ ਨੂੰ। ਗਦਰ ਲਹਿਰ ਅਤੇ ਆਦਿ ਧਰਮ ਮੰਡਲ ਦੇ ਇਸ ਆਗੂ ਦੇ ਪਿੰਡ ਮੂਗੋਵਾਲ ਵਿੱਚ ਸਰਕਾਰ ਨੇ ਕੋਈ ਵੀ ਵਿਸ਼ੇਸ਼ ਯਾਦਗਾਰ ਨਹੀਂ ਬਣਾਈ ਹੈ ਅਤੇ ਪਰਿਵਾਰ ਵਲੋਂ ਹੁਸ਼ਿਆਰਪੁਰ-ਚੰਡੀਗੜ੍ਹ ਰੋਡ ਤੇ ਗੜਸ਼ੰਕਰ ਵਿੱਚ ਬਣਾਈ ਗਈ ਸਮਾਧ ਦੀ ਹਾਲਤ ਵੀ ਖਸਤਾ ਹੈ। ਮੂਗੋਵਾਲ ਪਿੰਡ ਜੋਕਿ ਹੁਸ਼ਿਆਰਪੁਰ ਜਿਲ੍ਹੇ ਵਿੱਚ ਪੈਂਦਾ ਹੈ ਦੀ ਅਬਾਦੀ ਲੱਗਭੱਗ 3500 ਹੈ। ਇਸ ਪਿੰਡ ਵਿੱਚ ਵੱਖ ਵੱਖ ਜਾਤਾਂ ਦੇ ਲੋਕ ਜਿਨ੍ਹਾਂ ਵਿੱਚ ਲੱਗਭੱਗ 36 ਫਿਸਦੀ ਆਦਧਰਮੀ, 31 ਫਿਸਦੀ ਜੱਟ, 11 ਫਿਸਦੀ ਬ੍ਰਾਹਮਣ, 9 ਫਿਸਦੀ ਘੁਮਿਆਰ, 6 ਫਿਸਦੀ ਬਾਲਮਿਕੀ, 5 ਫਿਸਦੀ ਤਰਖਾਣ ਅਤੇ 1 ਫਿਸਦੀ ਹੋਰ ਲੋਕ ਰਹਿੰਦੇ ਹਨ। ਇਸ ਪਿੰਡ ਵਿੱਚ ਬਾਬੂ ਮੰਗੂ ਰਾਮ ਦੇ ਪਰਿਵਾਰ ਨਾਲ ਸਬੰਧਿਤ ਕਈ ਮੈਂਬਰ ਰਹਿੰਦੇ ਹਨ। ਇਸ ਅਜ਼ਾਦੀ ਘੁਲਾਟੀਏ ਅਤੇ ਆਦਿ ਧਰਮ ਦੇ ਆਗੂ ਨੂੰ ਸਮੇਂ ਸਮੇਂ ਤੇ ਦੇਸ਼ ਵਿਦੇਸ਼ ਵਿੱਚ ਯਾਦ ਕੀਤਾ ਜਾਂਦਾ ਹੈ ਪਰ ਅਪਣੇ ਪਿੰਡ ਅਤੇ ਸੂਬੇ ਵਿੱਚ ਸਰਕਾਰਾਂ ਦੀ ਅਣਗਹਿਲੀ ਕਾਰਨ ਇਸਦੀ ਕੋਈ ਖਾਸ ਯਾਦਗਾਰ ਨਹੀਂ ਬਣਾਈ ਗਈ ਹੈ। ਹਰ ਸਰਕਾਰ ਵਲੋਂ ਅਜ਼ਾਦੀ ਘੁਲਾਟੀਆਂ, ਦਲਿਤ ਰਹਿਵਰਾਂ ਦੀਆਂ ਯਾਦਗਾਰਾਂ ਬਣਾਉਣ ਅਤੇ ਸੰਭਾਲਣ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਇਸ ਆਗੂ ਦੀ ਯਾਦ ਵਿੱਚ ਹੁਣ ਤੱਕ ਸਰਕਾਰ ਵਲੋਂ ਕੋਈ ਖਾਸ ਕਾਰਵਾਈ ਨਹੀਂ ਕੀਤੀ ਗਈ ਹੈ। ਹਾਲਤ ਇਥੋਂ ਤੱਕ ਖਸਤਾ ਹੈ ਕਿ ਬਾਬੂ ਜੀ ਦੇ ਅਪਣੇ ਪਿੰਡ ਵਿੱਚ ਵੀ ਕਈ ਬੱਚਿਆਂ ਨੂੰ ਉਨ੍ਹਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਸ ਸਬੰਧੀ ਬਾਬੂ ਮੰਗੂ ਰਾਮ ਦੇ ਕਰੀਬੀ ਰਿਸ਼ਤੇਦਾਰ ਮਨਜੀਤ ਗੰਗੜ ਨੇ ਦੱਸਿਆ ਕਿ ਸਰਕਾਰ ਵਲੋਂ ਬਾਬੂ ਜੀ ਦੀ ਯਾਦ ਨੂੰ ਸੰਭਾਲਣ ਲਈ ਕੋਈ ਵੀ ਕਦਮ ਨਹੀਂ ਚੁੱਕੇ ਗਏ ਹਨ। ਉਨ੍ਹਾ ਦੱਸਿਆ ਕਿ ਆਦਿ ਧਰਮ ਮਿਸ਼ਨ ਵਲੋਂ ਬਾਬੂ ਜੀ ਦੀ ਯਾਦ ਵਿੱਚ ਇੱਕ ਐਂਬੂਲੈਂਸ ਚਲਾਈ ਗਈ ਹੈ। ਸ਼੍ਰੀ ਗੁਰੂ ਰਵਿਦਾਸ ਵੈਲ ਫੇਅਰ ਸੋਸਾਇਟੀ ਅਜ਼ਮਾਨ ਦੇ ਆਗੂਆਂ ਚੇਅਰਮੈਨ ਬਖਸ਼ੀ ਰਾਮ, ਪ੍ਰਧਾਨ ਰੂਪ ਸਿੱਧੂ, ਕਮਲਰਾਜ ਸਿੰਘ, ਬਲਵਿੰਦਰ ਸਿੰਘ, ਧਰਮਪਾਲ ਸਿੰਘ, ਸੱਤਪਾਲ ਮਹੇ, ਅਜੇ ਕੁਮਾਰ, ਗੁਰਮੇਲ ਸਿੰਘ ਮਹੇ, ਪਰਮਜੀਤ ਸਿੰਘ, ਇੰਦਰ ਸਿੰਘ, ਜਨਰਲ ਸਕੱਤਰ ਲੇਖ ਰਾਜ ਮਹੇ, ਭਾਰਤ ਵਿੱਚ ਕੋਆਰਡੀਨੇਟਰ ਕੁਲਦੀਪ ਚੰਦ ਅਤੇ ਪੰਜਾਬ ਦੇ ਕੋਆਰਡੀਨੇਟਰ ਤਿਲਕ ਰਾਜ ਮਾਹੀ ਨੇ ਦੱਸਿਆ ਕਿ ਬਾਬੂ ਜੀ ਦੇ ਪਿੰਡ ਵਿੱਚ ਉਨ੍ਹਾਂ ਨਾਲ ਜੁੜੀਆਂ ਯਾਦਾਂ ਖੰਡਰ ਬਣ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਕੋਈ ਵੀ ਢੁਕਵੀਂ ਯਾਦਗਾਰ ਨਹੀਂ ਹੈ। ਉਨ੍ਹਾਂ ਦੱਸਿਆ ਕਿ ਹਾਲਤ ਇਥੋਂ ਤੱਕ ਖਸਤਾ ਹੈ ਕਿ ਪਿੰਡ ਦੇ ਸਕੂਲ ਅਤੇ ਪੰਚਾਇਤ ਘਰ ਵਿੱਚ ਵੀ ਉਨ੍ਹਾਂ ਦੀ ਕੋਈ ਫੋਟੋ ਨਹੀਂ ਲਗਾਈ ਗਈ ਹੈ। ਉਨ੍ਹਾਂ ਮੰਗ ਕੀਤੀ ਕਿ ਦੇਸ਼ ਦੀ ਅਜ਼ਾਦੀ ਅਤੇ ਲਿਤਾੜੇ ਸਮਾਜ ਦੇ ਵਿਕਾਸ ਲਈ ਅਹਿਮ ਭੂਮਿਕਾ ਨਿਭਾਉਣ ਵਾਲੇ ਇਸ ਦਲਿਤ ਯੋਧੇ ਦੀ ਢੁਕਵੀਂ ਯਾਦਗਾਰ ਬਣਾਈ ਜਾਵੇ ਤਾਂ ਜੋ ਆਣ ਵਾਲੀਆਂ ਪੀੜ੍ਹੀਆਂ ਨੂੰ ਬਾਬੂ ਜੀ ਬਾਰੇ ਜਾਣਕਾਰੀ ਮਿਲ ਸਕੇ।




# ਸਹੁਰੇ ਨੇ ਮਾਰੀ ਸੀ ਬੋਲੀ



ਡਾ. ਕਰਮਜੀਤ ਸਿੰਘ
91-98763-23862

ਪਿਛਲੇ ਦਿਨੀਂ ਮੈਂ ਗੜ੍ਹਸ਼ੰਕਰ ਨੇੜੇ ਪਿੰਡ ਬਹਿਰਾਮਪੁਰ ਵਿਚ ਲੋਕ-ਗੀਤ ਇਕੱਠੇ ਕਰਨ ਦੇ ਮੰਤਵ ਨਾਲ ਗਿਆ। ਮੈਨੂੰ ਹੈਰਾਨੀ ਹੋਈ ਕਿ ਜਿਨ੍ਹਾਂ ਔਰਤਾਂ ਤੋਂ ਮੈਂ ਗੀਤ ਸੁਣ ਰਿਹਾ ਸਾਂ ਉਨ੍ਹਾਂ ਵਿਚ ਇਕ ਅੱਸੀ ਸਾਲ ਦੀ ਉਮਰ ਦੀ ਬਜ਼ੁਰਗ ਔਰਤ ਵੀ ਸੀ, ਪਰ ਉਹ ਮੁੰਡੇ ਦੇ ਜੰਮਣ 'ਤੇ ਗਾਈਆਂ ਜਾਂਦੀਆਂ ਬ੍ਰਿਆਈਆਂ ਵਿਚੋਂ ਇਕ ਵੀ ਬ੍ਰਿਆਈ ਨਹੀਂ ਸੁਣਾ ਸਕੀਆਂ। ਇੱਥੇ ਮੈਂ ਇਹ ਮਹਿਸੂਸ ਕੀਤਾ ਕਿ ਲੋਕ-ਕਾਵਿ ਦਾ ਇਹ ਰੂਪ ਤਕਰੀਬਨ ਖ਼ਤਮ ਹੀ ਹੋ ਰਿਹਾ ਹੈ।

ਇਸ ਕਾਵਿ-ਰੂਪ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹਨ। ਇਕ ਪਾਸੇ ਇਹ ਮੁੰਡੇ ਕੁੜੀ ਵਿਚ ਕੀਤੇ ਜਾਂਦੇ ਅੰਤਰ ਦਾ ਪਤਾ ਦਿੰਦਾ ਹੈ ਕਿਉਂਕਿ ਬ੍ਰਿਆਈਆਂ ਕੇਵਲ ਮੁੰਡੇ ਦੇ ਜੰਮਣ 'ਤੇ ਹੀ ਗਾਈਆਂ ਜਾਂਦੀਆਂ ਹਨ। ਕੁੜੀ ਦੇ ਜੰਮਣ 'ਤੇ ਤਾਂ ਸੋਗ ਗੀਤ ਵੀ ਨਹੀਂ ਗਾਏ ਜਾਂਦੇ। ਫਿਰ ਵੀ ਬ੍ਰਿਆਈਆਂ ਦਾ ਆਪਣਾ ਸੁਹਜ ਵੀ ਹੈ। ਇਹ ਸੁਹਜ ਪੈਦਾ ਹੁੰਦਾ ਹੈ ਔਰਤ ਨੂੰ ਮਾਨਤਾ ਪ੍ਰਾਪਤ ਹੋਣ ਤੋਂ। ਉਸ ਨੇ ਘਰ ਨੂੰ ਵਾਰਿਸ ਦਿੱਤਾ ਹੈ ਇਸ ਲਈ ਉਹ 'ਸ਼ੇਰ' ਵੀ ਬਣ ਜਾਂਦੀ ਹੈ। ਉਹ ਅਸੰਭਵ ਵਸਤਾਂ ਦੀ ਮੰਗ ਕਰਦੀ ਹੈ। ਇਨ੍ਹਾਂ ਬ੍ਰਿਆਈਆਂ ਵਿਚ ਬੱਚਾ ਨਾ ਹੋਣ ਦੇ ਦਰਦ ਤੇ ਸ਼ਰੀਕਾਂ ਨਾਲ ਸਾੜੇ ਦਾ ਜ਼ਿਕਰ ਹੈ। ਪ੍ਰਸੂਤ ਹੋਈ ਇਸਤਰੀ ਦੀ ਨੌਂ ਮਹੀਨੇ ਦੀ ਗਰਭ ਵਿਕਸਿਤ ਹੋਣ ਦੀ ਪ੍ਰਕਿਰਿਆ ਤੇ ਗਰਭਵਤੀ ਦੇ ਬਦਲੇ ਸੁਆਦਾਂ ਦੀ ਵਿਸਤ੍ਰਿਤ ਚਰਚਾ ਇਨ੍ਹਾਂ ਗੀਤਾਂ ਵਿਚ ਹਾਸ-ਰਸ ਵੀ ਪੈਦਾ ਕਰਦੀ ਹੈ। ਮੁੰਡਾ ਕ੍ਰਿਸ਼ਨ ਮੁਰਾਰ ਹੈ ਜਾਂ ਮੁਨਸ਼ੀ ਜਾਂ ਫਿਰ ਜਸਪਤ ਰਾਇ। ਮੁੰਡਾ ਜੰਮਣ ਤੋਂ ਬਾਅਦ ਨਿਭਾਈਆਂ ਜਾਂਦੀਆਂ ਅਨੇਕਾਂ ਰੀਤਾਂ ਦਾ ਉਲੇਖ ਵੀ ਇਨ੍ਹਾਂ ਗੀਤਾਂ ਵਿਚ ਮਿਲਦਾ ਹੈ। ਪਹਿਲੇ ਬੱਚੇ ਦਾ ਜਨਮ ਨਾਨਕਿਆਂ ਘਰ ਹੁੰਦਾ ਹੈ। ਇਸ ਲਈ ਨਾਨਕਿਆਂ ਵੱਲੋਂ ਗਾਏ ਜਾਂਦੇ ਗੀਤਾਂ ਵਿਚ ਦਾਦਕਿਆਂ 'ਤੇ ਵਿਅੰਗ ਕੱਸੇ ਜਾਂਦੇ ਹਨ। ਸਿੱਠਣੀਆਂ ਦੇ ਰੂਪ ਵਿਚ।

ਬਾਗ਼ੀਂ ਮੋਰ ਬੋਲੇ, ਗੀਗੇ ਜਰਮ ਲਿਆ।
ਦਾਦੀ ਨਿਕਲ ਗਈਉ, ਬਾਬਾ ਲੱਭਦਾ ਰਿਹਾ।
ਬਾਗ਼ੀਂ ਮੋਰ ਬੋਲੇ ਗੀਗੇ ਜਰਮ ਲਿਆ,
ਨਾਨੀ ਸ਼ਗਨ ਮਨਾਵੇ, ਨਾਨਾ ਰਮਿਆ ਰਿਹਾ।

ਜਦੋਂ ਮੁੰਡਾ ਦਾਦਕਿਆਂ ਦੇ ਪਹੁੰਚਦਾ ਹੈ ਤਾਂ ਇਹ ਕ੍ਰਮ ਬਦਲ ਜਾਂਦਾ ਹੈ। ਸਿੱਠਣੀਆਂ ਦਾ ਸ਼ਿਕਾਰ ਨਾਨਕੇ ਹੋ ਜਾਂਦੇ ਹਨ।

ਬ੍ਰਿਆਈਆਂ ਵਿਚ ਅਨੇਕ ਲੰਬੇ ਗੀਤ (ਗਾਉਣ) ਵੀ ਹਨ। ਜਿਨ੍ਹਾਂ ਦਾ ਆਪਣਾ ਵੱਖਰਾ ਮਹੱਤਵ ਤੇ ਸੁਹਜ ਹੈ। ਇਨ੍ਹਾਂ ਵਿਚੋਂ ਇੱਥੇ ਮੈਂ ਇਕ ਦਾ ਜ਼ਿਕਰ ਕਰ ਰਿਹਾ ਹਾਂ, ਜੋ ਵਿਕਾਸ ਦੇ ਨਾਲ-ਨਾਲ ਬਿਰਤਾਂਤ ਦੇ ਨਵੇਂ ਵੇਰਵੇ ਸਿਰਜਦਾ ਹੈ। ਮਾਹੌਲ ਉੱਪਰ ਦੱਸਿਆ ਹੀ ਹੈ। ਇਹ ਗੀਤ ਮੈਂ ਆਪਣੀ ਨਾਨੀ ਲਾਭੀ ਤੋਂ ਸੁਣਿਆ। ਇਸ ਵਿਚ, ਗਾਉਂਦਿਆਂ ਕਈ ਉਤਰਾਅ ਚੜ੍ਹਾਅ ਆਉਂਦੇ ਹਨ ਜਿਨ੍ਹਾਂ ਦਾ ਪਤਾ ਤਾਂ ਗਾਏ ਗਏ ਗੀਤ ਨੂੰ ਸੁਣਨ ਨਾਲ ਹੀ ਹੋ ਸਕਦਾ ਹੈ, ਪਰ ਗੀਤ ਦਾ ਪਾਠ ਦਾ ਇਕ ਆਪਣਾ ਮਹੱਤਵ ਹੈ। ਗੀਤ ਦੇ ਸ਼ੁਰੂ ਦੇ ਬੋਲ ਹਨ।

ਨੱਥ ਕਰਾ ਦੇ ਵੇ ਸੌਰਿਆ ਸਾਨੂੰ ਨੱਥ ਕਰਾ ਦੇ
ਵਿਚ ਪੁਆ ਦੇ ਵੇ, ਵਿਚ ਪੁਆ ਦੇ ਵੇ ਚੀਨੀਆਂ।

ਔਰਤ ਦੇ ਮੁੰਡਾ ਜੰਮ ਕੇ 'ਨੱਥ' ਦੀ ਮੰਗ ਕੀਤੀ ਹੈ ਜਿਸ ਨੂੰ ਉਹ ਆਪਣੀ ਇੱਜ਼ਤ ਨਾਲ ਜੋੜਦੀ ਹੈ। ਕਈ ਵਾਰ ਅਤਿ ਉਤਸ਼ਾਹੀ ਪ੍ਰਗਤੀਵਾਦੀ/ਨਾਰੀਵਾਦੀ ਇਨ੍ਹਾਂ ਨੱਕ, ਪੈਰਾਂ ਤੇ ਗਲ ਦੇ ਗਹਿਣਿਆਂ ਨੂੰ ਨਾਰੀ ਦੀ ਗ਼ੁਲਾਮੀ ਦਾ ਚਿੰਨ੍ਹ ਮੰਨਦੇ ਹਨ, ਪਰ ਉਹ ਇਹ ਭੁੱਲ ਜਾਂਦੇ ਹਨ ਕਿ ਔਰਤ ਤਾਂ ਉਦੋਂ ਤੋਂ ਹੀ ਸ਼ਿੰਗਾਰ ਕਰਦੀ ਆ ਰਹੀ ਹੈ ਜਦੋਂ ਅਜੇ ਮਾਤਾ-ਪ੍ਰਧਾਨ ਸਮਾਜ ਹੋਂਦ ਵਿਚ ਸੀ। ਘਰੇਲੂ ਕੰਮ ਕਰਦਿਆਂ ਵਿਚਲੇ ਸਮੇਂ ਉਹ ਅਜਿਹਾ ਸ਼ਿੰਗਾਰ ਫੁੱਲਾਂ ਆਦਿ ਨਾਲ ਕਰਦੀ ਸੀ। ਬਾਅਦ ਵਿਚ ਪੱਥਰਾਂ, ਕਉਡੀਆਂ, ਹਾਥੀ ਦੰਦ ਤੇ ਧਾਤ ਦੀ ਖੋਜ ਨਾਲ ਚਾਂਦੀ ਸੋਨੇ ਦੇ ਗਹਿਣਿਆਂ ਨਾਲ ਉਸ ਨੇ ਆਪਣੇ ਆਪ ਨੂੰ ਸ਼ਿੰਗਾਰਨਾ ਸ਼ੁਰੂ ਕੀਤਾ। ਪਰ ਪਿਤਾ-ਪ੍ਰਧਾਨ ਸਮਾਜ ਵਿਚ ਇਨ੍ਹਾਂ ਲਈ ਉਸ ਨੂੰ ਇਸ ਮਹਿੰਗੇ ਸ਼ਿੰਗਾਰ ਲਈ ਮਰਦ ਦੇ ਹੱਥਾਂ ਵੱਲ ਦੇਖਣਾ ਪਿਆ ਤੇ ਅੱਜ ਤੱਕ ਵੀ ਦੇਖਣਾ ਪੈਂਦਾ ਹੈ। ਆਪ ਕਮਾਉਂਦੀ ਔਰਤ ਨੂੰ ਵੀ ਮਰਦ ਦੀ ਸਹਿਮਤੀ ਲੈਣੀ ਪੈਂਦੀ ਹੈ। ਖ਼ੈਰ ਔਰਤ ਨੇ ਨੱਥ ਮੰਗੀ ਹੈ ਪਰ ਨਗ (ਚੀਨੀ) ਵਾਲੀ। ਮੰਗੀ ਸਹੁਰੇ ਤੋਂ ਪਰ ਸਹੁਰਾ ਕੀ ਜਵਾਬ ਦਿੰਦੀ ਹੈ?

ਨੱਥ ਤਾਂ ਤੇਰੀ ਨੀ ਨੋਹੇਂ ਤੇਰਾ ਬਾਪ ਲਿਆਵੇ,
ਬਾਪ ਲਿਆਵੇ
ਅਜੇ ਤਾਂ ਪਿੰਡਾਂ ਦੇ, ਪਿੰਡਾਂ ਦੇ ਮਾਮਲੇ ਜੀ ਰਹਿੰਦੇ।

ਸਹੁਰੇ ਨੇ ਆਪਣੀਆਂ ਆਰਥਿਕ ਮਜਬੂਰੀਆਂ ਦੱਸ ਕੇ ਇਨਕਾਰ ਕਰ ਦਿੱਤਾ ਹੈ ਤੇ ਨਾਲ ਹੀ ਇਸ ਨੂੰ ਲਿਆਉਣ ਲਈ ਜੱਚਾ ਦੇ ਮਾਪਿਆਂ ਵੱਲ ਇਸ਼ਾਰਾ ਕਰ ਦਿੱਤਾ ਹੈ। ਇਹ ਇਸ਼ਾਰਾ ਐਵੇਂ ਹੀ ਨਹੀਂ ਹੈ। ਸਦੀਆਂ ਤੋਂ ਮਰਦ-ਪ੍ਰਧਾਨ ਸਮਾਜ ਦੀ ਰੀਤ ਹੈ ਕਿ ਅਜਿਹਾ ਸਾਰਾ ਖਰਚਾ ਧੀ ਦੇ ਮਾਪੇ ਕਰਨਗੇ। ਵਿਆਹ 'ਤੇ ਬੈਠਣ ਸਮੇਂ ਲਾੜੇ ਦੇ ਕੱਪੜੇ ਤੱਕ ਧੀ ਦੇ ਮਾਪੇ ਦਿੰਦੇ ਹਨ। ਇੱਥੋਂ ਤੱਕ ਕਿ ਧੀ ਦੀ ਮੌਤ ਹੋਣ ਦੀ ਸੂਰਤ ਵਿਚ ਸਸਕਾਰ ਦੀਆਂ ਲੱਕੜੀਆਂ ਤੱਕ ਦਾ ਖਰਚਾ ਮਾਪਿਆਂ ਨੂੰ ਦੇਣਾ ਪੈਂਦਾ ਹੈ। ਮਾਪੇ ਧੀ ਦੇ ਘਰ ਦਾ ਦਾਣਾ ਵੀ ਮੂੰਹ 'ਚ ਨਹੀਂ ਪਾਉਂਦੇ। ਅੱਜ ਵੀ ਸਮਾਜ ਦੇ ਕਈ ਹਿੱਸਿਆਂ ਵਿਚ ਇਹ ਰਸਮਾਂ ਨਿਭਾਈਆਂ ਜਾਂਦੀਆਂ ਹਨ। ਅਜੋਕੇ ਸੰਪ੍ਰਦਾਇਕ ਤੱਤ ਵੀ ਅਜਿਹੇ ਸਮਾਜ ਨੂੰ ਹੀ ਆਦਰਸ਼ਿਆ ਕੇ ਪੇਸ਼ ਕਰਦੇ ਹਨ। ਗੀਤ ਵਿਚ ਆਰਥਿਕਤਾ ਨੂੰ ਢਾਲ ਵਜੋਂ ਜਾਂ ਟਾਲ ਵਜੋਂ ਵਰਤਿਆ ਗਿਆ ਹੈ। ਇਹ ਇਨਕਾਰ ਗੀਤ ਦੀ ਅਗਲੀ ਰਚਨਾ ਵਿਚ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਇਸ ਇਨਕਾਰ ਤੋਂ ਜੱਚਾ ਰੁੱਸ ਜਾਂਦੀ ਹੈ। ਇਹ ਰੁਸੇਵਾਂ ਸਹੁਰਿਆਂ ਦੀ ਹਰ ਚੀਜ਼ ਤੋਂ ਇਨਕਾਰੀ ਹੋਣ ਵਿਚ ਜ਼ਾਹਿਰ ਹੁੰਦਾ ਹੈ। ਗੀਤ ਵਿਚ ਸਿੱਧੇ-ਸਿੱਧੇ ਇਸ ਗੱਲ ਦਾ ਜ਼ਿਕਰ ਨਹੀਂ ਹੈ। ਇਹ ਤਾਂ ਸਰੋਤੇ/ਪਾਠਕ ਨੂੰ ਕਲਪਿਤ ਕਰਨਾ ਪੈਂਦਾ ਹੈ। ਗੀਤ ਦੀਆਂ ਅਗਲੀਆਂ ਪੰਗਤੀਆਂ ਇਸ ਨੂੰ ਸਪੱਸ਼ਟ ਕਰ ਦਿੰਦੀਆਂ ਹਨ।

ਸੁੰਢ ਪੰਜੀਰੀ ਨੀ ਨੋਹੇਂ ਤੇਰੀ ਸੱਸ ਲਿਆਈ।
ਸੱਸ ਲਿਆਈ,
ਉੱਠ ਨੋਹੇਂ ਨੀ ਤੂੰ ਖਾ ਲੈ। ਸੱਸ ਕਰੇ ਤੇਰੀਆਂ ਜੀ ਮਿੰਨਤਾਂ
ਸੁੰਢ ਪੰਜੀਰੀ ਨੀ ਸੱਸੂ ਤੇਰੀ ਕਦੇ ਵੀ ਨਾ ਖਾਵਾਂ
ਹੱਥ ਨਾ ਲਾਵਾਂ
ਸਹੁਰੇ ਨੇ ਮਾਰੀ ਸੀ ਬੋਲੀ/ਨੱਥ ਨਾ ਸਰੀ ਸਾਡੇ ਜੀ ਬਾਬਲ ਤੇ।

ਸੁੰਢ ਪੰਜੀਰੀ ਕੇਵਲ ਜੱਚਾ ਦੀ ਖ਼ੁਰਾਕ ਨਾ ਰਹਿ ਕੇ ਸਭਿਆਚਾਰ ਦਾ ਮਹੱਤਵਪੂਰਨ ਵੇਰਵਾ ਬਣ ਜਾਂਦੀ ਹੈ। ਇਸ ਪੰਜੀਰੀ ਵਿਚ ਕੀ ਪੈਣਾ ਹੈ ਤੇ ਕੀ ਨਹੀਂ ਇਸ ਦਾ ਨਿਰਣਾ ਤਾਂ ਬਣਾਉਣ ਵਾਲੇ ਬਜ਼ੁਰਗ ਨੂੰ ਕਰਨਾ ਪੈਂਦਾ ਹੈ, ਪਰ ਇਹ ਪੰਜੀਰੀ ਕਿਸ ਨੇ ਲਿਆਉਣੀ ਹੈ, ਜੇ ਨਹੀਂ ਲਿਆਂਦੀ ਗਈ ਤਾਂ ਉਸ ਨੂੰ ਕੀ ਕੁਝ ਸੁਣਨਾ ਪਵੇਗਾ ਤੇ ਇਹ ਪੰਜੀਰੀ ਕਿਸ ਨੂੰ ਖਾਣ ਲਈ ਦਿੱਤੀ ਜਾਵੇਗੀ ਤੇ ਕਿਸ ਨੂੰ ਨਹੀਂ ਇਸ ਦਾ ਨਿਰਣਾ ਭਾਈਚਾਰੇ ਤੇ ਪਰਿਵਾਰ ਨੇ ਕਰਨਾ ਹੈ। ਇਸ ਲਈ ਪੰਜੀਰੀ ਦੇ ਸਭਿਆਚਾਰਕ ਅਰਥ ਵਿਸਤ੍ਰਿਤ ਹੋ ਜਾਂਦੇ ਹਨ। ਇਕ ਵੇਰਵਾ ਹੋਰ ਬੜਾ ਮਨੋਰੰਜਕ ਹੈ। 'ਸੱਸ ਕਰੇ ਤੇਰੀਆਂ ਜੀ ਮਿੰਨਤਾਂ।' ਯਥਾਰਥ ਵਿਚ ਇਹ ਸੰਭਵ ਨਹੀਂ ਹੈ, ਪਰ ਜੋ ਯਥਾਰਥ ਵਿਚ ਸੰਭਵ ਨਹੀਂ, ਉਹ ਕਲਪਿਤ ਗੀਤ ਵਿਚ ਐਨ ਸੰਭਵ ਦਿਖਾਇਆ ਗਿਆ ਹੈ, ਇਸ ਲਈ ਕਿਉਂਕਿ ਅਜਿਹੀ ਔਰਤ ਦੀ ਇੱਛਾ ਹੈ ਤੇ ਔਰਤ ਆਪ ਹੀ ਗੀਤ ਦੀ ਸਿਰਜਣਾ ਕਰ ਰਹੀ ਹੈ। ਸੱਸ ਤੋਂ ਬਾਅਦ ਵਾਰੀ ਆਈ ਨਣਦ ਦੀ।

ਹਰੀ ਹਰੀ ਦੁੱਭ ਨੀ ਭਾਬੋ ਤੇਰੀ ਨਣਦ ਲਿਆਈ,
ਨਣਦ ਲਿਆਈ,
ਉੱਠ ਭਾਬੋ ਨੀ ਤੂੰ ਲੈ,
ਨਣਦ ਕਰੇ ਤੇਰੀਆਂ ਜੀ ਮਿੰਨਤਾਂ,
ਹਰੀ ਹਰੀ ਦੁੱਭ ਨੀ ਨਣਦੇ ਮੈਂ ਕਦੀਉ ਨਾ ਲਾਵਾਂ,
ਮੈਂ ਹੱਥ ਨਾ ਲਾਵਾਂ,
ਸਹੁਰੇ ਨੇ ਮਾਰੀ ਸੀ ਬੋਲੀ,
ਨੱਥ ਨਾ ਸਰੀ ਸਾਡੇ ਜੀ ਬਾਬਲ ਤੇ।

ਇਹ ਇਕ ਰਸਮ ਹੈ ਕਿ ਜੱਚਾ ਦੀਆਂ ਛਾਤੀਆਂ ਬੱਚੇ ਨੂੰ ਦੁੱਧ ਪਿਆਉਣ ਤੋਂ ਪਹਿਲਾਂ ਦੁੱਭ ਨੂੰ ਪਾਣੀ ਵਿਚ ਭਿਉਂ ਕੇ ਧੋਤੀਆਂ ਜਾਂਦੀਆਂ ਹਨ। ਇਸ ਦਾ ਕਾਰਨ ਦੁੱਭ ਘਾਹ (ਖੱਬਲ) ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਇਸ ਨਾਲ ਛਾਤੀਆਂ ਧੋਣ ਨਾਲ ਬਾਹਰੀ ਚੀਜ਼ਾਂ ਦੇ ਪ੍ਰਭਾਵ ਖ਼ਤਮ ਹੋ ਜਾਂਦੇ ਹਨ ਤੇ ਬੱਚਾ ਤੰਦਰੁਸਤ ਰਹਿੰਦਾ ਹੈ। ਘਾਹ ਨੂੰ ਪਵਿੱਤਰ ਮੰਨਣ ਦੀ ਪ੍ਰਥਾ ਹਜ਼ਾਰਾਂ ਸਾਲ ਪੁਰਾਣੀ ਹੈ।

ਕਦੇ ਜਣੇਪਾ ਜ਼ੀਮਨ 'ਤੇ ਘਾਹ ਵਿਛਾ ਕਰਵਾ ਕੇ ਕਰਵਾਇਆ ਜਾਂਦਾ ਸੀ। ਮਰਨ ਵੇਲੇ ਵੀ ਬੰਦੇ ਨੂੰ ਘਾਹ ਉਪਰ ਹੀ ਲਿਟਾਇਆ ਜਾਂਦਾ ਸੀ। ਮਰੇ ਬੰਦੇ ਨੂੰ ਭੁੰਜੇ ਲਾਹੁਣ ਦੀ ਰਸਮ ਅੱਜ ਵੀ ਪੰਜਾਬ, ਵਿਸ਼ੇਸ਼ ਤੌਰ 'ਤੇ, ਮਾਲਵੇ ਵਿਚ ਬਚੀ ਹੋਈ ਹੈ। ਵਣਜਾਰਾ ਬੇਦੀ ਨੇ ਹਰੀ ਦੁੱਭ ਨਾਲ ਜੁੜੀ ਇਕ ਦੰਤ ਕਥਾ ਦਾ ਵੀ ਜ਼ਿਕਰ ਕੀਤਾ ਹੈ ਜਿਸ ਅਨੁਸਾਰ ਸੁੱਕੀ-ਤਿੱਖੀ ਘਾਹ ਨੂੰ ਰੋਡੇ ਸ਼ਾਹ ਫ਼ਕੀਰ (ਜਲਾਲੀ ਦੇ ਪ੍ਰੇਮੀ) ਨੇ ਸਦਾ ਹਰੀ ਰਹਿਣ ਦਾ ਵਰਦਾਨ ਦਿੱਤਾ ਸੀ ਜਿਸ ਕਾਰਨ ਇਹ ਹੁਣ ਤੱਕ ਹਰੀ ਮੰਨੀ ਜਾਂਦੀ ਹੈ। ਮੋਟੀ ਗੱਲ ਕਿ ਦੁੱਭ ਸਾਡੇ ਵਿਸ਼ਵਾਸਾਂ ਨਾਲ ਜੁੜੀ ਹੋਈ ਹੈ ਜੋ ਪਵਿੱਤਰ ਹੈ।

ਜੱਚਾ ਨੇ ਨਣਾਨ ਵੱਲੋਂ ਲਿਆਂਦੀ ਦੁੱਭ ਨੂੰ ਆਪਣੀਆਂ ਛਾਤੀਆਂ ਨਾਲ ਲਾਉਣ ਤੋਂ ਇਨਕਾਰ ਕਰ ਦਿੱਤਾ ਜੋ ਕਿ ਰੀਤੀ ਅਨੁਸਾਰ ਧੀ ਧਿਆਣੀ ਦਾ ਅਧਿਕਾਰ ਸੀ। ਸਹੁਰੇ ਨਾਲ ਨਾਰਾਜ਼ਗੀ ਹੈ, ਉਹ ਤਾਂ ਆਵੇਗਾ ਹੀ ਨਹੀਂ, ਪਰ ਉਸ ਦਾ ਇਨਕਾਰ ਸਾਰੇ ਗੀਤ ਉੱਪਰ ਫੈਲਿਆ ਹੋਇਆ ਹੈ। ਹੁਣ ਰਹਿ ਗਿਆ ਪਤੀ ਦੇਖੀਏ ਉਸ ਨਾਲ ਕੀ ਸਲੂਕ ਹੁੰਦਾ ਹੈ।




ਗਹਿਣਿਆਂ ਦਾ ਡੱਬਾ ਨੀ ਨਾਜੋ ਤੇਰਾ ਕੌਂਤ ਲਿਆਇਆ,
ਕੌਂਤ ਲਿਆਇਆ
ਉੱਠ ਨਾਜੋ ਨੀ ਤੂੰ ਪਾ ਲੈ,
ਕੌਂਤ ਕਰੇ ਤੇਰੀਆਂ ਜੀ ਮਿੰਨਤਾਂ।
ਗਹਿਣਿਆਂ ਦਾ ਡੱਬਾ ਵੇ, ਕੌਂਤਾ ਮੈਂ ਕਦੀਉ ਨਾ ਪਾਵਾਂ,
ਮੈਂ ਹੱਥ ਨਾ ਲਾਵਾਂ,
ਸਹੁਰੇ ਨੇ ਮਾਰੀ ਸੀ ਬੋਲੀ,
ਨੱਥ ਨਾ ਸਰੀ ਸਾਡੇ ਜੀ ਬਾਬਲ ਤੇ।

ਗਹਿਣੇ ਔਰਤ ਨੂੰ ਬਹੁਤ ਪਿਆਰੇ ਮੰਨੇ ਗਏ ਹਨ, ਪਰ ਗੁੱਸਾ ਏਨਾ ਜ਼ਿਆਦਾ ਹੈ ਕਿ ਉਨ੍ਹਾਂ ਤੋਂ ਵੀ ਇਨਕਾਰ ਕਰ ਦਿੱਤਾ ਗਿਆ ਹੈ। ਹੁਣ ਸ਼ੁਰੂ ਹੁੰਦਾ ਹੈ ਗੀਤ ਦਾ ਉਤਾਰਾ।

ਸ਼ਿੰਗਾਰ ਭਰੀ ਨੱਥ ਨੀ ਭੈਣੇ ਤੇਰਾ ਵੀਰ ਲਿਆਇਆ।
ਤੇਰਾ ਵੀਰ ਲਿਆਇਆ।
ਉੱਠ ਭੈਣੇ ਨੀ ਤੂੰ ਪਾ ਲੈ,
ਵੀਰ ਕਰੇ ਤੇਰੀਆਂ ਜੀ ਮਿੰਨਤਾਂ।
ਸ਼ਿੰਗਾਰ ਭਰੀ ਨੱਥ ਵੇ ਵੀਰਾ,
ਮੈਂ ਨੱਕ ਵੀ ਪਾਵਾਂ, ਮੈਂ ਹੱਥ ਵੀ ਲਾਵਾਂ,
ਸਹੁਰੇ ਨੇ ਮਾਰੀ ਸੀ ਬੋਲੀ,
ਨੱਥ ਨਾ ਸਰੀ ਸਾਡੇ ਜੀ ਬਾਬਲ ਤੇ।

ਜਿਨ੍ਹਾਂ ਬਾਰੇ, ਯਾਨੀ ਮਾਪਿਆਂ ਬਾਰੇ ਬੋਲੀ ਮਾਰੀ ਗਈ ਸੀ ਕਿਉਂਕਿ ਨੱਥ ਉਨ੍ਹਾਂ ਵੱਲੋਂ ਹੀ ਆ ਗਈ ਹੈ ਇਸ ਲਈ ਮਨੇਂਵਾ ਹੋ ਗਿਆ ਹੈ। ਪਰ ਗੀਤ ਤੋਂ ਬਾਹਰ ਤਾਂ ਇਹ ਬੋਲੀ ਸਾਰੀ ਉਮਰ ਰੜਕਦੀ ਰਹੇਗੀ।

ਜਦੋਂ ਨਾਨੀ ਲਾਭੀ ਇਹ ਗੀਤ ਸੁਣਾ ਰਹੀ ਸੀ ਤਾਂ ਉਸ ਦਾ ਆਪਣਾ ਹਾਸਾ ਵੀ ਬਾਰ-ਬਾਰ ਛਣਕਦਾ ਰਿਹਾ ਸੀ। ਛਣਕੇ ਵੀ ਕਿਉਂ ਨਾ ਗੀਤ ਉਸ ਦੀਆਂ ਆਪਣੀਆਂ ਭਾਵਨਾਵਾਂ ਦੀ ਹੀ ਤਾਂ ਤਰਜਮਾਨੀ ਕਰ ਰਿਹਾ ਸੀ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




## ਰਾਣੀ ਅਣਬੋਲਿਆ
### (ਚੌਥੀ ਕਿਸਤ)

ਹੁਣ ਤੱਕ ਤਾਂ ਉਹਨਾਂ ਦਾ ਨਾਸ਼ ਹੋ ਗਿਆ ਹੋਣੈ।' 'ਚੱਲ ਫਿਰ ਵੀ ਤੂੰ ਉਹਨਾਂ ਮਹੱਲੀਂ ਜਾ ਕੇ ਆਪਣੀ ਤਸੱਲੀ ਕਰੀਂ।'' ਰਾਣੀਆਂ ਨੇ ਆਪਣੀ ਤਸੱਲੀ ਪ੍ਰਗਟਾਈ।

ਦਾਈ ਅੱਛਾ ਬੀਬੀ ਜੀ ਕਹਿ ਕੇ ਆ ਗਈ।

ਦਾਈ ਦੂਸਰੇ ਦਿਨ ਜਦੋਂ ਲੜਕਾ ਬਾਦਸ਼ਾਹ ਦੀ ਕਚਹਿਰੀ ਆ ਗਿਆ ਤਾਂ ਉਹਨਾਂ ਦੇ ਮਹਿਲੀਂ ਜਾ ਵੜੀ। ਸਾਰੇ ਘੁੰਮੀ ਫਿਰੀ। ਕੁੜੀ ਨੂੰ ਕਹਿੰਦੀ ਕੁੜੇ ਬਹੁਤ ਸੁੰਦਰ ਆ ਮਹਿਲ। ਕੰਮ ਤਾਂ ਸਾਰੇ ਬਹੁਤ ਸੋਹਣੇ ਆ। ਪਰ ਇਹ ਕੋਠੀ ਪੂਰੀ ਸਜਦੀ ਨਹੀਂ। ਤੂੰ ਇਹਦੇ ਗੇਟ ਕੋਲ ਦੋ ਸਰੂ ਦੇ ਬੂਟੇ ਲਾ। ਫਿਰ ਇਹਨੇ ਸੱਜਣਾ। ਇੰਨਾ ਕਹਿ ਕੇ ਦਾਈ ਚਲੀ ਗਈ।

ਕੁੜੀ ਦਾ ਮਨ ਖੱਟਾ ਹੋ ਗਿਆ। ਉਹਦਾ ਭਰਾ ਵੀ ਕਚਹਿਰੀਓਂ ਆ ਗਿਆ। ਦੋਹਾਂ ਨੇ ਇਸ਼ਨਾਨ ਕੀਤਾ। ਰੋਟੀ ਉਹ ਦੋਵੇਂ ਇਕੱਠੇ ਇਸ਼ਨਾਨ ਕਰਕੇ ਖਾਂਦੇ ਹੁੰਦੇ ਸੀ। ਭੈਣ ਨੇ ਰੋਟੀ ਪਾ ਦਿੱਤੀ। ਭਰਾ ਕਹਿੰਦਾ, ਭੈਣ ਤੂੰ ਵੀਂ ਆਪਣੇ ਲਈ ਰੋਟੀ ਪਾ ਲੈ।

''ਨਹੀਂ ਵੀਰਾ। ਮੈਨੂੰ ਭੁੱਖ ਨਹੀਂ। ਤੂੰ ਖਾ ਲੈ।''

''ਲੈ ਇਹ ਕਿੱਦਾਂ ਹੋ ਜਾਊ। ਜਦ ਮੈਨੂੰ ਭੁੱਖ ਲੱਗੀ ਆ। ਤਾਂ ਤੈਨੂੰ ਕਿਵੇਂ ਨੀ ਲੱਗੀ। ਤੂੰ ਮੈਨੂੰ ਸਾਫ ਸਾਫ ਗੱਲ ਦੱਸ ਕੀ ਏ।''

''ਗੱਲ ਭਰਾਵਾ ਕੀ ਹੋਣੀ ਏ। ਅੱਜ ਤੇਰੇ ਮਗਰੋਂ ਸਵੇਰੇ ਇਕ ਮਾਈ ਘਰ ਆਈ ਸੀ। ਉਹ ਕਹਿੰਦੀ ਬਈ ਇਹ ਕੋਠੀ ਫੇਰ ਫਬਣੀ ਏਂ ਜੇ ਇਹਦੇ ਦਰਾਂ ਦੇ ਮੂਹਰੇ ਦੋ ਸਰੂ ਦੇ ਬੂਟੇ ਲਾਏ ਹੋਣ।''

''ਪਰ ਭੈਣ ਜਿੱਥੇ ਸਰੂ ਦੇ ਬੂਟੇ ਆ, ਉਥੇ ਕੌਣ ਜਾਂਦਾ। ਉਹ ਤਾਂ ਰੱਬ ਦੇ ਘਰੇ ਆ। ਉਹ ਤਾਂ ਦੇਆਂ ਦਾ ਮੁਲਖ ਏ। ਮੈਂ ਉਥੋਂ ਵਾਪਸ ਕਿੱਦਾਂ ਮੁੜਕੇ ਆਉਣਾ''

''ਕਿਸੇ ਤਰ੍ਹਾਂ ਵੀ ਹੋਵੇ। ਮੈਨੂੰ ਤਾਂ ਉਹ ਬੂਟੇ ਘਰ ਆਉਣੇ ਚਾਹੀਦੇ।''

''ਅੱਛਾ। ਚੱਕ ਰੋਟੀ ਖਾ। ਬੂਟੇ ਤੇਰੇ ਲਈ ਆ ਜਾਊਗੇ।''

ਦੋਵਾਂ ਨੇ ਰੋਟੀ ਖਾਧੀ। ਅਗਲੇ ਦਿਨ ਲੜਕੇ ਨੇ ਜਾਣ ਦੀ ਤਿਆਰੀ ਕਰ ਲਈ। ਉਹਨੇ ਝੋਲੀ ਵਿਚੋਂ ਧੂਫ਼ ਕੱਢਿਆ, ਡੰਡੇ, ਰੱਸੀ ਤੇ ਪਊਏ ਨੂੰ ਦਿੱਤਾ। ਪਊਏ ਪੈਰਾਂ ਵਿਚ ਪਾਏ ਤੇ ਦਰਗਾਹ ਤੇ ਜਾ ਉਤਰਿਆ। ਉਥੇ ਕੀ ਦੇਖਦਾ ਕਿ ਦੇਆਂ ਦਾ ਕੋਈ ਅੰਤ ਨਹੀਂ। ਉਥੇ ਦੇਆਂ ਦੀਆਂ ਹੇੜ੍ਹਾਂ ਫਿਰਦੀਆਂ। ਕੋਈ ਕਹਿੰਦਾ ਇਹਨੂੰ ਪਹਿਲਾਂ ਮੈਂ ਖਾਣਾ ਕੋਈ ਕਹਿੰਦਾ ਪਹਿਲਾਂ ਮੈਂ। ਲੜਕੇ ਨੂੰ ਖਾਣ ਲਈ ਦੇਆਂ ਦੇ ਝਗੜੇ ਪੈ ਗਏ। ਕਰਦਿਆਂ ਕਰਦਿਆਂ ਉਹ ਲੜਕੇ ਦੇ ਬਰੋਬਰ ਆ ਗਏ। ਲੜਕੇ ਨੇ ਰੱਸੀ ਤੇ ਡੰਡੇ ਨੂੰ ਧੂਫ਼ ਦੇ ਕੇ ਛੱਡ ਦਿੱਤਾ। ਰੱਸੀ ਤੇ ਡੰਡਾ ਦੇਆਂ ਦੇ ਇੱਦਾਂ ਵਰ੍ਹਿਆ ਕਿ ਉਹਨੇ ਲੰਮੇ ਪਾ ਪਾ ਕੇ ਕੁੱਟੇ। ਦੇਆਂ ਦੇ ਸੱਥਰ ਵਿਛਾ ਦਿੱਤੇ। ਰੱਸੀ ਤੇ ਡੰਡਾ ਜਿਨ੍ਹੂੰ ਵੀ ਫੜਦਾ ਇਕ ਵਾਰ ਡਮਾਕ ਪਾੜ ਸੁੱਟਦਾ।

ਇਕ ਦੇਅ ਤਾਂ ਬਹੁਤ ਹੀ ਮਿੰਨਤਾਂ ਤਰਲੇ ਕਰਨ ਲੱਗ ਪਿਆ। ਕਹਿੰਦਾ ਤੁਸੀਂ ਮੈਨੂੰ ਛੁਡਾਓ। ਮੈਂ ਸਾਰੀ ਉਮਰ ਤੁਹਾਡਾ ਗੁਲਾਮ ਬਣ ਕੇ ਰਹੂੰਗਾ। ਲੜਕੇ ਨੇ ਦੇਅ ਦਾ ਮਿੰਨਤ ਤਰਲਾ ਸੁਣ ਕੇ ਡੰਡੇ ਤੇ ਰੱਸੀ ਨੂੰ ਜਰਾ ਅਟਕਾ ਲਿਆ। ਕਹਿੰਦਾ ਇਕ ਸ਼ਰਤ ਤੇ ਹੀ ਤੇਰਾ ਬਚਾਅ ਆ।

ਦੇਅ ਕਹਿੰਦਾ ਤੁਸੀਂ ਹੁਕਮ ਕਰੋ।

ਮੈਂ ਹਰ ਆਗਿਆ ਦਾ ਪਾਲਣ ਕਰੂੰਗਾ।

''ਮੈਨੂੰ ਸਰੂ ਦੇ ਬੂਟੇ ਦੋ ਚਾਹੀਦੇ ਆ।''

"ਅੱਛਾ। ਕੰਮ ਵੀ ਉਹ ਦਿੱਤਾ, ਜਿਹੜਾ ਹੋਣਾ ਈ ਨਹੀਂ।''

'''ਦੇਖ ਲਾ ਬਈ। ਮੈਂ ਨਹੀਂ ਤਾਂ ਲੱਗਾ ਰੱਸੀ ਡੰਡੇ ਨੂੰ ਹਾਕ ਮਾਰਨ।

ਹੁਣ ਇਹ ਬੂਟੇ ਵੀ ਤੂੰ ਹੀ ਪੱਟ ਕੇ ਲਿਆਉਣੇ ਆਂ ਤੇ ਜਾ ਕੇ ਇਨ੍ਹਾਂ ਨੂੰ ਲਗਾ ਕੇ ਇਨ੍ਹਾਂ ਦੀ ਪਰਵਰਿਸ਼ ਵੀ ਤੂੰ ਹੀ ਕਰਨੀ ਏ।''

ਦੇਅ ਫਸਿਆ ਸੀ। ਫਸੀ ਨੂੰ ਫਟਕਣ ਕੀ। ਉਹ ਜੜ੍ਹਾਂ ਥਣੀਂ ਦੋ ਬੂਟੇ ਪੱਟ ਲਿਆਇਆ। ਲੜਕੇ ਨੇ ਪਊਆਂ ਨੂੰ ਧੂਫ ਦਿੱਤਾ। ਉਹ ਲੜਕੇ, ਦੇਅ ਅਤੇ ਬੂਟਿਆਂ ਨੂੰ ਲੈ ਕੇ ਕੋਠੀ ਪਹੁੰਚ ਗਏ।

ਦੇਅ ਨੇ ਦਰਾਂ ਦੇ ਦੋਹੀਂ ਪਾਸੀਂ ਸਰੂ ਦੇ ਬੂਟੇ ਲਗਵਾ ਦਿੱਤੇ। ਲੜਕੇ ਨੇ ਬਜ਼ਾਰੋਂ ਇਕ ਮੋਟਾ ਸੰਗਲ 'ਤੇ ਲੋਹੇ ਦਾ ਕੀਲਾ ਮੰਗਵਾਇਆ। ਕੀਲਾ ਦਰਾਂ ਲਾਗੇ ਗੱਡ ਕੇ ਤੇ ਸੰਗਲ ਦੇਅ ਦੇ ਗ਼ਲ ਨੂੰ ਪਾ ਕੇ ਕੀਲੇ ਨਾਲ ਬੰਨ੍ਹ ਦਿੱਤਾ। ਕਹਿੰਦਾ ਆਹ ਲੈ। ਹੁਣ ਇਹਦੀ ਰਾਖੀ ਵੀ ਤੂਈਓਂ ਕਰੀਂ। ਇਹ ਤਾਂ ਇੱਥੇ ਕਿਸੇ ਨੇ ਵੀ ਨਹੀਂ ਛੱਡਣੇ। ਰੋਟੀ ਪਾਣੀ ਦਾ ਤੈਨੂੰ ਕੋਈ ਘਾਟਾ ਨਹੀਂ। ਰੋਟੀ ਪਾਣੀ ਜਿੱਦਾਂਦਾ ਮੰਗੇਗਾ ਉੱਦਾਂ ਦਾ ਮਿਲੂਗਾ। ਦੇਅ ਮਨ੍ਹਾ ਵੀ ਨਹੀਂ ਸੀ ਕਰ ਸਕਦਾ। ਸੋ ਉਹ ਮੰਨ ਗਿਆ। ਓਧਰ ਬਾਦਸ਼ਾਹ ਬੜਾ ਉਦਾਸ ਰਹਿਣ ਲੱਗ ਪਿਆ ਸੀ। ਕਿਉਂਕਿ ਲੜਕਾ ਦੋ ਤਿੰਨ ਦਿਨ ਕਚਹਿਰੀ ਜਿਉਂ ਨਹੀਂ ਸੀ ਗਿਆ। ਰਾਜੇ ਨੇ ਘੰਟਾ ਅੱਧਾ ਘੰਟਾ ਦੁਨੀਆਂ ਬਿਠਾਉਣੀ ਤੇ ਕਚਹਿਰੀ ਉਠਾ ਦੇਣੀ। ਅੱਜ ਜਦੋਂ ਲੜਕਾ ਕਚਹਿਰੀ ਗਿਆ ਤਾਂ ਰਾਜੇ ਦੀ ਰੂਹ ਖਿੱਲ ਉੱਠੀ। ਲੜਕੇ ਨੂੰ ਪੁਛਦਾ, ਬੇਟਾ ਤੂੰ ਇੰਨੇ ਦਿਨ ਆਇਆ ਨਹੀਂ। ਕਿੱਥੇ ਰਿਹਾ? ਲੜਕੇ ਨੇ ਆਪਣੀ ਮਜ਼ਬੂਰੀ ਦੱਸ ਦਿੱਤੀ।



- ਡਾ. ਜਸਵੰਤ ਰਾਏ
91-98158-25999

ਬਾਦਸ਼ਾਹ ਕਹਿੰਦਾ, ਅੱਛਾ। ਆ ਜਾ ਬੈਠ ਜਾ। ਉਸ ਦਿਨ ਬਾਦਸ਼ਾਹ ਨੇ ਫੇਰ ਕਚਹਿਰੀ ਬੜੀ ਦੇਰ ਤੱਕ ਲਗਾਈ ਰੱਖੀ। ਕਚਹਿਰੀ ਤੋਂ ਬਾਅਦ ਵੀ ਉਹ ਲੜਕੇ ਨਾਲ ਗੱਲਬਾਤ ਕਰਦਾ ਰਿਹਾ।

ਉਧਰ ਸੱਤੇ ਰਾਣੀਆਂ ਝਾਕਦੀਆਂ। ਉਨ੍ਹਾਂ ਦੀ ਹਿੱਕ 'ਤੇ ਸੱਪ ਲੇਟਦੇ ਆ। ਅੱਠਵੀਂ ਰਾਣੀ ਨਹੀਂ ਸੀ ਦੇਖਦੀ। ਉਹ ਤਾਂ ਵਿਚਾਰੀ ਨਮੋਸ਼ੀ ਦੀ ਮਾਰੀ ਮਹਿਲੋਂ ਬਾਹਰ ਹੀ ਨਹੀਂ ਸੀ ਨਿਕਲਦੀ ਕਿ ਮੈਨੂੰ ਵੱਟੇ ਜੰਮੇ ਆਂ।

(ਚਲਦਾ)

# ਸਰਦਾਰ ਹਰੀ ਸਿੰਘ ਨਲਵਾ ਦੇ 178ਵੇਂ ਸ਼ਹੀਦੀ ਦਿਨ 'ਤੇ

# 'ਵਿਸ਼ਵ ਇਤਿਹਾਸ ਦਾ, ਇਕ ਸਿਰਮੌਰ ਜਰਨੈਲ'



ਐਚ.ਐਲ.ਕਪੂਰ
916- 587-4002

ਸਰਦਾਰ ਹਰੀ ਸਿੰਘ ਜੀ ਨਲਵਾ ਦਾ ਜਨਮ 1791 ਈਸਵੀ ਨੂੰ ਪਿਤਾ ਸਰਦਾਰ ਗੁਰਦਿਆਲ ਸਿੰਘ 'ਉਪਲ' ਖੱਤਰੀ ਜੋ ਗੁਜਰਾਂਵਾਲੇ ਦੇ ਕਾਮੇਦਾਨ ਸਨ ਤੇ ਮਾਤਾ ਸ੍ਰੀਮਤੀ ਧਰਮ ਕੌਰ ਦੀ ਕੁੱਖੋਂ ਹੋਇਆ। ਅਜੇ ਉਹ ਸੱਤ ਸਾਲ ਦੇ ਹੀ ਸਨ, ਜਦੋਂ ਉਹਨਾਂ ਦੇ ਪਿਤਾ ਜੀ ਦਾ ਕਿਸੇ ਬਿਮਾਰੀ ਦੇ ਕਾਰਨ ਦੇਹਾਂਤ ਹੋ ਗਿਆ। ਉਹਨਾਂ ਦੇ ਪਾਲਣ-ਪੋਸ਼ਣ ਦੀ ਸਾਰੀ ਜ਼ਿੰਮੇਵਾਰੀ, ਉਹਨਾਂ ਦੀ ਮਾਤਾ ਜੀ ਤੇ ਆ ਪਈ। ਉਹਨਾਂ ਨੇ ਇਸ ਜ਼ਿੰਮੇਵਾਰੀ ਨੂੰ ਬੜੀ ਚੰਗੀ ਤਰ੍ਹਾਂ ਨਿਭਾਇਆ। ਬਾਲਕ ਹਰੀ ਸਿੰਘ ਦੀ ਸਿੱਖਿਆ ਦਾ ਖਾਸ ਪ੍ਰਬੰਧ ਕੀਤਾ ਗਿਆ ਅਤੇ ਇਸ ਦੇ ਨਾਲ ਉਹਨਾਂ ਨੂੰ ਘੋੜ ਸਵਾਰੀ ਤੇ ਸ਼ਾਸਤਰ ਵਿਦਿਆ ਦੀ ਸਿਖਲਾਈ ਵੀ ਦਿੱਤੀ ਗਈ। ਦਸ ਸਾਲ ਦੀ ਉਮਰ 'ਚ ਹੀ ਉਹ ਗੁਰਮਤਿ ਦੇ ਲੜ ਲੱਗ ਗਏ ਸਨ।

ਲਾਹੌਰ ਦਰਬਾਰ 'ਚ 'ਬਸੰਤ ਪੰਚਮੀ' ਵਾਲੇ ਦਿਨ ਹਰ ਸਾਲ ਮਹਾਰਾਜਾ ਰਣਜੀਤ ਸਿੰਘ ਜੀ ਇਕ ਮੇਲਾ ਲਗਾਇਆ ਕਰਦੇ ਸਨ। ਉਸ ਮੇਲੇ ਵਿਚ ਬਹਾਦਰ ਯੋਧੇ ਸ਼ਾਸਤਰ ਚਲਾਉਂਦੇ ਤੇ ਘੋੜ ਸਵਾਰੀ ਦੇ ਕਰਤੱਬ ਦਿਖਾਉਂਦੇ ਸਨ। ਇਸੇ ਮੇਲੇ 'ਚ ਸੰਨ 1805 ਈਸਵੀ ਨੂੰ ਸਰਦਾਰ ਹਰੀ ਸਿੰਘ ਜੀ ਨਲਵਾ ਨੇ ਹਥਿਆਰ ਚਲਾਉਣ ਤੇ ਘੋੜ ਸਵਾਰੀ ਦੇ ਜੌਹਰ ਦਿਖਾਏ ਤੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਖੁਸ਼ ਹੋ ਕੇ ਉਹਨਾਂ ਨੂੰ ਇਨਾਮ ਵਜੋਂ ਇਕ ਸੋਨੇ ਦਾ ਨਿਕਲਸ ਦਿੱਤਾ ਤੇ ਉਹਨਾਂ ਦਾ ਨਾਮ ਆਪਣੀ ਫੌਜ ਦੇ ਰਸਾਲੇ 'ਚ ਦਰਜ ਕਰ ਲਿਆ।

ਇਕ ਦਿਨ ਉਹ ਮਹਾਰਾਜਾ ਰਣਜੀਤ ਸਿੰਘ ਜੀ ਨਾਲ ਜੰਗਲ 'ਚ ਸ਼ਿਕਾਰ ਖੇਡਣ ਲਈ ਗਏ। ਜੰਗਲ 'ਚ ਅਚਾਨਕ ਇਕ ਸ਼ੇਰ ਨੇ ਸਰਦਾਰ ਹਰੀ ਸਿੰਘ ਜੀ 'ਤੇ ਹਮਲਾ ਕਰ ਦਿੱਤਾ। ਸਰਦਾਰ ਜੀ ਨੇ ਬੜੀ ਮਜ਼ਬੂਤੀ ਨਾਲ, ਆਪਣੇ ਪੰਜਿਆਂ ਨਾਲ, ਸ਼ੇਰ ਨੂੰ ਦੂਰ ਪਟਕਾਅ ਕੇ ਮਾਰਿਆ ਤੇ ਸ਼ੇਰ ਦੇ ਦੁਬਾਰਾ ਉਠ ਕੇ ਹਮਲਾ ਕਰਨ ਤੋਂ ਪਹਿਲਾਂ ਹੀ, ਆਪਣੀ ਤਲਵਾਰ ਕੱਢ ਕੇ ਸ਼ੇਰ ਦਾ ਸਿਰ, ਇਕੋ ਹੀ ਝਟਕੇ ਨਾਲ ਉਸ ਦੇ ਧੜ ਨਾਲੋਂ ਅਲੱਗ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਜੀ ਬੜੀ ਨੇੜਿਉਂ ਹੀ ਇਹ ਸਭ ਕੁਝ ਦੇਖ ਰਹੇ ਸਨ ਤੇ ਇਸ ਘਟਨਾ ਤੋਂ ਬਹੁਤ ਖੁਸ਼ ਹੋਏ ਤੇ ਉਹਨਾਂ ਨੂੰ 'ਸ਼ੇਰ ਦਿਲ ਰਿਜਮੈਂਟ' ਦਾ ਕਮਾਂਡਰ ਨਿਯੁਕਤ ਕਰ ਦਿੱਤਾ। ਉਸ ਰਿਜਮੈਂਟ 'ਚ 800 ਘੋੜ ਸਵਾਰ ਤੇ ਪੈਦਲ ਸੈਨਾ ਸੀ। ਸ਼ੇਰ ਨੂੰ, ਆਪਣੀ ਯੋਗਤਾ ਤੇ ਬਹਾਦਰੀ ਨਾਲ ਮਾਰਨ 'ਤੇ ਉਹਨਾਂ ਦੇ ਨਾਮ ਨਾਲ, ਉਸੇ ਦਿਨ ਤੋਂ 'ਨਲਵਾ' ਸ਼ਬਦ ਜੁੜ ਗਿਆ।

ਸਰਦਾਰ ਹਰੀ ਸਿੰਘ ਨਲਵਾ (1791-1837 ਈਸਵੀ) ਦਾ ਭਾਰਤ ਦੇ ਇਤਿਹਾਸ 'ਚ ਇਕ ਬਹੁਤ ਹੀ ਮਹੱਤਵਪੂਰਨ ਤੇ ਸ਼ਲਾਘਾਯੋਗ ਸਥਾਨ ਹੈ। ਭਾਰਤ ਦੇ 19ਵੀਂ ਸਦੀ ਦੇ ਇਤਿਹਾਸ 'ਚ, ਉਹਨਾਂ ਦੀਆਂ ਪ੍ਰਾਪਤੀਆਂ ਦੀ, ਆਪਣੇ ਆਪ 'ਚ ਇਕ ਮਿਸਾਲ ਹੈ। ਉਹਨਾਂ ਦਾ ਨਿਸ਼ਠਾਵਾਨ ਜੀਵਨ ਕਾਲ, ਇਸ ਸਮੇਂ ਦੇ ਇਤਿਹਾਸ ਨੂੰ ਬੜੇ ਸਪਸ਼ਟ ਰੂਪ 'ਚ ਪੇਸ਼ ਕਰਦਾ ਹੈ। ਪ੍ਰੰਤੂ ਇਹ ਬੜੇ ਅਫਸੋਸ ਦੀ ਗੱਲ ਹੈ ਕਿ ਸਰਦਾਰ ਹਰੀ ਸਿੰਘ ਨਲਵਾ ਦਾ ਭਾਰਤ ਦੇ ਇਤਿਹਾਸ 'ਚ ਪਾਇਆ ਗਿਆ ਯੋਗਦਾਨ, ਅੱਜ ਪੰਜਾਬ ਦੀਆਂ ਹੱਦਾਂ ਅੰਦਰ ਹੀ ਸਿਮਟ ਕੇ ਰਹਿ ਗਿਆ ਹੈ ਤੇ ਉਹ ਸਮੁੱਚੇ ਭਾਰਤ ਦੇ ਇਤਿਹਾਸ ਵਿਚ ਅਗਿਆਤ ਵਾਂਗ ਹੀ ਨਜ਼ਰ ਆਉਂਦੇ ਹਨ। ਇਤਿਹਾਸ ਦੇ ਪੰਨਿਆਂ ਤੇ ਵੀ ਲੱਗਭੱਗ ਉਹਨਾਂ ਦਾ ਨਾਂ ਲੁਪਤ ਹੀ ਦਿਖਾਈ ਦਿੰਦਾ ਹੈ। ਅੱਜ ਉਨ੍ਹਾਂ ਦੇ 178ਵੇਂ ਸ਼ਹੀਦੀ ਦਿਨ ਤੇ ਉਹਨਾਂ ਦੀਆਂ ਅਫ਼ਗਾਨਿਸਤਾਨ ਤੇ ਕੀਤੀਆਂ ਗਈਆਂ ਜਿੱਤਾਂ ਤੇ ਪ੍ਰਾਪਤੀਆਂ ਨੂੰ ਸਮਰਪਣ ਕਰਨਾ ਹੀ ਇਕ ਉਚਿਤ ਸ਼ਰਧਾਂਜਲੀ ਹੋਵੇਗੀ। ਅੱਜ ਜੋ ਹਾਲਾਤ ਅਫ਼ਗਾਨਿਸਤਾਨ ਦੇ ਹਨ, ਉਸ ਨੂੰ ਸੁਧਾਰਨ ਲਈ ਦੁਨੀਆਂ ਦੀਆਂ ਮਹਾਂਸ਼ਕਤੀਆਂ ਅਮਰੀਕਾ, ਰੂਸ ਤੇ ਬਰਤਾਨੀਆ ਦੀਆਂ ਫੌਜਾਂ ਵੀ ਅਸਫਲ ਰਹੀਆਂ ਹਨ ਪ੍ਰੰਤੂ ਇਹ ਗੱਲ ਅਸੀਂ ਬੜੇ ਮਾਣ ਤੇ ਫਖਰ ਨਾਲ ਕਹਿ ਸਕਦੇ ਹਾਂ ਕਿ ਭਾਰਤ ਦੇ ਮਹਾਨ ਸਪੂਤ ਸਰਦਾਰ ਹਰੀ ਸਿੰਘ ਨਲਵਾ ਨੇ ਆਪਣੀ ਦੂਰ-ਅੰਦੇਸ਼ੀ ਤੇ ਬਹਾਦਰੀ ਦੀ ਧਾਂਕ ਜਮਾਉਣ ਨਾਲ ਇਕ ਸਿੱਖ-ਸੰਤ ਸਿਪਾਹੀ ਵਜੋਂ ਸਥਾਪਤ ਹੋਣ ਦੀ ਮਿਸਾਲ ਸਥਾਪਤ ਕੀਤੀ ਸੀ। ਅੱਜ ਅਫ਼ਗਾਨਿਸਤਾਨ ਦੀ ਸਰਕਾਰ ਕਈ ਔਕੜਾਂ ਤੇ ਭ੍ਰਿਸ਼ਟਾਚਾਰ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੀ ਹੈ। ਆਪਣੇ ਹੀ ਦੇਸ਼ ਦੀ ਰੱਖਿਆ ਲਈ ਅੰਤਰ ਰਾਸ਼ਟਰੀ ਫੌਜਾਂ ਤੇ ਨਿਰਭਰ ਹੈ ਤੇ ਹਜ਼ਾਰਾਂ ਦੀ ਤਾਦਾਦ ਵਿਚ ਅਮਰੀਕੀ ਅਤੇ ਬਰਤਾਨਵੀ ਫੌਜਾਂ ਤਾਇਨਾਤ ਹਨ ਜੋ ਤਾਲਿਬਾਨ ਅੱਤਵਾਦੀਆਂ ਦੀਆਂ ਅੱਤਵਾਦੀ ਘਟਨਾਵਾਂ ਨਾਲ ਜੂਝ ਰਹੀਆਂ ਹਨ, ਪ੍ਰੰਤੂ ਇੱਥੇ ਇਹ ਜਾਨਣਾ ਬੜਾ ਜ਼ਰੂਰੀ ਹੈ ਕਿ ਸਰਦਾਰ ਹਰੀ ਸਿੰਘ ਨਲਵਾ ਨੇ ਉਥੇ ਦੇ ਸਥਾਨਕ ਪ੍ਰਸ਼ਾਸਨ, ਵਿਸ਼ਵਾਸ ਕਰਨ ਯੋਗ ਆਪਣੀਆਂ ਕਾਰਵਾਈਆਂ ਨਾਲ, ਕਿਲ੍ਹਿਆਂ ਦੀ ਸਥਾਪਨਾ ਕਰਕੇ ਤੇ ਆਪਣੇ ਬਾਹੂਬਲ ਨਾਲ ਰਾਜ ਪ੍ਰਬੰਧ ਸਥਾਪਤ ਕੀਤਾ ਸੀ। ਇਹ ਇਸ ਤਰ੍ਹਾਂ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਸੀ ਕਿ ਪਿਸ਼ਾਵਰੀ ਪਸ਼ਤੂਨਾਂ 'ਤੇ ਕਿਸੇ ਖਾਲਸਾ-ਸ਼ਾਸਕ ਨੇ ਪਹਿਲੀ ਵਾਰ ਰਾਜ ਕਾਇਮ ਕੀਤਾ ਹੋਵੇ। ਇਸੇ ਲਈ ਹੀ ਪਿਸ਼ਾਵਰੀ ਪਸ਼ਤੂਨਾਂ ਤੇ ਕਿਸੇ ਖਾਲਸਾ-ਸ਼ਾਸਕ ਨੇ ਪਹਿਲੀ ਵਾਰ ਰਾਜ ਕਾਇਮ ਕੀਤਾ ਹੋਵੇ। ਇਸੇ ਲਈ ਹੀ ਰਣਨੀਤੀ, ਯੁੱਧ ਕਲਾ ਦੀ ਮੁਹਾਰਤ ਤੇ ਦੂਰ-ਅੰਦੇਸ਼ੀ ਦੇ ਨਜ਼ਰੀਏ ਤੋਂ ਸਰਦਾਰ ਹਰੀ ਸਿੰਘ ਨਲਵਾ ਦੀ ਤੁਲਨਾ ਦੁਨੀਆਂ ਦੇ ਮਹਾਨ ਜਰਨੈਲਾਂ ਜਿਵੇਂ ਨੈਪੋਲੀਅਨ, ਮਾਰਸ਼ਲ ਹੈਡਨਵਰਗ, ਲਾਰਡ ਕਿਚਨਰ, ਜਨਰਲ ਕਾਰਬਿਊਸਰ ਜਾਂ ਡਿਊਕ ਆਫ ਬਲਿੰਗਟਨ (ਸਭ ਯੂਰਪੀਅਨ), ਏਸ਼ੀਆ ਦੇ ਹਲਾਕੂ ਖਾਨ, ਚੰਗੇਜ਼ ਖਾਨ ਅਤੇ ਅਲਾਊਦੀਨ ਵਿਚ ਕੀਤੀ ਜਾਂਦੀ ਹੈ। ਬਰਤਾਨੀਆ ਦੇ ਲਿਖਾਰੀ ਬੜੇ ਮਾਣ ਨਾਲ ਆਪਣਾ ਸਿਰ ਝੁਕਾਅ ਕੇ ਸਰਦਾਰ ਹਰੀ ਸਿੰਘ ਨਲਵਾ ਨੂੰ ਸਲਾਮ ਮਾਰਦੇ ਹਨ ਕਿ ਉਹਨਾਂ ਨੇ ਅਫ਼ਗਾਨਿਸਤਾਨ ਵਿਚ ਆਪਣੀ ਸਰਦਾਰੀ ਦੇ ਝੰਡੇ ਗੱਡੇ ਸਨ। ਜਦੋਂ ਕਿ ਬਰਤਾਨੀਆ ਦੇ ਹਰ ਯਤਨ ਅਫ਼ਗਾਨਿਸਤਾਨ ਵਿਚ ਆਪਣੀ ਸਰਦਾਰੀ ਬਣਾਉਣ ਲਈ ਫੇਲ੍ਹ ਹੋਏ ਸਨ।

ਸਰਦਾਰ ਹਰੀ ਸਿੰਘ ਨਲਵਾ ਦਾ ਨਾਮ ਮਹਾਨ ਸਿੱਖ ਯੋਧਿਆਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਉਹ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਿੱਖ ਫੌਜ ਦੇ ਸਭ ਤੋਂ ਵੱਡੇ ਜਰਨੈਲ (ਕਮਾਂਡਰ-ਇਨ-ਚੀਫ) ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ (1799 ਤੋਂ 1849 ਈ:) ਨੂੰ 'ਸਰਕਾਰ ਖਾਲਸਾ ਜੀ' ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਸੀ। ਸਿੱਖ ਸਾਮਰਾਜ, ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੇ ਗਏ ਅਧਿਆਤਮਕ ਮਾਰਗ ਦਾ ਉਹ ਰੂਪ ਸੀ, ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੇ, ਵਿਸਾਖੀ ਵਾਲੇ ਦਿਨ 1699 ਈਸਵੀ ਨੂੰ 'ਪੰਥ ਖਾਲਸਾ' ਦੀ ਸਾਜਨਾ ਕਰਕੇ ਸੰਗਠਿਤ ਕੀਤਾ ਸੀ। ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਹ 'ਪੰਥ-ਖਾਲਸਾ' ਮੁਗਲਾਂ ਦੇ ਮਾਸੂਮ ਲੋਕਾਂ ਤੇ ਹੋ ਰਹੇ ਜ਼ੁਲਮਾਂ ਦੇ ਵਿਰੁੱਧ ਇਕ ਸ਼ਸਤਰਧਾਰੀ ਫੌਜ ਦੇ ਰੂਪ ਵਿਚ ਤਿਆਰ ਕੀਤਾ ਸੀ।

ਉਹਨਾਂ ਨੇ 'ਪੰਜ-ਪਿਆਰਿਆਂ' ਨੂੰ ਅੰਮ੍ਰਿਤ ਛਕਾਅ ਕੇ ਤੇ ਫਿਰ ਉਹਨਾਂ ਤੋਂ ਆਪ ਛੱਕ ਕੇ 'ਪੰਜ ਕਕਾਰਾਂ ਨੂੰ' ਧਾਰਨ ਕੀਤਾ ਸੀ। ਉਹ 'ਪੰਜ ਕਕਾਰ' ਸਨ: ਕੇਸ, ਕੰਘਾ, ਕੜਾ, ਕੱਛਾ ਤੇ ਕਰਪਾਨ ਸਨ। ਜਿਹੜਾ ਵੀ ਵਿਅਕਤੀ 'ਪੰਥ-ਖਾਲਸਾ' ਵਿਚ ਸ਼ਾਮਲ ਹੁੰਦਾ, ਉਹ ਅੰਮ੍ਰਿਤ ਛੱਕ ਕੇ 'ਖਾਲਸ ਸਿੱਖ' ਜਾਂ 'ਅੰਮ੍ਰਿਤਧਾਰੀ ਸਿੱਖ' ਅਖਵਾਉਂਦਾ। ਇਹ ਪ੍ਰੀਵਰਤਨ ਸੰਭਵ ਤੌਰ ਤੇ ਇਕ ਸਿੱਖ ਦੀ ਮਾਨਸਿਕਤਾ ਵਿਚ ਵੱਸ ਜਾਂਦਾ, ਉਸ ਸਿੱਖ ਵਿਚ ਆਤਮ ਵਿਸ਼ਵਾਸ ਪੈਦਾ ਕਰਦਾ, ਯੁੱਧ-ਭੂਮੀ ਲਈ ਉਸ ਨੂੰ ਤਿਆਰ ਕਰਦਾ, ਉਹ ਚਿੜੀਆਂ ਤੋਂ ਬਾਜ ਨਾਲ ਲੜਨ ਲਈ ਭਾਵ ਇਕ ਕਮਜ਼ੋਰ ਆਦਮੀ, ਜ਼ਾਲਮ ਤੇ ਤਕੜੇ ਨਾਲ ਟਾਕਰਾ ਕਰਨ ਲਈ ਤਿਆਰ ਹੋ ਜਾਂਦਾ।



ਪਿਛਲੀਆਂ ਅੱਠ ਸਦੀਆਂ ਤੋਂ ਲੁੱਟਮਾਰ, ਬਲਾਤਕਾਰ, ਜ਼ੁਲਮ ਅਤੇ ਜਬਰਦਸਤੀ ਇਸਲਾਮ ਧਰਮ ਗ੍ਰਹਿਣ ਕਰਨ ਲਈ ਮਜਬੂਰ ਕਰਨ ਤੋਂ ਬਾਅਦ ਸਿੱਖਾਂ ਨੇ ਭਾਰਤੀ ਉਪ ਮਹਾਂਦੀਪ ਦੇ ਉਸ ਹਿੱਸੇ ਵਿਚ 'ਖਾਲਸਾ ਰਾਜ' ਦੀ ਸਥਾਪਨਾ ਕੀਤੀ, ਜਿੱਥੇ ਅਫ਼ਗਾਨ ਹਮਲਾਵਰ ਨਿੱਤ ਹਮਲੇ ਕਰਦੇ ਸਨ। ਆਪਣੇ ਜੀਵਨ ਕਾਲ ਵਿਚ ਹੀ ਸਰਦਾਰ ਹਰੀ ਸਿੰਘ ਨਲਵਾ ਉਹਨਾਂ ਕਬੀਲਿਆਂ ਲਈ ਆਤੰਕ ਬਣ ਗਏ ਸਨ। ਜਿਹੜੇ ਅਕਸਰ ਦੱਰਾ ਖ਼ੈਬਰ ਦਾ ਰਸਤਾ ਪਾਰ ਕਰਕੇ, ਪੰਜਾਬ ਤੇ ਹਮਲੇ ਕਰਦੇ ਤੇ ਲੁੱਟਮਾਰ ਕਰਕੇ ਵਾਪਸ ਮੁੜ ਜਾਂਦੇ ਜਾਂ ਦਿੱਲੀ ਨੂੰ ਜਿੱਤਣ ਲਈ ਵਾਰ-ਵਾਰ ਹਮਲੇ ਕਰਦੇ ਸਨ। ਅੱਜ ਵੀ ਉਤਰੀ-ਪੱਛਮੀ ਸੀਮਾ (ਨਾਰਥ ਵੈਸਟਰਨ ਪ੍ਰੋਵੈਂਸ) ਤੇ ਇਕ ਪ੍ਰਸ਼ਾਸਨਿਕ ਅਤੇ ਸੈਨਿਕ ਕਮਾਂਡਰ ਦੇ ਤੌਰ ਤੇ ਸਰਦਾਰ ਹਰੀ ਸਿੰਘ ਨਲਵਾ ਦੁਆਰਾ ਪਾਈ ਗਈ ਠੱਲ੍ਹ ਨੂੰ ਯਾਦ ਕੀਤਾ ਜਾਂਦਾ ਹੈ। ਅੱਜ ਵੀ ਪਠਾਣ ਔਰਤਾਂ ਆਪਣੇ ਬੱਚਿਆਂ ਨੂੰ ਡਰਾਉਣ ਲਈ ਤੇ ਰੋਂਦੇ ਨੂੰ ਚੁੱਪ ਕਰਾਉਣ ਲਈ ਪਸ਼ਤੋ ਭਾਸ਼ਾ ਵਿਚ ਆਖਦੀਆਂ ਹਨ, ''ਚੁੱਪ ਸਾ ਹਰੀਆ ਰਾਂਗਲੇ ਦੇ!'' ਭਾਵ ਹੇ! ਬੱਚੇ ਰੋਣੋਂ ਚੁੱਪ ਕਰ ਜਾ ਨਹੀਂ ਤਾਂ ਹਰੀਏ ਭਾਵ ਸਰਦਾਰ ਹਰੀ ਸਿੰਘ ਨਲਵਾ ਆ ਜਾਵੇਗਾ।

ਮੈਂ ਇਸ ਅਖਾਣ ਦੀ ਪੁਸ਼ਟੀ ਲਈ ਤੇ ਇਸ ਹਕੀਕਤ ਨੂੰ ਜਾਨਣ ਲਈ ਆਪਣੀ ਅਫ਼ਗਾਨਿਸਤਾਨ ਯਾਤਰਾ ਦੌਰਾਨ ਕਈ ਅਫ਼ਗਾਨੀਆਂ ਨੂੰ ਪੁੱਛਿਆ ਤੇ ਉਹਨਾਂ ਆਖਿਆ ਇਹ ਗੱਲ ਬਿਲਕੁਲ ਦਰੁੱਸਤ ਹੈ ਕਿ ਅੱਜ ਵੀ ਅਫ਼ਗਾਨੀ ਲੋਕ, ਆਪਣੇ ਬੱਚਿਆਂ ਨੂੰ ਚੁੱਪ ਕਰਾਉਣ ਲਈ ਉਕਤ ਅਖਾਣ ਦੀ ਵਰਤੋਂ ਕਰਕੇ ਰੋਂਦੇ ਹੋਏ ਤੇ ਜਿੱਦ ਕਰ ਰਹੇ ਬੱਚੇ ਨੂੰ ਡਰਾਉਂ-ਦੀਆਂ ਹਨ। ਇਹ ਅਖਾਣ ਸਾਬਤ ਕਰਦਾ ਹੈ ਕਿ ਸਰਦਾਰ ਹਰੀ ਸਿੰਘ ਨਲਵਾ ਦੀ ਬਹਾਦਰੀ ਤੇ ਆਤੰਕ ਤੋਂ ਅਫ਼ਗਾਨੀ ਲੋਕ ਉਦੋਂ ਕਿੰਨੇ ਭੈ-ਭੀਤ ਤੇ ਡਰਦੇ ਸਨ। ਅੱਜ ਵੀ ਉਹਨਾਂ ਦੀ ਸ਼ਹੀਦੀ ਨੂੰ 178 ਸਾਲ ਬੀਤ ਜਾਣ ਬਾਅਦ ਵੀ ਇਸ ਅਖਾਣ ਦੀ ਮੌਲਿਕਤਾ ਉਵੇਂ ਹੀ ਬਰਕਰਾਰ ਹੈ, ਸਰਦਾਰ ਹਰੀ ਸਿੰਘ ਨਲਵਾ ਦੀਆਂ ਉਪਲਬਧੀਆਂ ਇਸ ਤਰ੍ਹਾਂ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕਾਇਮ ਕੀਤੀ ਗਈ ਪ੍ਰੰਪਰਾ ਦੀ ਮੂੰਹੋਂ ਬੋਲਦੀ ਉਦਾਹਰਣ ਹਨ। ਇਸੇ ਲਈ ਹੀ ਸਰ ਹੈਨਰੀ ਗਰੀਫਨ ਨੇ ਸਰਦਾਰ ਹਰੀ ਸਿੰਘ ਨਲਵਾ ਨੂੰ 'ਖਾਲਸਾ ਜੀ ਦਾ ਚੈਂਪੀਅਨ' ਆਖਿਆ ਹੈ। ਬ੍ਰਿਟਿਸ਼ ਸ਼ਾਸਕ ਸਰਦਾਰ ਹਰੀ ਸਿੰਘ ਦੀ ਤੁਲਨਾ ਨੈਪੋਲੀਅਨ ਦੇ ਪ੍ਰਸਿੱਧ ਕਮਾਂਡਰਾਂ ਨਾਲ ਵੀ ਕਰਦੇ ਹਨ।

ਸਰਦਾਰ ਹਰੀ ਸਿੰਘ ਨਲਵਾ ਨੇ ਸ਼ੇਰੇ-ਪੰਜਾਬ ਸਰਦਾਰ ਰਣਜੀਤ ਸਿੰਘ ਜੀ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ 'ਖਾਲਸਾ ਰਾਜ' ਦੀਆਂ ਭੂਗੋਲਿਕ ਸੀਮਾਵਾਂ ਨੂੰ ਪੰਜਾਬ ਤੋਂ ਲੈ ਕੇ ਕਾਬਲ ਤੱਕ ਬਾਦਸ਼ਾਹਤ ਦੇ ਧੁਰ ਅੰਦਰ ਤੱਕ ਸਥਾਪਤ ਕਰ ਦਿੱਤਾ ਸੀ। ਮਹਾਰਾਜਾ ਰਣਜੀਤ ਸਿੰਘ ਜੀ ਦੇ ਖਾਲਸਾ ਸ਼ਾਸਨ ਕਾਲ ਵਿਚ 1807 ਈ: ਤੋਂ ਲੈ ਕੇ 1837 ਈਸਵੀ ਤੱਕ, ਕੋਈ ਤਿੰਨ ਦਹਾਕਿਆਂ ਤੱਕ, ਲਗਾਤਾਰ ਸਰਦਾਰ ਹਰੀ ਸਿੰਘ ਨਲਵਾ ਨੇ ਅਫ਼ਗਾਨਾਂ ਨਾਲ ਲੜਾਈਆਂ ਕੀਤੀਆਂ ਤੇ ਜਿੱਤਾਂ ਪ੍ਰਾਪਤ ਕੀਤੀਆਂ ਤੇ ਕਸੂਰ, ਮੁਲਤਾਨ, ਕਸ਼ਮੀਰ ਤੇ ਪਿਸ਼ਾਵਰ ਨੂੰ ਖਾਲਸਾ ਰਾਜ ਵਿਚ ਸ਼ਾਮਲ ਕਰ ਲਿਆ।ਇਸ ਨਾਲ ਮਹਾਰਾਜਾ ਰਣਜੀਤ ਸਿੰਘ ਜੀ ਦੀ ਆਰਥਿਕ ਵਿਵਸਥਾ ਹੋਰ ਮਜ਼ਬੂਤ ਹੋ ਗਈ। ਹਰੀ ਸਿੰਘ ਨਲਵਾ ਦੇ ਜੀਵਨ ਦੀ ਪ੍ਰੀਖਿਆ ਦਾ ਨਿਰੀਖਣ, ਉਨ੍ਹੀਵੀਂ ਸਦੀ ਦੀ ਪਹਿਲੀ ਛਿਮਾਹੀ ਵਿਚ ਸਿੱਖ-ਅਫ਼ਗਾਨ ਸੰਬੰਧਾਂ ਦੀ ਪ੍ਰਤੀਨਿਧਤਾ ਹੈ। ਕਾਬਲ ਬਾਦਸ਼ਾਹੀ ਦੇ ਤਿੰਨ ਪਖ਼ਤੂਨ ਵੰਸ਼ਵਾਦੀ, ਪ੍ਰਤੀਨਿਧੀ, ਸਰਦਾਰ ਹਰੀ ਸਿੰਘ ਨਲਵਾ ਦੇ ਸਮਕਾਲੀ ਸਨ। ਪਹਿਲਾ ਅਹਿਮਦ ਸ਼ਾਹ ਅਬਦਾਲੀ ਦਾ ਪੋਤਾ, ਸ਼ਾਹ ਸੁਜਾਹ ਸੀ, ਦੂਸਰਾ ਫਤਿਹ ਖਾਨ, ਦੋਸਤ ਮੁਹੰਮਦ ਖਾਨ ਅਤੇ ਉਹਨਾਂ ਦਾ ਪੁੱਤਰ, ਤੀਸਰਾ ਸੁਲਤਾਨ ਮੁਹੰਮਦ ਖਾਨ ਜੋ ਜਹੀਰ ਸ਼ਾਹ ਅਫ਼ਗਾਨਿਸਤਾਨ ਦੇ ਰਾਜਾ ਦਾ ਪੂਰਵਜ਼ (1933-73) ਸੀ।

ਸਿੰਧ ਨਦੀ ਦੇ ਪਾਰ, ਉਤਰੀ-ਪੱਛਮੀ ਖੇਤਰ ਵਿਚ ਪਿਸ਼ਾਵਰ ਦੇ ਆਸ ਪਾਸ, ਅਫ਼ਗਾਨੀ ਲੋਕ ਕਈ ਕਬੀਲਿਆਂ ਵਿਚ ਵੰਡੇ ਹੋਏ ਸਨ। ਅੱਜ ਵੀ ਅਫ਼ਗਾਨਿਸਤਾਨ ਦੇ ਵੱਖ-ਵੱਖ ਕਬੀਲੇ ਕਈ ਸਾਲਾਂ ਤੋਂ ਆਪਸ ਵਿਚ ਲੜ ਰਹੇ ਹਨ। ਉਹ ਕਿਸੇ ਵੀ ਨਿਯਮ ਜਾਂ ਕਾਨੂੰਨ ਦੀ ਪਾਲਣਾ ਨਾ ਕਰਦੇ ਹੋਏ, ਉਹਨਾਂ ਦੀ ਹਮਲੇ ਕਰਨ ਦੀ ਨੀਤੀ, ਉਹਨਾਂ ਦੀ ਇਕ ਪ੍ਰਵਿਰਤੀ ਵਿਚ ਬਦਲ ਚੁੱਕੀ ਹੈ ਤੇ ਇਸ ਨੀਤੀ ਤੋਂ ਉਹ ਟੱਸ ਤੋਂ ਮੱਸ ਨਹੀਂ ਹੁੰਦੇ। ਪੂਰੀ ਤਰ੍ਹਾਂ ਇਸ ਇਲਾਕੇ ਤੇ ਹਰ ਪ੍ਰਸ਼ਾਸਨ ਦਾ ਕੰਟਰੋਲ ਰੱਖਣਾ ਹਰ ਸਰਕਾਰ ਦੀ ਇਕ ਸਮੱਸਿਆ ਤੇ ਚੁਣੌਤੀ ਰਹੀ ਹੈ। ਇਸ ਇਲਾਕੇ ਵਿਚ ਸਰਦਾਰ ਹਰੀ ਸਿੰਘ ਨਲਵਾ ਨੇ ਸਿੰਧ ਨਦੀ ਪਾਰ ਕਰਕੇ, ਆਪਣੀਆਂ ਕੋਸ਼ਿਸ਼ਾਂ ਦੁਆਰਾ ਅਫ਼ਗਾਨਿਸਤਾਨ ਸਾਮਰਾਜ ਦੇ ਇਕ ਵੱਡੇ ਹਿੱਸੇ ਤੇ ਕਬਜ਼ਾ ਕਰਕੇ, 'ਖਾਲਸਾ ਰਾਜ' ਦੀ ਉੱਤਰ-ਪੱਛਮ ਸੀਮਾ ਦਾ ਵਿਸਥਾਰ ਕੀਤਾ ਸੀ। ਸਰਦਾਰ ਹਰੀ ਸਿੰਘ ਨਲਵਾ ਦੀ ਸੈਨਾ ਨੇ ਅਫ਼ਗਾਨਾਂ ਨੂੰ ਦੱਰਾ ਖ਼ੈਬਰ ਤੋਂ ਪਰ੍ਹੇ ਬੁਰੀ ਤਰ੍ਹਾਂ ਖਦੇੜ ਕੇ ਇਹਨਾਂ ਅਫ਼ਗਾਨ ਹਮਲਾਵਰਾਂ ਕਬਾਲੀਆਂ ਭਾਵ ਪਠਾਣਾਂ ਦੀ ਐਸੀ ਦੁਰਗਤੀ ਕੀਤੀ, ਜਿਸ ਦੇ ਫਲਸਰੂਪ ਸਰਦਾਰ ਹਰੀ ਸਿੰਘ ਨਲਵਾ ਨੇ ਇਤਿਹਾਸ ਦੀ ਧਾਰਾ ਹੀ ਬਦਲ ਦਿੱਤੀ।

ਦੱਰਾ ਖ਼ੈਬਰ ਪੱਛਮ ਵਾਲੀ ਦਿਸ਼ਾ ਤੋਂ ਆਉਣ ਵਾਲਿਆਂ ਲਈ ਇਕ ਮੁੱਖ ਦੁਆਰ ਹੈ ਜੋ ਇਕ ਬਹੁਤ ਹੀ ਮਹੱਤਵਪੂਰਨ ਰਸਤਾ ਹੈ। ਦੱਰਾ ਖ਼ੈਬਰ ਦੇ ਰਸਤੇ ਹੀ ਕੋਈ ਪੰਜ ਸੋ ਸਾਲ ਪੂਰਬ ਈਸਾ, ਯੂਨਾਨੀਆਂ ਨੇ ਭਾਰਤ ਤੇ ਹਮਲਾ ਕੀਤਾ ਤੇ ਭਾਰਤ ਨੂੰ ਲੁੱਟਿਆ ਤੇ ਇਸ ਨੂੰ ਗੁਲਾਮ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ। ਹਮਲਾਵਰਾਂ ਨੇ ਇਸ ਦੇਸ਼ ਦੀ ਸਭਿਅਤਾ ਨੂੰ ਤਹਿਸ-ਨਹਿਸ ਕਰਨ ਦਾ ਯਤਨ ਕੀਤਾ ਤੇ ਲੁੱਟਮਾਰ ਕਰਕੇ ਆਪਣੇ ਇਲਾਕੇ ਵਿਚ ਵਾਪਸ ਮੁੜਦੇ ਰਹੇ। ਯੂਨਾਨੀਆਂ, ਹੂਣਾਂ ਤੇ ਛੱਕਾਂ ਦੇ ਬਾਅਦ ਅਰਬਾਂ, ਤੁਰਕਾਂ, ਪਠਾਣਾਂ ਤੇ ਮੁਗਲਾਂ ਦੇ ਕਬੀਲੇ ਲੱਗਭੱਗ ਇਕ ਹਜ਼ਾਰ ਸਾਲ ਤੱਕ ਭਾਰਤ ਤੇ ਹਮਲਾਵਰ ਬਣ ਕੇ ਆਉਂਦੇ ਰਹੇ। ਤੈਮੂਰ ਲੰਗ, ਬਾਬਰ ਤੇ ਨਾਦਰਸ਼ਾਹ ਦੇ ਹਮਲਿਆਂ ਨਾਲ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਗਈਆਂ, ਉਹਨਾਂ ਨੂੰ ਲੁੱਟਿਆ ਗਿਆ, ਔਰਤਾਂ ਦੀ ਅਜ਼ਮੱਤ ਨੂੰ ਬਰਬਾਦ ਕੀਤਾ ਗਿਆ ਤੇ ਖਾਸ ਕਰਕੇ ਉੱਤਰੀ ਭਾਰਤ ਦੇ ਲੋਕਾਂ ਨੂੰ ਗੁਲਾਮ ਬਣਾ ਕੇ, ਆਪਣੇ ਦੇਸ਼ ਲਿਜਾਂਦਾ ਰਿਹਾ। ਸਰਦਾਰ ਹਰੀ ਸਿੰਘ ਨੇ ਦੱਰਾ ਖ਼ੈਬਰ ਦਾ ਰਸਤਾ ਬੰਦ ਕਰਕੇ ਇਕ ਨਵਾਂ ਇਤਿਹਾਸ ਸਿਰਜਿਆ ਤੇ ਸਦਾ ਲਈ ਹਮਲਾਵਰਾਂ ਦਾ ਰਸਤਾ ਬੰਦ ਕਰ ਦਿੱਤਾ। ਪ੍ਰਸਿੱਧ ਜਨਰਲਾਂ 'ਚੋਂ ਸਭ ਤੋਂ ਮਹਾਨ ਯੋਧਾ ਮੰਨੇ ਗਏ ਵੀਰ ਸਰਦਾਰ ਹਰੀ ਸਿੰਘ ਨਲਵਾ ਨੇ ਅਫ਼ਗਾਨਾਂ ਨੂੰ ਹਰਾ ਕੇ ਇਹਨਾਂ ਯੁੱਧਾਂ ਵਿਚ ਭਾਗ ਲਿਆ: ਸਿਆਲਕੋਟ (1802), ਕਸੂਰ (1807), ਮੁਲਤਾਨ (1818), ਕਸ਼ਮੀਰ (1819) ਪਖਲੀ ਤੇ ਦਮਤੌਰ (1821-22), ਪਿਸ਼ਾਵਰ (1834) ਅਤੇ ਖ਼ੈਬਰ ਪਹਾੜੀਆਂ ਵਿਚ ਮੌਜੂਦ ਜਮਰੌਦ (1836)। ਸਰਦਾਰ ਹਰੀ ਸਿੰਘ ਨਲਵਾ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਨੇ ਕਸ਼ਮੀਰ ਤੇ ਪਿਸ਼ਾਵਰ ਦਾ ਗਵਰਨਰ ਨਿਯੁਕਤ ਕਰ ਦਿੱਤਾ। ਕਸ਼ਮੀਰ ਵਿਚ ਉਹਨਾਂ ਨੇ ਇਕ ਨਵਾਂ ਸਿੱਕਾ ਢਾਲਿਆ ਜਿਸ ਦਾ ਨਾਂ 'ਹਰਿ ਸਿੰਗੀ' ਰੱਖਿਆ। ਅੱਜ ਵੀ ਇਹ ਸਿੱਕਾ ਸੰਘਰਾਲਿਆ ਵਿਚ ਦੇਖਿਆ ਜਾ ਸਕਦਾ ਹੈ। ਹਜ਼ਾਰਾ, ਸਿੰਧ ਸਾਗਰ, ਦੁਆਬੇ ਦਾ ਵਿਸ਼ੇਸ਼ ਭਾਗ ਉਹਨਾਂ ਅਧੀਨ ਆਉਂਦੇ ਸਭ ਇਲਾਕਿਆਂ ਵਿਚੋਂ ਵਿਸ਼ੇਸ਼ ਸਥਾਨ ਰੱਖਦਾ ਹੈ। ਹਜ਼ਾਰਾ ਦੇ ਇਤਿਹਾਸ ਵਿਚ ਇਹ ਲਿਖਿਆ ਮਿਲਦਾ ਹੈ ਕਿ ਉਸ ਸਮੇਂ ਕੇਵਲ ਸਰਦਾਰ ਹਰੀ ਸਿੰਘ ਨਲਵਾ ਹੀ ਆਪਣੇ ਪ੍ਰਭਾਵਸ਼ਾਲੀ ਵਿਅਕਤਿਤਵ ਨਾਲ ਤੇ ਆਪਣੇ ਸੰਕਲਪ ਨਾਲ ਇਸ ਇਲਾਕੇ ਨੂੰ ਆਪਣੇ ਕਬਜ਼ੇ ਵਿਚ ਰੱਖ ਸਕਦੇ ਸਨ।

ਪੰਜਾਬ ਦੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਅਤੇ ਅਫ਼ਗਾਨਾਂ ਦੇ ਹਮਲਿਆਂ ਨੂੰ ਰੋਕਣ ਲਈ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਸਰਦਾਰ ਹਰੀ ਸਿੰਘ ਨਲਵਾ ਨੂੰ ਅਟਕ ਤੋਂ ਦੱਰਾ-ਖ਼ੈਬਰ ਤੱਕ, ਕਿਲ੍ਹਿਆਂ ਦੀ ਉਸਾਰੀ ਕਰਨ ਦੇ ਆਦੇਸ਼ ਦਿੱਤੇ। ਇਹ ਸਾਰੇ ਕਿਲੇ ਸਰਦਾਰ ਹਰੀ ਸਿੰਘ ਨਲਵਾ ਦੀ ਨਿਗਰਾਨੀ ਵਿਚ ਉਸਾਰੇ ਗਏ। ਇਹਨਾਂ ਕਿਲ੍ਹਿਆਂ ਵਿਚ ਜਮਰੌਦ ਦਾ ਮਸ਼ਹੂਰ ਕਿਲਾ ਵੀ ਆਉਂਦਾ ਹੈ। ਇੱਥੇ ਹੀ ਸਰਦਾਰ ਹਰੀ ਸਿੰਘ ਨਲਵਾ 1837 ਵਿਚ ਜਮਰੌਦ ਦੀ ਲੜਾਈ ਲੜਦਿਆਂ ਸ਼ਹੀਦ ਹੋ ਗਏ ਸਨ। ਬਰਤਾਨੀਆ ਦੇ ਮਸ਼ਹੂਰ ਇਤਿਹਾਸਕਾਰ ਲੇਖਕ 'ਸਰ ਲੇਪੇਨ ਗਰਿਫਨ' ਨੇ ਸਰਦਾਰ ਹਰੀ ਸਿੰਘ ਨਲਵਾ ਦੀ ਜਮਰੌਦ ਦੀ ਲੜਾਈ ਦਾ ਵਰਣਨ ਬੜਾ ਖੁੱਲ੍ਹ ਕੇ ਕੀਤਾ ਹੈ। ਜਦੋਂ ਮਹਾਰਾਜਾ ਰਣਜੀਤ ਸਿੰਘ ਜੀ ਆਪਣੇ ਬੇਟੇ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਸਨ ਤਾਂ ਉਸ ਸਮੇਂ ਸਰਦਾਰ ਹਰੀ ਸਿੰਘ ਨਲਵਾ ਉੱਤਰ-ਪੱਛਮੀ ਸੀਮਾ ਦੀ ਰਖਵਾਲੀ ਕਰ ਰਹੇ ਸਨ। ਉਹਨਾਂ ਕੋਲ ਫੌਜ ਦੀ ਇਕ ਛੋਟੀ ਜਿਹੀ ਟੁਕੜੀ ਸੀ। ਉਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਕਈ ਪੱਤਰ ਲਿਖਕੇ ਹੋਰ ਫੌਜ ਤੇ ਅਸਲਾ ਬਰੂਦ ਭੇਜਣ ਲਈ ਬੇਨਤੀ ਕੀਤੀ ਸੀ ਪਰ ਇਕ ਮਹੀਨੇ ਤੋਂ ਵੀ ਜ਼ਿਆਦਾ ਸਮਾਂ ਬੀਤ ਜਾਣ ਕਾਰਨ ਸਰਦਾਰ ਹਰੀ ਸਿੰਘ ਨਲਵਾ ਪਾਸ ਕੋਈ ਫੌਜੀ ਸਹਾਇਤਾ ਤੇ ਅਸਲਾ-ਬਰੂਦ ਨਾ ਪਹੁੰਚਿਆ। ਜਿਸ ਦੀ ਘਾਟ ਕਾਰਨ 40,000 ਹਜ਼ਾਰ ਅਫ਼ਗਾਨ ਫੌਜੀਆਂ ਨੇ ਜਮਰੌਦ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਸਰਦਾਰ ਹਰੀ ਸਿੰਘ ਨਲਵਾ ਆਪਣੀ ਥੋੜ੍ਹੀ ਜਿਹੀ ਸੈਨਾ ਨਾਲ ਹੀ ਬੜੀ ਬਹਾਦਰੀ ਨਾਲ ਲੜਦਾ ਹੋਇਆ 30 ਅਪ੍ਰੈਲ 1837 ਨੂੰ ਸ਼ਹੀਦ ਹੋ ਗਿਆ। ਉਹਨਾਂ ਪਾਸ ਉਸ ਸਮੇਂ ਸਿਰਫ 800 ਫੌਜੀ ਜਵਾਨ ਹੀ ਸਨ। ਸਰਦਾਰ ਹਰੀ ਸਿੰਘ ਨਲਵਾ ਦੇ ਸਰੀਰ ਤੇ ਗੋਲੀਆਂ ਲੱਗਣ ਨਾਲ ਕਾਫ਼ੀ ਡੂੰਘੇ ਜ਼ਖਮੀ ਹੋ ਗਏ ਸਨ ਜੋ ਉਹਨਾਂ ਲਈ ਜਾਨ ਲੇਵਾ ਸਾਬਤ ਹੋਏ। ਮਰਨ ਤੋਂ ਪਹਿਲਾਂ ਉਹਨਾਂ ਨੇ ਆਪਣੇ ਸਹਾਇਕ ਜਰਨੈਲ ਸਰਦਾਰ ਮਹਾਂ ਸਿੰਘ ਜੀ ਨੂੰ ਆਦੇਸ਼ ਦਿੱਤਾ ਕਿ ਜਦੋਂ ਤੱਕ ਨਵੀਂ ਹੋਰ ਸੈਨਾ ਨਾ ਆ ਜਾਵੇ, ਉਦੋਂ ਤੱਕ ਮੇਰੀ ਮੌਤ ਦਾ ਐਲਾਨ ਨਾ ਕੀਤਾ ਜਾਵੇ ਤੇ ਇਸ ਨੂੰ ਇਕ ਰਹੱਸ ਹੀ ਰੱਖਿਆ ਜਾਵੇ, ਸੈਨਿਕਾਂ ਦਾ ਹੌਸਲਾ ਨਾ ਟੁੱਟਣ ਦਿੱਤਾ ਜਾਵੇ ਤਾਂ ਕਿ ਉਹ ਲੜਾਈ ਦੇ ਮੈਦਾਨ ਵਿਚ ਬਹਾਦਰੀ ਨਾਲ ਲੜਦੇ ਹੋਏ ਦੁਸ਼ਮਣ ਦੇ ਵਿਰੁੱਧ ਡਟੇ ਰਹਿਣ। ਇਸ ਤਰ੍ਹਾਂ ਸਰਦਾਰ ਹਰੀ ਸਿੰਘ ਨਲਵਾ ਦੇ ਮ੍ਰਿਤਕ ਸਰੀਰ ਨੂੰ ਸੰਭਾਲਦੇ ਹੋਏ, ਉਹਨਾਂ ਦੇ ਸਰੀਰ ਤੇ ਕੁਝ ਦਵਾਈਆਂ ਦਾ ਲੇਪ ਕਰ ਦਿੱਤਾ ਤਾਂ ਜੋ ਮ੍ਰਿਤਕ ਸਰੀਰ ਖਰਾਬ ਨਾ ਹੋਵੇ।

ਦਸ ਦਿਨਾਂ ਤੱਕ ਮ੍ਰਿਤਕ ਸਰੀਰ ਨੂੰ ਇਕ ਕੁਰਸੀ ਤੇ ਬਿਠਾਅ ਕੇ ਕਿਲ੍ਹੇ ਦੀ ਛੱਤ ਤੇ ਰੱਖੀ ਛੱਡਿਆ ਤੇ ਬਾਹਰ ਇਹ ਖ਼ਬਰ ਫੈਲਾਅ ਦਿੱਤੀ ਕਿ ਸਰਦਾਰ ਹਰੀ ਸਿੰਘ ਨਲਵਾ ਕਿਲ੍ਹੇ ਦੀ ਛੱਤ ਤੇ ਚੜ੍ਹ ਕੇ ਫੌਜੀ ਜਵਾਨਾਂ ਦੀ ਹੌਸਲਾ ਅਫਜ਼ਾਈ ਤੇ ਅਗਵਾਈ ਕਰ ਰਹੇ ਹਨ। ਅਫ਼ਗਾਨ ਸੂਹੀਆਂ ਨੇ ਵੀ ਸਰਦਾਰ ਹਰੀ ਸਿੰਘ ਨਲਵਾ ਨੂੰ ਛੱਤ ਤੇ ਬੈਠਿਆਂ ਦੇਖ ਕੇ, ਅਫ਼ਗਾਨ ਫੌਜਾਂ ਨੂੰ ਉਹਨਾਂ ਦੇ ਜਿਉਂਦੇ ਹੋਣ ਦੀ ਖ਼ਬਰ ਦਿੱਤੀ। ਇਸ ਤਰ੍ਹਾਂ ਸਰਦਾਰ ਹਰੀ ਸਿੰਘ ਨਲਵਾ ਦੀ ਬਹਾਦਰੀ ਅਤੇ ਆਤੰਕ ਤੋਂ ਡਰਦੀਆਂ ਅਫ਼ਗਾਨ ਫੌਜਾਂ ਦਸ ਦਿਨਾਂ ਤੱਕ ਪਿੱਛੇ ਹਟੀਆਂ ਰਹੀਆਂ।

ਲਾਹੌਰ ਵਿਚ ਜਦੋਂ ਸ਼ੇਰੇ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਸਰਦਾਰ ਹਰੀ ਸਿੰਘ ਨਲਵਾ ਦੀ ਮੌਤ ਦਾ, ਚਿੱਠੀ ਦੁਆਰਾ ਪਤਾ ਲੱਗਾ ਤਾਂ ਉਹਨਾਂ ਨੇ ਬਹੁਤ ਦੁੱਖ ਮਹਿਸੂਸ ਕੀਤਾ, ਜਦੋਂ ਚਿੱਠੀ ਵਿਚ ਇਹ ਪੜ੍ਹਿਆ ਗਿਆ ਕਿ ਮੈਂ ਫੌਜੀ ਤੇ ਅਸਲਾ-ਬਾਰੂਦ ਦੀ ਮਦਦ ਕਰਨ ਲਈ, ਪਹਿਲਾਂ ਵੀ ਕਈ ਚਿੱਠੀਆਂ ਲਿਖੀਆਂ ਹਨ ਤਾਂ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਬਹੁਤ ਗੁੱਸਾ ਆ ਗਿਆ ਤੇ ਇਹ ਜਾਣਕਾਰੀ ਵੀ ਮਿਲ ਗਈ ਕਿ ਇਹ ਚਿੱਠੀਆਂ ਰਾਜਾ ਧਿਆਨ ਸਿੰਘ ਡੋਗਰਾ ਨੇ ਮਹਾਰਾਜਾ ਨੂੰ ਦਿੱਤੀਆਂ ਹੀ ਨਹੀਂ ਸਨ। ਰਾਜਾ ਧਿਆਨ ਸਿੰਘ ਡੋਗਰਾ ਦੀ ਇਸ ਸਾਜ਼ਿਸ਼ ਦਾ ਰਾਜ਼ ਖੁੱਲ੍ਹਦਿਆਂ ਹੀ ਮਹਾਰਾਜਾ ਨੇ ਗੁੱਸੇ ਵਿਚ ਅੱਗ ਬਬੂਲਾ ਹੁੰਦਿਆਂ ਹੋਇਆਂ ਕੋਲ ਬੈਠੇ ਰਾਜਾ ਧਿਆਨ ਸਿੰਘ ਡੋਗਰਾ ਦੇ ਕੋਲ ਹੀ ਪਏ ਪਿੱਤਲ ਦੇ ਗੜਬੇ ਨੂੰ ਵਗਾਹ ਮਾਰਿਆ। ਇਹ ਪਿੱਤਲ ਦਾ ਗੜਬਾ ਰਾਜਾ ਧਿਆਨ ਸਿੰਘ ਡੋਗਰਾ ਦੀ ਲੱਤ ਦੇ ਵੱਜਾ। ਰਾਜਾ ਧਿਆਨ ਸਿੰਘ ਡੋਗਰਾ, ਸਰਦਾਰ ਹਰੀ ਸਿੰਘ ਨਲਵਾ ਦੀ ਚੜ੍ਹਤ ਤੋਂ ਈਰਖਾ ਖਾਂਦਾ ਸੀ। ਇਸ ਘਟਨਾ ਤੋਂ ਭਾਵੁਕ ਹੋਇਆ ਪੰਜਾਬੀ ਸ਼ਾਇਰ ਹਰੀ ਚੰਦ 'ਕਾਦਰਯਾਰ( ਇੰਝ ਲਿਖਦਾ ਹੈ:-

ਗੈਨ ਗੁੱਸੇ ਦੇ ਨਾਲ ਮਹਾਂਰਾਜ ਯਾਰੋ,
ਗੜਬਾ ਮਾਰਿਆ ਈ ਵਜ਼ੀਰੇ ਦੀ ਟੰਗ ਉਤੇ।
ਅਖੇ ਦੂਰ ਹੋ ਜਾ ਮੇਰੀਆਂ ਅੱਖੀਆਂ ਤੋਂ,
ਕੁਝ ਫਾਇਦਾ ਨਹੀਂ ਤੇਰੇ ਸੰਗ ਉਤੇ।
ਪਹਿਲਾਂ ਖ਼ਬਰ ਨਾ ਕੀਤੋ ਮੂਲ ਮੈਨੂੰ,
ਫੌਜ ਮਦਦ ਨੂੰ ਘਲਦਾ ਜੰਗ ਉਤੇ।
'ਕਾਦਰਯਾਰ' ਏ ਦੱਸਿਆ ਉਸ ਵੇਲੇ,
ਜਦੋਂ ਸੱਟ ਏ, ਪਈ ਆ ਰੰਗ ਉਤੇ।

ਸਰਦਾਰ ਹਰੀ ਸਿੰਘ ਨਲਵਾ ਦਾ ਆਪਣੇ ਸਤਿਗੁਰੂ ਉਪਰ ਪੂਰਾ ਭਰੋਸਾ ਸੀ ਤੇ ਉਹਨਾਂ ਦਾ ਗੁਰਬਾਣੀ ਵਿਚ ਪੂਰਨ ਵਿਸ਼ਵਾਸ ਸੀ। ਉਹ ਰੋਜ਼ ਨਿਤਨੇਮ ਦਾ ਪਾਠ ਅੰਮ੍ਰਿਤ ਵੇਲੇ ਕਰਿਆ ਕਰਦੇ ਸਨ। ਉਹਨਾਂ ਦਾ ਲੰਬਾ ਕੱਦ ਸੀ ਤੇ ਉਹ ਸਰੀਰਕ ਤੌਰ ਤੇ ਬੜਾ ਸੁਡੌਲ ਤੇ ਤੰਦਰੁਸਤ ਵਿਅਕਤਿਤਵ ਦੇ ਮਾਲਕ ਸਨ। ਉਹਨਾਂ ਨੂੰ ਵਿਦਿਅਕ ਗਿਆਨ ਕਾਫੀ ਸੀ, ਜਿਸ

(ਬਾਕੀ ਅਗਲੇ ਸਫੇ ਤੇ)

# 'ਵਿਸ਼ਵ ਇਤਿਹਾਸ ਦਾ, ਇਕ ਸਿਰਮੌਰ ਜਰਨੈਲ'

ਨੂੰ ਉਸ ਸਮੇਂ ਦੇ ਅੰਗਰੇਜ਼ ਵੀ ਮੰਨਦੇ ਸਨ। ਇਸ ਬਾਰੇ 'ਬੈਰਨ ਹੇਗਲ' ਲਿਖਦਾ ਹੈ: "Hari Singh was a highly intelligent man with an mind. His manner of conversation was very attractive. He was fully aware of the State of Kingdoms in Europe and well understood the functioning of East India Company."

ਆਸਟ੍ਰੇਲੀਆ ਦੇ ਮਸ਼ਹੂਰ ਰਸਾਲੇ 'ਆਸਟ੍ਰੇਲੀਅਨ ਬਿਲਿਉਨਰਜ਼' ਨੇ ਆਪਣੇ ਇਕ ਅੰਕ 'ਚ ਪਿਛਲੇ ਸਾਲ ਵਿਸ਼ਵ ਇਤਿਹਾਸ ਦੇ 10 ਮਹਾਨ ਜਰਨੈਲਾਂ ਦੀ ਚੋਣ ਕਰਕੇ, ਇਕ ਸੂਚੀ ਜਾਰੀ ਕੀਤੀ ਹੈ, ਜਿਸ 'ਚ ਸਰਦਾਰ ਹਰੀ ਸਿੰਘ ਨਲਵਾ ਨੂੰ, ਉਹਨਾਂ 'ਚੋਂ ਸਿਰਮੌਰ (ਪਹਿਲਾ) ਮਹਾਨ ਜਰਨੈਲ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ। ਵਿਸ਼ਵ ਇਤਿਹਾਸ ਅਨੁਸਾਰ ਹਰੀ ਸਿੰਘ ਨਲਵਾ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਸ਼ਾਸਨ ਕਾਲ 'ਚ ਕਸ਼ਮੀਰ ਤੇ ਅਫ਼ਗਾਨ ਜਿਹੇ ਸੂਬਿਆਂ ਨੂੰ ਜਿੱਤ ਕੇ, ਸਿੱਖ ਰਾਜ 'ਚ ਮਿਲਾਅ ਕੇ, ਇਕ ਬਹੁਤ ਹੀ ਵੱਡੀ ਭੂਮਿਕਾ ਅਦਾ ਕੀਤੀ ਸੀ। ਇਹਨਾਂ 10 ਮਹਾਨ ਜਰਨੈਲਾਂ ਦੀ ਸੂਚੀ ਇਸ ਰਸਾਲੇ ਦੀ ਵੈਬਸਾਈਟ http:// www.billionairsaustralia.com 10-greatest conquerors-history-world 'ਤੇ ਮੌਜੂਦ ਹੈ।ਜਿਹਨਾਂ ਦੇ ਕ੍ਰਮਵਾਰ ਨਾਂ ਇਸ ਪ੍ਰਕਾਰ ਹਨ:-

ਪਹਿਲੇ ਨੰਬਰ 'ਤੇ ਸਰਦਾਰ ਹਰੀ ਸਿੰਘ ਨਲਵਾ, ਜਿਸ ਨੇ ਦੱਰਾ ਖ਼ੈਬਰ ਦੇ ਇਲਾਕੇ ਨੂੰ, ਜਿੱਥੋਂ ਦੀ ਸਦੀਆਂ ਤੋਂ ਧਾੜਵੀ ਤੇ ਹਮਲਾਵਰ ਆ ਕੇ, ਭਾਰਤ 'ਤੇ ਹਮਲੇ ਕਰਦੇ ਸਨ, ਨੂੰ ਜਿੱਤ ਕੇ ਅਫ਼ਗਾਨਿਸਤਾਨ ਦੇ ਇਲਾਕੇ 'ਚ ਪ੍ਰਵੇਸ਼ ਕੀਤਾ ਤੇ ਇਹ ਧਾੜਵੀਆਂ ਤੇ ਹਮਲਾਵਰਾਂ ਲਈ, ਰਸਤਾ ਸਦਾ ਲਈ ਬੰਦ ਕਰ ਦਿੱਤਾ ਤੇ ਇਸ ਤਰ੍ਹਾਂ ਕਰਕੇ ਉਹਨਾਂ ਨੇ ਆਪਣੀ 'ਖਾਲਸਾ ਰਾਜ' ਦੀ ਸਰਹੱਦ ਨੂੰ ਸੁਰੱਖਿਅਤ ਕਰ ਲਿਆ।

ਦੂਸਰੇ ਨੰਬਰ 'ਤੇ ਚੰਗੇਜ਼ ਖਾਂ ਦਾ ਨਾਂ ਆਉਂਦਾ ਹੈ ਜੋ ਮੰਗੋਲ ਸ਼ਾਸਨ ਦਾ ਸੰਸਥਾਪਕ ਹੈ, ਜਿਸ ਨੇ ਆਪਣੇ ਸ਼ਾਸਨ ਕਾਲ ਦੌਰਾਨ 4860,000 ਵਰਗ ਮੀਲ ਖੇਤਰ 'ਤੇ ਜਿੱਤ ਪ੍ਰਾਪਤ ਕੀਤੀ ਸੀ, ਜੋ ਇਤਿਹਾਸ 'ਚ ਕਿਸੇ ਵੀ ਹੋਰ ਸ਼ਾਸਕ ਤੋਂ ਵੱਧ ਹੈ।

ਤੀਸਰੇ ਸਥਾਨ ਤੇ ਵਿਸ਼ਵ ਵਿਜੇਤਾ ਕਹਾਉਣ ਵਾਲੇ 'ਸਿਕੰਦਰ ਮਹਾਨ' ਦਾ ਨਾਮ ਆਉਂਦਾ ਹੈ।

ਚੌਥੇ ਸਥਾਨ 'ਤੇ ਪੂਰਬ ਤੇ ਪੱਛਮ ਰੋਮਨ ਰਾਜ ਦੇ ਸ਼ਾਸਕ 'ਅਟੀਲਾ ਦਰੂਨ' ਦਾ ਨਾਮ ਰੱਖਿਆ ਗਿਆ ਹੈ।

ਪੰਜਵੇਂ ਸਥਾਨ 'ਤੇ ਅਫਰੀਕਾ ਤੇ ਯੂਰਪ 'ਤੇ ਜਿੱਤ ਪ੍ਰਾਪਤ ਕਰਨ ਵਾਲੇ ਰੋਮਨ ਸ਼ਾਸਕ 'ਜੂਲੀਅਸ ਸੀਜ਼ਰ' ਨੂੰ ਰੱਖਿਆ ਗਿਆ ਹੈ।

ਛੇਵੇਂ ਸਥਾਨ 'ਤੇ 'ਸਾਇਰਸ ਦਾ ਗ੍ਰੇਟ' ਦਾ ਸਥਾਨ ਹੈ, ਜੋ 546 ਬੀ. ਸੀ. ਵਿਚ ਪਰਸ਼ੀਆ ਦਾ ਰਾਜਾ ਬਣਿਆ ਸੀ।

ਸੱਤਵੇਂ ਨੰਬਰ 'ਤੇ ਸਪੇਨੀ ਸ਼ਾਸਕ 'ਫਰਾਂਸਿਸਕੋ ਪਜੈਰੋ' (1471-1541) ਨੂੰ ਰੱਖਿਆ ਗਿਆ ਹੈ।

ਅੱਠਵੇਂ ਸਥਾਨ 'ਤੇ 7 ਕਰੋੜ ਲੋਕਾਂ ਤੇ ਰਾਜ ਕਰਨ ਵਾਲੇ ਸਾਢੇ ਪੰਜ ਫੁੱਟੇ 'ਨਪੋਲੀਅਨ ਬੋਨਾਪਾਰਟ' ਨੂੰ ਰੱਖਿਆ ਗਿਆ ਹੈ।

ਨੌਵੇਂ ਸਥਾਨ 'ਤੇ ਈਸਾ ਦੇ ਨਾਮ ਤੋਂ 200 ਸਾਲ ਪਹਿਲਾਂ ਦੇ ਸ਼ਾਸਕ 'ਹਨੀਬਲ ਬਾਰਕਾਂ' ਨੂੰ ਰੱਖਿਆ ਗਿਆ ਹੈ।

ਦਸਵੇਂ ਸਥਾਨ 'ਤੇ ਇਕ ਕਰੋੜ 70 ਲੱਖ ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ 14ਵੀਂ ਸਦੀ ਦੇ ਤੁਰਕੀ ਦੇ ਜ਼ਾਲਮ ਸ਼ਾਸਕ 'ਤੈਮੂਰ ਲੰਗ' ਉਰਫ ਤਾਮਿਰਲੇਨ ਨੂੰ ਰੱਖਿਆ ਗਿਆ ਹੈ।

ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਬੜਾ ਜ਼ਰੂਰੀ ਹੈ ਕਿ ਸਿੱਖਾਂ ਦੀ ਬਹਾਦਰੀ ਤੇ ਯੁੱਧ ਕਲਾ ਨੂੰ ਦੁਨੀਆਂ ਭਰ 'ਚ ਸਲਾਮ ਕੀਤਾ ਜਾਂਦਾ ਹੈ। ਫਰਾਂਸ ਦੇ ਸਕੂਲਾਂ 'ਚ ਅੱਜ ਵੀ ਸਾਰਾਗੜ੍ਹੀ ਦੀ ਜੰਗ ਦਾ ਇਤਿਹਾਸ ਪੜ੍ਹਾਇਆ ਜਾਂਦਾ ਹੈ, ਜਦਕਿ ਭਾਰਤ 'ਚ ਇਸ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਭਾਵ ਅਣਗੌਲਿਆਂ ਰੱਖਿਆ ਗਿਆ ਹੈ। ਦੁਨੀਆਂ ਭਰ 'ਚ ਵਸਦੇ ਭਾਰਤੀਆਂ ਤੇ ਖਾਸ ਕਰ ਪੰਜਾਬੀਆਂ ਨੇ ਸਰਦਾਰ ਹਰੀ ਸਿੰਘ ਨਲਵਾ ਦੇ ਨਾਂ ਨੂੰ, ਇਸ ਵਿਸ਼ਵ ਪੱਧਰ ਦੇ ਮੁਕਾਬਲੇ 'ਚ 'ਪਹਿਲੇ ਸਥਾਨ' ਤੇ ਰੱਖਣ 'ਤੇ ਬਹੁਤ ਖੁਸ਼ੀ ਦਾ ਪ੍ਰਗਟਾ ਕੀਤਾ ਹੈ।

ਆਖਿਰ ਸਰਦਾਰ ਹਰੀ ਸਿੰਘ ਨਲਵਾ 'ਚ ਉਹ ਕਿਹੜੇ ਗੁਣ ਹਨ, ਜਿਹਨਾਂ ਕਰਕੇ ਉਹਨਾਂ ਨੂੰ ਵਿਸ਼ਵ ਪੱਧਰ ਦੇ ਇਸ ਇਤਿਹਾਸਕ ਮੁਕਾਬਲੇ 'ਚ ਸਿਰਮੌਰ ਸਥਾਨ ਪ੍ਰਾਪਤ ਹੋਇਆ ਹੈ। ਅਫ਼ਗਾਨਿਸਤਾਨ 'ਚ ਪਿਛਲੇ ਕਈ ਦਹਾਕਿਆਂ ਤੋਂ, ਉਹੀ ਕਬੀਲਿਆਂ ਨੇ, ਵਿਸ਼ਵ ਸ਼ਕਤੀ ਅਖਵਾਉਣ ਵਾਲੇ ਦੇਸ਼ ਤੇ ਉਹਨਾਂ ਦੇ ਸਾਥੀ ਦੇਸ਼ਾਂ ਨੂੰ ਵਖਤ ਪਾਇਆ ਹੋਇਆ ਹੈ ਤੇ ਉਹ ਅਫ਼ਗਾਨਿਸਤਾਨ ਵਿਚਲੀ ਗੜਬੜ ਨੂੰ, ਨੱਥ ਪਾਉਣ 'ਚ ਬਹੁਤ ਬੁਰੀ ਤਰ੍ਹਾਂ ਅਸਫਲ ਰਹੇ ਹਨ, ਪਰ ਇਹਨਾਂ ਸ਼ਕਤੀਆਂ ਦੇ ਮੁਕਾਬਲੇ 'ਚ ਸਰਦਾਰ ਹਰੀ ਸਿੰਘ ਨਲਵਾ ਨੇ ਅਫ਼ਗਾਨ ਸੂਬਿਆਂ ਤੇ ਜਿੱਤ ਪ੍ਰਾਪਤ ਕਰਕੇ, ਇਹਨਾਂ ਲੜਾਕੂ ਤੇ ਜੁਝਾਰੂ ਕਬੀਲਿਆਂ ਨੂੰ ਐਸੀ ਨੱਥ ਪਾਈ ਸੀ ਕਿ ਉਹ ਉਹਨਾਂ ਦੇ ਸ਼ਾਸਨ ਕਾਲ 'ਚ ਖੰਘੂਰਾ ਮਾਰਨ ਨੂੰ ਵੀ ਤਰਸਦੇ ਸਨ। ਅੱਜ ਦੇ ਮੌਜੂਦਾ ਸ਼ਾਸਨ ਵਿਚ ਉਹੀ ਕਬੀਲੇ ਮੌਜੂਦਾ ਵਿਸ਼ਵ ਸ਼ਕਤੀਆਂ ਦੇ ਸਾਹਮਣੇ ਦਹਾੜਦੇ ਫਿਰਦੇ ਹਨ। ਅੱਜ ਦੇ ਅਜਿਹੇ ਹਾਲਾਤ ਨੇ, ਵਿਸ਼ਵ ਦੇ ਇਤਿਹਾਸਕਾਰਾਂ ਤੇ ਬੁੱਧੀਜੀਵੀਆਂ ਦਾ ਧਿਆਨ, ਸਰਦਾਰ ਹਰੀ ਸਿੰਘ ਜੀ ਨਲੂਆ ਵੱਲ ਖਿੱਚਿਆ ਗਿਆ ਹੈ ਤੇ ਉਹਨਾਂ ਨੇ ਸਰਦਾਰ ਹਰੀ ਸਿੰਘ ਨਲਵਾ ਜੀ ਦੀ ਬਹਾਦਰੀ, ਉਹਨਾਂ ਦੀ ਬਹੁਤ ਸੁਚੇਤ, ਕਾਰਗਰ ਤੇ ਅਗਾਂਹ ਵਧੂ ਅਫ਼ਗਾਨ ਨੀਤੀ ਨੂੰ ਜ਼ਰੂਰ ਪ੍ਰਮੁੱਖਤਾ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ ਉਹ ਇਕ ਜੇਤੂ ਤੇ ਲੋਕ ਹਿਤਾਇਸ਼ੀ ਪ੍ਰਸ਼ਾਸਕ ਜਿਸ ਨੇ ਕਸ਼ਮੀਰ ਦਾ ਗਵਰਨਰ ਬਣਨ ਬਾਅਦ ਉਥੋਂ ਦੇ ਲੋਕਾਂ ਦੀ ਆਰਥਿਕ ਹਾਲਤ ਨੂੰ ਉਪਰ ਚੁੱਕਣ ਲਈ, ਕਸ਼ਮੀਰੀ ਸ਼ਾਲ, ਪੱਟੂ ਤੇ ਕੇਸਰ ਦੀ ਖੇਤੀ ਆਦਿ ਨੂੰ ਉਤਸ਼ਾਹਿਤ ਕਰਕੇ ਲੋਕਾਂ ਦੀ ਆਰਥਿਕ ਦਸ਼ਾ ਨੂੰ ਉਪਰ ਚੁੱਕਿਆ ਕਿਉਂਕਿ ਉਹ ਕਸ਼ਮੀਰ ਦੀ ਭੂਗੋਲਿਕ ਸਥਿਤੀ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਤੇ ਇਸ ਤਰ੍ਹਾਂ ਲੋਕ ਭਲਾਈ ਦੇ ਕੰਮ ਕਰਕੇ ਉਹਨਾਂ ਨੇ ਕਸ਼ਮੀਰ 'ਚ ਸ਼ਾਂਤੀ ਬਹਾਲ ਕਰਕੇ, ਸਫਲਤਾ ਪ੍ਰਾਪਤ ਕੀਤੀ ਸੀ। ਉਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਲਦਾਖ ਜਿੱਤਣ ਦਾ ਮਸ਼ਵਰਾ ਵੀ ਦਿੱਤਾ ਸੀ। ਉਹਨਾਂ ਨੇ ਅਫ਼ਗਾਨੀ ਸਿੱਕਿਆਂ ਨੂੰ ਬੰਦ ਕਰਕੇ 'ਨਾਨਕਸ਼ਾਹੀ' ਸਿੱਕਾ ਚਲਾਇਆ। ਉਹਨਾਂ ਦਾ ਉਦੇਸ਼ ਕਾਬਲ ਨੂੰ ਜਿੱਤਣਾ ਨਹੀਂ ਸੀ, ਸਗੋਂ ਦੱਰਾ ਖ਼ੈਬਰ ਦਾ ਰਸਤਾ ਬੰਦ ਕਰਕੇ 'ਖਾਲਸਾ ਰਾਜ' ਦੀਆਂ ਸੀਮਾਵਾਂ ਨੂੰ ਸੁਰੱਖਿਅਤ ਕਰਨਾ ਸੀ। ਅੰਗਰੇਜ਼ੀ ਫੌਜ ਦੇ ਮੁਕਾਬਲੇ 'ਚ ਖਾਲਸਾ ਫੌਜ ਨੂੰ, ਯੂਰਪੀਨ ਯੁੱਧ ਕਲਾ ਦੀ ਸਿੱਖਿਆ ਦੇਣਾ ਵੀ ਉਹਨਾਂ ਦੀ ਨੀਤੀ ਸੀ। ਇਸੇ ਲਈ ਹੀ ਉਹਨਾਂ ਨੇ ਯੂਰਪੀ ਫੌਜੀਆਂ ਨੂੰ ਆਪਣੀ ਫੌਜ 'ਚ ਭਰਤੀ ਕੀਤਾ ਸੀ।

ਸਰਦਾਰ ਹਰੀ ਸਿੰਘ ਜੀ ਨਲਵਾ ਨੇ ਵਿਦੇਸ਼ੀ ਸੈਲਾਨੀਆਂ ਤੇ ਫੌਜੀ ਅਫਸਰਾਂ ਨਾਲ ਰਾਬਤਾ ਕਾਇਮ ਕਰਨ ਲਈ ਅੰਗਰੇਜ਼ੀ, ਫਰਾਂਸੀਸੀ, ਸਪੇਨੀ ਤੇ ਇਤਾਲਵੀ ਭਾਸ਼ਾਵਾਂ ਦਾ ਗਿਆਨ ਵੀ ਹਾਸਲ ਕੀਤਾ। ਸੰਨ 1833 'ਚ ਜਦੋਂ ਉਹ ਅੰਗਰੇਜ਼ ਵਾਇਸਰਾਏ ਲਾਰਡ ਬਿੰਲੀਅਮ ਬੈਨਟਿੰਗ ਨਾਲ ਸ਼ਿਮਲੇ 'ਚ ਆਪਣੇ ਵਫ਼ਦ ਨਾਲ ਜਾ ਕੇ, ਰਾਜਨੀਤਿਕ ਸਬੰਧ ਬਣਾਉਣ ਲਈ ਮਿਲੇ ਤਾਂ ਉਹਨਾਂ ਨੂੰ ਕਮਾਂਡਰ-ਇਨ-ਚੀਫ਼ ਵਾਲੀ ਰਵਾਇਤੀ ਤਲਵਾਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਤੇ ਅੰਗਰੇਜ਼ੀ ਫੌਜ ਦੇ ਕਮਾਂਡਰ-ਇਨ-ਚੀਫ ਦੇ ਬਰਾਬਰ ਕੁਰਸੀ ਤੇ ਬਿਠਾਇਆ ਗਿਆ ਤੇ ਉਹਨਾਂ ਨੇ ਇੱਥੇ ਆਪਣੀ ਲਿਆਕਤ ਦਾ ਸਿੱਕਾ ਵੀ ਮਨਵਾਇਆ।

ਸਰਦਾਰ ਹਰੀ ਸਿੰਘ ਜੀ ਨਲਵਾ ਇਕ ਸਰਬ-ਪੱਖੀ ਸ਼ਖਸੀਅਤ ਦੇ ਮਾਲਕ ਸਨ। ਉਹ ਇਕ ਮਹਾਨ ਜਰਨੈਲ ਹੋਣ ਦੇ ਨਾਲ-ਨਾਲ, ਇਕ ਸੁਹਿਰਦ ਰਾਜਨੀਤਿਕ, ਇਕ ਕੋਮਲ ਚਿੱਤ ਇਨਸਾਨ, ਦਇਆਵਾਨ, ਕਲਾ ਪ੍ਰੇਮੀ, ਇਕ ਵਧੀਆ ਸ਼ਾਸਕ ਤੇ ਸਮਾਜਵਾਦੀ-ਲੋਕਤਾਂਤਰਿਕ ਵਿਚਾਰਧਾਰਾ ਰੱਖਣ ਵਾਲੇ ਮਹਾਨ ਪੁਰਸ਼ ਵੀ ਸਨ। ਇੱਥੇ ਉਹਨਾਂ ਦਾ ਇਕ ਅਲੌਕਿਕ, ਇਕ ਮਾਰਕਾਖੇਜ਼ ਤੇ ਆਮ ਇਨਸਾਨਾਂ ਨਾਲੋਂ, ਇਕ ਨਿਵੇਕਲਾ ਹੀ ਵਿਅਕਤਿਤਵ ਨਜ਼ਰ ਆਉਂਦਾ ਹੈ। ਉਹ ਇਸ 'ਕਮਾਂਡਰ-ਇਨ-ਚੀਫ' ਤੇ ਗਵਰਨਰ ਦੇ ਉਚੇ ਅਹੁਦੇ ਤੇ ਰਾਤੋ-ਰਾਤ ਛੜੱਪੇ ਮਾਰ ਕੇ ਨਹੀਂ ਪਹੁੰਚੇ, ਸਗੋਂ ਆਪਣੀ ਲਿਆਕਤ, ਹਿੰਮਤ ਤੇ ਦ੍ਰਿੜ੍ਹ ਨਿਸਚੇ ਦੇ ਆਧਾਰ 'ਤੇ ਆਪਣਾ ਹਰ ਕਦਮ ਫੂਕ-ਫੂਕ ਕੇ ਰੱਖਦੇ ਹੋਏ ਹੀ ਪਹੁੰਚੇ ਸਨ।

ਇਸ 'ਚ ਕੋਈ ਅਤਿਕਥਨੀ ਨਹੀਂ ਹੈ ਕਿ ਬੰਦਾ ਬਹਾਦਰ ਦੇ 'ਖਾਲਸਾ-ਰਾਜ' ਦੀ ਸਥਾਪਨਾ ਕਰਨ ਤੋਂ ਬਾਅਦ, ਸਰਦਾਰ ਹਰੀ ਸਿੰਘ ਨਲਵਾ ਹੀ, ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਲਈ 'ਖਾਲਸਾ ਰਾਜ' ਦੀ ਮੁੜ ਸਥਾਪਨਾ ਕਰਨ 'ਚ ਇਕ ਕਾਰਗਰ ਜਰਨੈਲ ਸਾਬਤ ਹੋ ਸਕੇ। ਇਸ ਵਿਸ਼ਵ ਦੇ ਮਹਾਨ ਜਰਨੈਲ ਨੇ ਹੀ 'ਖਾਲਸਾ-ਰਾਜ' ਨੂੰ ਚੜ੍ਹਦੀ ਕਲਾ ਦੀਆ ਬੁਲੰਦੀਆਂ ਤੱਕ ਪਹੁੰਚਾਇਆ।

ਪ੍ਰਸਿੱਧ ਅਫ਼ਗਾਨ ਇਤਿਹਾਸਕਾਰ 'ਔਲਿਫ ਕਾਰੋ' ਆਪਣੀ ਪੁਸਤਕ 'ਦੀ ਪਠਾਨਜ਼' 'ਚ ਸਰਦਾਰ ਹਰੀ ਸਿੰਘ ਨਲਵਾ ਜੀ ਦੀ ਤਾਰੀਫ ਕਰਦਿਆਂ ਕਹਿੰਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਜੀ ਪਾਸ ਸਿਰਫ ਇਕੋ ਹੀ ਸੱਚਾ-ਸੁੱਚਾ ਤੇ ਮਹਾਨ ਜਰਨੈਲ ਸਰਦਾਰ ਹਰੀ ਸਿੰਘ ਜੀ ਨਲਵਾ ਹੀ ਸਨ। ਇਹਨਾਂ ਤੋਂ ਇਲਾਵਾ ਉਹਨਾਂ ਪਾਸ ਹੋਰ ਕੋਈ ਸੂਝਵਾਨ ਜਰਨੈਲ ਨਹੀਂ ਸੀ।

'ਬੈਰਨ ਹੇਗਲ' ਲਿਖਦਾ ਹੈ ਕਿ ਸਰਦਾਰ ਹਰੀ ਸਿੰਘ ਨਲਵਾ ਇਕ ਬਹੁਤ ਹੀ ਸ਼ੌਕੀਨ ਪੁਰਸ਼ ਸੀ। ਉਸਦੇ ਗੁਜਰਾਂਵਾਲੇ ਨਗਰ 'ਚ ਆਪਣੀ ਜ਼ਮੀਨ 'ਤੇ ਤਰ੍ਹਾਂ-ਤਰ੍ਹਾਂ ਦੇ ਫੁੱਲ ਤੇ ਫਲ ਲਗਾਏ ਹੋਏ ਸਨ, ਜੋ ਉਹਨਾਂ ਨੇ ਏਸ਼ੀਆ ਦੇ ਕਿਸੇ ਜਰਨੈਲ ਜਾਂ ਸਰਦਾਰ ਦੇ ਘਰ ਨਹੀਂ ਦੇਖੇ। ਉਹ ਚਿੱਤਰਕਲਾ ਦੇ ਵੀ ਬੜੇ ਪਾਰਖੂ ਸਨ। ਉਹਨਾਂ ਦੇ ਘਰ 'ਚ ਹੋਰ ਚਿੱਤਰਾਂ ਤੋਂ ਇਲਾਵਾ ਇਕ ਆਪਣਾ ਚਿੱਤਰ, ਇਕੱਲੇ ਸ਼ੇਰ ਨਾਲ ਮੁਕਾਬਲਾ ਕਰਦੇ ਹੋਏ ਤੇ ਉਸ ਨੂੰ ਮਾਰਦੇ ਹੋਏ ਵੀ ਲਗਾਇਆ ਹੋਇਆ ਸੀ ਜੋ ਉਹਨਾਂ ਦੀ ਬਹਾਦਰੀ ਦਾ ਪ੍ਰਤੀਕ ਹੈ। ਇਸ ਤੋਂ ਇਲਾਵਾ ਅੰਗਰੇਜ਼ ਅਫਸਰ 'ਮਰੇ' ਆਪਣੀਆਂ ਲਿਖਤਾਂ 'ਚ ਸਰਦਾਰ ਹਰੀ ਸਿੰਘ ਨਲਵਾ ਜੀ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦਾ ਸਭ ਤੋਂ ਵੱਧ ਸੂਝਵਾਨ ਜਰਨੈਲ, ਇਕ ਬਹੁਤ ਵਧੀਆ ਪ੍ਰਸ਼ਾਸਕ ਤੇ ਭਰੋਸੇਮੰਦ ਦਰਬਾਰੀ ਦਰਸਾਉਂਦਾ ਹੈ।

ਉਕਤ ਚਰਚਾ 'ਚ ਦੱਸੇ ਗਏ ਸਰਦਾਰ ਹਰੀ ਸਿੰਘ ਜੀ ਨਲਵਾ ਦੇ ਨਾਮ ਤੋਂ ਇਲਾਵਾ ਬਾਕੀ ਦੇ 9 ਜਰਨੈਲ ਵੀ ਆਪਣੇ-ਆਪਣੇ ਸਮੇਂ ਦੇ ਬੜੇ ਮਹਾਨ ਵਿਸ਼ਵ ਪ੍ਰਸਿੱਧ ਜਰਨੈਲ ਸਨ, ਪਰ ਉਹਨਾਂ ਦੇ ਗੁਣਾਂ ਨਾਲੋਂ, ਸਰਦਾਰ ਹਰੀ ਸਿੰਘ ਜੀ ਨਲਵਾ 'ਚ, ਉਹਨਾਂ ਨਾਲੋਂ ਸਰਦਾਰ ਹਰੀ ਸਿੰਘ ਜੀ ਨਲਵਾ 'ਚ, ਉਹਨਾਂ ਨਾਲੋਂ ਨਿਵੇਕਲੇ, ਅਲੌਕਿਕ, ਮਾਰਕਾਖੇਜ਼, ਸਮਾਜਵਾਦੀ, ਲੋਕਰਾਜੀ ਤੇ ਸਰਬਪੱਖੀ ਵਿਅਕਤਿਤਵਤਾ ਵਾਲੇ, ਵੱਖਰੇ ਗੁਣ ਸਨ ਜੋ ਉਹਨਾਂ ਨੂੰ ਵਿਸ਼ਵ ਦੇ ਇਤਿਹਾਸ 'ਚ 10 ਮਹਾਨ ਜਰਨੈਲਾਂ ਦੀ ਹੋਈ ਚੋਣ 'ਚ ਸਿਰਮੌਰ ਭਾਵ ਪਹਿਲੇ ਸਥਾਨ 'ਤੇ ਰੱਖਦੇ ਹਨ।

ਉਕਤ ਚਰਚਾ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਜਿੱਥੇ ਉਹ ਇਕ ਮਹਾਨ ਜਰਨੈਲ ਸਨ, ਉਥੇ ਉਹ ਇਕ ਤਜਰਬੇਕਾਰ ਤੇ ਨਿਪੁੰਨ ਪ੍ਰਸ਼ਾਸਕ ਵੀ ਸਨ। ਇਕ ਮਹਾਨ ਯੋਧਾ ਹੋਣ ਕਾਰਨ ਉਹ ਦੁਸ਼ਮਣ ਤੇ ਆਪਣਾ ਰੋਹ ਸਦਾ ਬਰਕਰਾਰ ਰੱਖਦੇ ਸਨ ਪਰ ਇਸ ਦੇ ਉਲਟ, ਜਦ ਉਹ ਇਕ ਸਮਾਜਵਾਦੀ ਹੁੰਦੇ ਸਨ ਤਾਂ ਬੜੇ ਦਿਆਲੂ ਸੁਭਾਅ ਦੇ ਬਣ ਜਾਂਦੇ ਸਨ। ਉਹ ਘੋੜ ਸਵਾਰੀ ਤੇ ਤਲਵਾਰ ਦੇ ਜੌਹਰ ਦਿਖਾਉਣ 'ਚ ਬੜੇ ਨਿਪੁੰਨ ਸਨ।ਇਕ ਨਿਡਰ ਇਨਸਾਨ ਸਨ, ਜਦੋਂ 'ਖਾਲਸਾ ਰਾਜ' ਦੇ ਵਾਰਿਸ ਦੀ ਗੱਲ ਹੁੰਦੀ ਸੀ ਤਾਂ ਉਹ ਇਕੋ ਆਦਮੀ ਪਾਸ ਸਾਰੀਆਂ ਤਾਕਤਾਂ ਤੇ ਰਾਜ ਹੋਵੇ, ਦਾ ਡੱਟ ਕੇ ਵਿਰੋਧ ਕਰਦੇ ਸਨ। "ਖ਼ਾਲਸੇ ਲਈ ਨਿਰਣੇ ਲੈਣ ਨੂੰ, ਉਹ ਪੰਜ-ਪਿਆਰਿਆਂ ਦੀ 'ਸੰਸਥਾ' ਨੂੰ ਮਹੱਤਤਾ ਦਿੰਦੇ ਸਨ।" ਇਸ 'ਸੰਸਥਾ' ਦੇ ਦਿੱਤੇ ਗਏ ਨਿਰਣਿਆਂ ਨੂੰ ਖਿੜੇ-ਮੱਥੇ ਕਬੂਲਣ 'ਚ ਵਿਸ਼ਵਾਸ ਰੱਖਦੇ ਸਨ। ਉਹ 'ਖਾਲਸਾ ਰਾਜ' ਦੀ ਸ਼ਾਨ ਨੂੰ ਕਾਇਮ ਰੱਖਣ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਸਦਾ ਤਿਆਰ ਰਹਿੰਦੇ ਸਨ, ਪਰ ਅੰਤ ਨੂੰ ਉਹ ਡੋਗਰੇ ਸਰਦਾਰਾਂ ਦੀਆਂ ਲੂੰਬੜ ਚਾਲਾਂ, ਗੱਦਾਰੀ ਤੇ ਸਾਜ਼ਿਸ਼ ਦਾ ਸ਼ਿਕਾਰ ਬਣੇ ਤੇ 'ਖਾਲਸਾ ਰਾਜ' ਦੀ ਰਾਖੀ ਲਈ, ਲੜਦੇ-ਲੜਦੇ ਆਪਣੀ ਜਾਨ ਦੀ ਕੁਰਬਾਨੀ ਦੇ ਕੇ ਸ਼ਹੀਦੀ ਪ੍ਰਾਪਤ ਕਰ ਗਏ।


ਇਕ ਬਹਾਦਰ ਤੇ ਨਿਡਰ ਯੋਧਾ ਹੋਣ ਕਾਰਨ, ਉਹ ਆਪਣੇ ਪਠਾਣ ਦੁਸ਼ਮਣਾਂ 'ਚ ਵੀ ਸਤਿਕਾਰੇ ਜਾਂਦੇ ਸਨ। ਇਸ ਤਰ੍ਹਾਂ ਦਾ ਬਹਾਦਰ ਤੇ ਅਣਖੀ ਯੋਧਾ ਸੰਸਾਰ 'ਚ ਕਦੀ-ਕਦੀ ਹੀ ਜਨਮ ਲੈਂਦਾ ਹੈ। ਉਹਨਾਂ ਦੀ 'ਖਾਲਸਾ ਰਾਜ' ਲਈ ਦਿੱਤੀ ਗਈ ਕੁਰਬਾਨੀ ਨੂੰ ਕਦੀ ਵੀ ਨਹੀਂ ਭੁਲਾਇਆ ਜਾ ਸਕਦਾ। ਭਾਰਤੀ ਸਮਾਜ ਸਦਾ ਉਹਨਾਂ ਦਾ ਰਿਣੀ ਰਹੇਗਾ ਕਿਉਂਕਿ ਉਹਨਾਂ ਨੇ ਦੱਰਾ ਖ਼ੈਬਰ ਦਾ ਰਸਤਾ, ਹਮਲਾਵਰਾਂ ਲਈ ਸਦਾ ਸਦਾ ਲਈ ਬੰਦ ਕਰ ਦਿੱਤਾ ਸੀ। ਸਰਦਾਰ ਹਰੀ ਸਿੰਘ ਜੀ ਨਲਵਾ ਆਉਣ ਵਾਲੀਆਂ ਨਸਲਾਂ ਲਈ ਸਦਾ ਪ੍ਰੇਰਨਾ ਸਰੋਤ ਬਣੇ ਰਹਿਣਗੇ। ਅੱਜ ਉਹਨਾਂ ਦੇ 178ਵੇਂ ਸ਼ਹੀਦੀ ਦਿਵਸ 'ਤੇ ਮੈਂ "ਦੇਸ਼ ਦੁਆਬਾ" ਦੇ ਸੁਹਿਰਦ ਪਾਠਕਾਂ ਨਾਲ ਵਿਸ਼ਵ ਇਤਿਹਾਸ ਦੇ ਇਸ ਸਿਰਮੌਰ ਮਹਾਨ ਜਰਨੈਲ 'ਤੇ ਭਾਰਤੀ ਸਪੂਤ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ।

# ਅਮਿੱਟ ਛਾਪ ਛੱਡ ਗਿਆ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਕੈਲੀਫੋਰਨੀਆ ਦਾ ਕਬੱਡੀ ਕੱਪ











## 2 ਮਈ, 2015 ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਗੁਰੂ ਅਰਜੁਨ ਦੇਵ ਜੀ

ਸੰਤੋਖ ਸਿੰਘ ਸੰਧੂ
(+64) 022 071 0935



ਸਿੱਖ ਧਰਮ ਦੇ ਪੰਜਵੇਂ ਗੁਰੂ ਸ਼੍ਰੀ ਗੁਰੂ ਅਰਜੁਨ ਦੇਵ ਜੀ ਦਾ ਜਨਮ ਸ਼੍ਰੀ ਗੁਰੂ ਰਾਮਦਾਸ ਜੀ ਅਤੇ ਬੀਬੀ ਭਾਨੀ ਜੀ ਦੇ ਗ੍ਰਿਹ ਵਿਖੇ ਸ਼੍ਰੀ ਗੋਇੰਦਵਾਲ ਸਾਹਿਬ ਵਿੱਚ 15 ਅਪ੍ਰੈਲ 1563 ਨੂੰ ਹੋਇਆ। ਸ਼੍ਰੀ ਗੋਇੰਦਵਾਲ ਸਾਹਿਬ ਬਿਆਸ ਨਦੀ ਦੇ ਕੰਢੇ ਉਤੇ ਸਥਿੱਤ ਹੈ ਅਤੇ ਸਿੱਖ ਧਰਮ ਦੇ ਤੀਜੇ ਗੁਰੂ ਸ਼੍ਰੀ ਗੁਰੂ ਅਮਰ ਦਾਸ ਜੀ ਦਾ ਤਪ ਅਸਥਾਨ ਹੈ। ਗੁਰੂ ਅਮਰ ਦਾਸ ਗੁਰੂ ਅਰਜੁਨ ਦੇਵ ਜੀ ਦੇ ਨਾਨਾ ਜੀ ਸਨ। ਗੁਰੂ ਅਰਜੁਨ ਦੇਵ ਜੀ ਨੂੰ ਪਹਿਲੇ ਗੁਰੂ ਪੁੱਤਰ ਹੋਣ ਦਾ ਮਾਣ ਪ੍ਰਾਪਤ ਹੈ। ਗੁਰੂ ਅਰਜੁਨ ਦੇਵ ਜੀ ਗੁਰੂ ਰਾਮ ਦਾਸ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ। ਸਾਰਿਆਂ ਤੋਂ ਵੱਡੇ ਪੁੱਤਰ ਪ੍ਰਿਥੀ ਚੰਦ ਅਤੇ ਵਿਚਕਾਰਲੇ ਪੁੱਤਰ ਦਾ ਨਾਂ ਮਹਾਦੇਵ ਸੀ । ਗੁਰੂ ਅਰਜੁਨ ਦੇਵ ਜੀ 11 ਸਾਲ ਦੀ ਉਮਰ ਤੱਕ ਗੁਰੂ ਅਮਰ ਦਾਸ ਜੀ ਦੀ ਛਤਰ ਛਾਇਆ ਹੇਠ ਪਲੇ । ਗੁਰੂ ਅਮਰ ਦਾਸ ਜੀ ਨੇ ਉਨ੍ਹਾਂ ਦੇ ਗੁਣਾਂ ਨੂੰ ਭਾਸਦੇ ਹੋਇਆਂ ਕਿਹਾ ਸੀ, "ਦੋਹਿਤਾ, ਬਾਣੀ ਦਾ ਬੋਹਿਥਾ।"

ਗੁਰੂ ਰਾਮ ਦਾਸ ਜੀ ਤੋਂ ਬਾਅਦ ਗੁਰੂ ਅਰਜੁਨ ਦੇਵ ਜੀ ਨੇ 15 ਅਗਸਤ 1581 ਨੂੰ ਗੁਰਗੱਦੀ ਸੰਭਾਲੀ। ਗੁਰਗੱਦੀ ਉਤੇ ਬੈਠਣ ਤੋਂ ਬਾਅਦ ਗੁਰੂ ਜੀ ਨੇ ਸ਼੍ਰੀ ਅੰਮ੍ਰਿਤਸਰ ਵਿਖੇ ਸ਼੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ। ਸ਼੍ਰੀ ਹਰਿ-ਮੰਦਰ ਸਾਹਿਬ ਦੀ ਨੀਂਹ ਗੁਰੂ ਜੀ ਨੇ ਉਸ ਵੇਲੇ ਲਹੌਰ ਦੇ ਪ੍ਰਸਿੱਧ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ। ਇਸਤੋਂ ਇਲਾਵਾ ਤਰਨ ਤਾਰਨ ਤੇ ਕਰਤਾਰ ਪੁਰ ਸ਼ਹਿਰਾਂ ਦੀ ਬੁਨਿਆਦ ਰੱਖੀ ਅਤੇ ਇਹ ਸ਼ਹਿਰ ਵਸਾਏ । ਗੁਰੂ ਸਾਹਿਬ ਜੀ ਦਾ ਸਭ ਤੋਂ ਵੱਡਾ ਉਪਰਾਲਾ ਆਪਣੇ ਤੋਂ ਪਹਿਲਾਂ ਦੇ ਚਾਰ ਗੁਰੂ ਸਾਹਿਬਾਂ ਦੀ ਬਾਣੀ ਨੂੰ ਇਕੱਤਰ ਕਰਕੇ, ਉਸ ਵਿੱਚ ਆਪਣੀ ਬਾਣੀ ਨੂੰ ਜੋੜ ਕੇ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨੀ ਹੈ। ਗੁਰੂ ਜੀ ਨੇ ਇਸ ਗ੍ਰੰਥ ਵਿੱਚ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਸੰਤਾਂ ਭਗਤਾਂ ਦੀ ਬਾਣੀ ਵੀ ਦਰਜ ਕੀਤੀ ਜਿਹੜੀ ਕਿ ਸਿੱਖ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ। ਸ਼੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਵਿੱਚ ਗੁਰੂ ਜੀ ਨੇ ਇਸਦੇ ਚੌਹੀਂ ਪਾਸੀਂ ਚਾਰ ਦਰਵਾਜੇ ਰਖਵਾਏ। ਇਸਦਾ ਭਾਵ ਇਹ ਸੀ ਕਿ ਇਹ ਧਰਮ ਅਸਥਾਨ ਸਾਰੀ ਮਨੁੱਖਤਾ ਦਾ ਸਾਂਝਾ ਹੈ ਅਤੇ ਇਸ ਵਿੱਚ ਹਰੇਕ ਜਾਤ, ਵਰਣ, ਧਰਮ ਦਾ ਅਨੁਆਈ, ਜਿਸ ਦਿਸ਼ਾ ਤੋਂ ਵੀ ਆਉਣ ਦੀ ਧਾਰਨਾ ਰੱਖਦਾ ਹੋਵੇ, ਆ ਸਕਦਾ ਹੈ। ਇਸ ਤਰ੍ਹਾਂ ਗੁਰੂ ਜੀ ਨੇ ਸਭ ਧਰਮਾ, ਜਾਤਾਂ, ਵਰਣਾਂ ਨੂੰ ਬਰਾਬਰ ਦਾ ਸਨੁਮਾਨ ਦਿੱਤਾ। ਮੁਕੰਮਲ ਹੋਣ ਉਪ੍ਰੰਤ 1604 ਈਸਵੀ ਵਿੱਚ ਆਦਿ ਗੁਰੂ ਗ੍ਰੰਥ ਸਾਹਿਬ ਦਾ ਇੱਥੇ ਪ੍ਰਕਾਸ਼ ਕੀਤਾ ਗਿਆ। ਇਸ ਗ੍ਰੰਥ ਵਿੱਚ ਗੁਰੂ ਅਰਜੁਨ ਦੇਵ ਜੀ ਦੇ 2218 ਸ਼ਬਦ ਦਰਜ ਹਨ। ਗੁਰੂ ਜੀ ਦੀ ਸ਼ਾਹਕਾਰ ਰਚਨਾ 'ਸ਼੍ਰੀ ਸੁਖਮਨੀ ਸਾਹਿਬ ਵੀ ਇਸ ਵਿੱਚ ਦਰਜ ਹੈ। ਇਹ ਗ੍ਰੰਥ ਸਾਹਿਬ ਸਾਰਾ ਹੱਥ ਲਿਖਤ ਹੈ ਅਤੇ ਅੱਜ ਵੀ ਸ਼੍ਰੀ ਹਰਿਮੰਦਰ ਸਾਹਿਬ, ਅਮ੍ਰਿਤਸਰ ਵਿੱਚ ਮਹਿਫੂਜ ਰੱਖਿਆ ਹੋਇਆ ਹੈ। ਗੁਰੂ ਜੀ ਨੇ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਸ਼੍ਰੀ ਰਾਮ ਦਾਸ ਸਰੋਵਰ ਦੀ ਉਸਾਰੀ ਵੀ ਮੁਕੰਮਲ ਕਰਵਾਈ।

ਇਸ ਤਰ੍ਹਾਂ ਸ਼੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਸਿੱਖੀ ਦੇ ਪ੍ਰਚਾਰ ਅਤੇ ਸ਼ਰਧਾ ਦਾ ਕੇਂਦਰ ਬਣ ਗਿਆ। ਗੁਰੂ ਜੀ ਨੇ ਇਥੇ ਮਹੰਤਾਂ ਦੀ ਇੱਕ ਜਮਾਤ ਤਿਆਰ ਕੀਤੀ ਅਤੇ ਉਨ੍ਹਾਂ ਨੂੰ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਸਿੱਖੀ ਦੇ ਪ੍ਰਚਾਰ ਅਤੇ ਸਿੱਖਾਂ ਤੋਂ ਉਨ੍ਹਾਂ ਦੀ ਕਮਾਈ ਦਾ ਦਸਵੰਧ ਇਕੱਠਾ ਕਰਕੇ ਗੁਰੂ ਜੀ ਕੋਲ ਪਹੁੰਚਾਉਣ ਦੀ ਜਿੰਮੇਂਵਾਰੀ ਲਾ ਕੇ ਭੇਜਿਆ। ਇੱਥੇ ਇਹ ਗੱਲ ਵਰਣਨ ਯੋਗ ਹੈ ਕਿ ਕੁਝ ਸਮਾਂ ਪਾ ਕੇ ਇਹ ਮਹੰਤ ਸਰਕਾਰ ਦੇ ਹੱਥੀਂ ਚੜ੍ਹ ਕੇ ਗੁਰਦੁਆਰਿਆਂ ਉਤੇ ਕਬਜ਼ਾ ਕਰਕੇ ਬੈਠ ਗਏ ਸਨ, ਜਿਨ੍ਹਾਂ ਵਿਰੁੱਧ ਸਿੱਖ ਕੌਮ ਨੂੰ ਬੜੀ ਜਦੋ ਜਹਿਦ ਕਰਨੀ ਪਈ ਸੀ ਅਤੇ ਉਨ੍ਹਾਂ ਤੋਂ ਬੜੀ ਮੁਸ਼ੱਕਤ ਤੇ ਕੁਰਬਾਨੀਆਂ ਤੋਂ ਬਾਅਦ ਸਿੱਖ ਧਾਮ ਖਾਲੀ ਕਰਵਾਏ ਗਏ ।

### ਗੁਰੂ ਜੀ ਦਾ ਵਿਆਹ

ਗੁਰੂ ਅਰਜੁਨ ਦੇਵ ਜੀ ਦਾ ਵਿਆਹ ਜਲੰਧਰ ਦੇ ਕਸਬੇ ਫਿਲੌਰ ਦੇ ਨੇੜੇ ਪਿੰਡ ਮਾਓ (ਹੁਣ ਮਾਓ ਸਾਹਿਬ) ਦੇ ਵਾਸੀ ਭਾਈ ਕ੍ਰਿਸ਼ਨ ਚੰਦ ਦੀ ਪੁੱਤਰੀ ਗੰਗਾ, ਜਿਸਨੂੰ ਕਿ ਮਾਤਾ ਗੰਗਾ ਕਰਕੇ ਜਾਣਿਆਂ ਜਾਂਦਾ ਹੈ, ਨਾਲ 19 ਜੂਨ 1589 ਨੂੰ ਹੋਇਆ। ਜਦੋਂ ਗੁਰੂ ਜੀ ਇੱਥੇ ਵਿਆਉਣ ਲਈ ਆਏ ਸਨ ਤਾਂ ਉਹ ਪਿੰਡ ਮਾਓ ਸਾਹਿਬ ਤੋਂ ਪਹਿਲਾਂ ਨੇੜਲੇ ਪਿੰਡ ਬਿਲਗਾ ਵਿੱਚ ਦੋ ਦਿਨ ਲਈ ਰੁਕੇ । ਬਿਲਗਾ ਵਾਸੀਆਂ ਨੇ ਗੁਰੂ ਜੀ ਦੀ ਬੜੀ ਟਹਿਲ ਸੇਵਾ ਕੀਤੀ। ਗੁਰੂ ਜੀ ਬੜੇ ਪ੍ਰਸੰਨ ਹੋਏ ਅਤੇ ਬਿਲਗਾ ਵਾਸੀਆਂ ਨੂੰ ਬਹੁਤ ਅਸ਼ੀਰਵਾਦ ਦਿੱਤਾ। ਇਸ ਪਿੰਡ ਵਿੱਚ ਗੁਰੂ ਜੀ ਦੀ ਯਾਦ ਵਿੱਚ ਇੱਕ ਇਤਿਹਾਸਕ ਗੁਰਦੁਆਰਾ ਉਸਾਰਿਆ ਗਿਆ ਹੈ। ਇੱਥੋਂ ਜਾਣ ਲੱਗਿਆਂ ਗੁਰੂ ਜੀ ਨੇ ਇੱਥੋਂ ਦੀ ਸੰਗਤ ਨੂੰ ਆਪਣੀ ਸੈਲੀ, ਚੋਲਾ, ਪੈਜਾਮਾ, ਬਟੂਆ, ਦੁਸ਼ਾਲਾ, ਮਾਲਾ ਅਤੇ ਚੰਦਨ ਦੀ ਚੌਂਕੀ ਯਾਦਗਾਰ ਵਜੋਂ ਭੇਂਟ ਕੀਤੀ। ਇੱਥੇ ਗੁਰੂ ਜੀ ਦੇ ਵਿਆਹ ਦੀ ਯਾਦ ਵਿੱਚ ਹਰੇਕ ਸਾਲ ਤਿੰਨ ਦਿਨ ਸਮਾਗਮ ਮਨਾਏ ਜਾਂਦੇ ਹਨ। ਇਨ੍ਹਾਂ ਵਿਆਹ ਸਮਾਗਮਾਂ ਦੇ ਅੰਤਿਮ ਦਿਨ ਦੀਵਾਨ ਵਿੱਚ ਗੁਰੂ ਸਾਹਿਬ ਦੇ ਇਨ੍ਹਾਂ ਪਵਿੱਤਰ ਵਸਤਰਾਂ ਦੇ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ ।

### ਸਿੱਖਾਂ ਦੀ ਗਿਣਤੀ ਵਧਣੀ

ਸ਼੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ ਗੁਰੂ ਜੀ ਦੀਆਂ ਸਿੱਖਿਆਵਾਂ ਸਦਕਾ ਸਿੱਖਾਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਸੀ। ਸਿੱਖ ਭਾਈਚਾਰਾ ਇੱਕ ਸਮਾਜਿਕ-ਸਿਆਸੀ ਭਾਈਚਾਰੇ ਵਿੱਚ ਤਬਦੀਲ ਹੋ ਗਿਆ। ਗੁਰੂ ਜੀ ਦੇ ਵਧਦੇ ਪ੍ਰਭਾਵ ਨੂੰ ਵੇਖ ਕੇ ਵੱਡਾ ਭਰਾ ਪ੍ਰਿਥੀ ਚੰਦ, ਜੋ ਕਿ ਗੁਰੂ ਜੀ ਨਾਲ ਪਹਿਲਾਂ ਹੀ ਖਾਰ ਖਾਂਦਾ ਸੀ, ਬੜਾ ਦੁਖੀ ਸੀ ਅਤੇ ਉਸਨੇ ਗੁਰੂ ਜੀ ਨੂੰ ਨੀਵਾਂ ਤੇ ਝੂਠਾ ਦਿਖਾਉਣ ਲਈ ਕਈ ਚਾਲਾਂ ਚੱਲੀਆਂ। ਉਹ ਗੁਰੂ ਰਾਮ ਦਾਸ ਜੀ ਦਾ ਸਭ ਤੋਂ ਵੱਡਾ ਪੁੱਤਰ ਹੋਣ ਦੇ ਨਾਤੇ ਗੁਰਗੱਦੀ ਉਤੇ ਆਪਣਾ ਹੱਕ ਜਮਾਉਂਦਾ ਸੀ। ਉਸਨੇ ਗੁਰੂ ਅਰਜੁਨ ਦੇਵ ਜੀ ਦੇ ਪੁੱਤਰ ਹਰਗੋਬਿੰਦ ਨੂੰ ਬਾਲ ਅਵਸਥਾ ਵਿੱਚ ਹੀ ਮਰਵਾਉਣ ਦੀਆਂ ਕਈ ਚਾਲਾਂ ਚੱਲੀਆਂ, ਤਾਕਿ ਇਹ ਗੱਦੀ ਅੱਗੋਂ ਵਾਰਿਸਹੀਣ ਹੋ ਕੇ ਉਨ੍ਹਾਂ ਦੇ ਪਰਿਵਾਰ ਕੋਲ ਆ ਜਾਵੇ।

ਪਰ ਉਸਦੀਆਂ ਸਾਰੀਆਂ ਕੋਝੀਆਂ ਚਾਲਾਂ ਨਾਕਾਮ ਹੋ ਕੇ ਰਹਿ ਗਈਆਂ। ਬਾਲ ਹਰਗੋਬਿੰਦ ਜਵਾਨ ਹੋ ਗਏ। ਦਿੱਲੀ ਦੇ ਇੱਕ ਅਮੀਰ ਹਿੰਦੂ ਸੇਠ ਚੰਦੂ ਸ਼ਾਹ ਨੇ ਆਪਣੀ ਧੀ ਦਾ ਰਿਸ਼ਤਾ ਹਰਗੋਬਿੰਦ ਜੀ ਨਾਲ ਕਰਨ ਦੀ ਗੱਲ ਕੀਤੀ। ਚੰਦੂ ਸ਼ਾਹ ਬੜਾ ਆਕੜ ਵਾਲਾ ਘਮੰਡੀ ਵਿਅਕਤੀ ਸੀ। ਉਸਦੇ ਘਮੰਡ ਨੂੰ ਵੇਖਦਿਆਂ ਗੁਰੂ ਜੀ ਨੇ ਰਿਸ਼ਤੇ ਨੂੰ ਨਾਂਹ ਕਰ ਦਿੱਤੀ।

ਗੁਰੂ ਅਰਜੁਨ ਦੇਵ ਜੀ ਤੋਂ ਰਿਸ਼ਤੇ ਦੀ ਨਾਂਹ ਸੁਣਕੇ ਚੰਦੂ ਸ਼ਾਹ ਲਾਲੋ ਲਾਲ ਹੋ ਗਿਆ । ਉਸਦੀ ਦਿੱਲੀ ਸਰਕਾਰ ਦੇ ਮੁਗ਼ਲ ਬਾਦਸ਼ਾਹ ਅਕਬਰ ਦੇ ਦਰਬਾਰ ਵਿੱਚ ਚੰਗੀ ਪਹੁੰਚ ਸੀ। ਪ੍ਰਿਥੀ ਚੰਦ ਨੇ ਇਸ ਮੌਕੇ ਨੂੰ ਸੁਨਹਿਰੀ ਮੌਕਾ ਜਾਣਿਆਂ ਅਤੇ ਚੰਦੂ ਸ਼ਾਹ ਨਾਲ ਮੁਲਾਕਾਤ ਕਰਕੇ ਅਕਬਰ ਦੇ ਦਰਬਾਰ ਵਿੱਚ ਸ਼ਿਕਾਇਤ ਕਰਕੇ ਕਿਹਾ ਕਿ ਇਸ ਪਖੰਡੀ ਗੁਰੂ ਨੇ ਜਿਹੜਾ ਧਾਰਮਿਕ ਗ੍ਰੰਥ ਤਿਆਰ ਕੀਤਾ ਹੈ, ਉਸ ਵਿੱਚ ਦੂਸਰੇ ਧਰਮਾਂ, ਖਾਸ ਕਰਕੇ ਮੁਸਲਿਮ ਧਰਮ ਦੀ ਅਲੋਚਨਾ ਤੇ ਨਿੰਦਿਆ ਕੀਤੀ ਗਈ ਹੈ। ਅਕਬਰ ਨੇ ਗੁਰੂ ਜੀ ਨੂੰ ਉਹ ਗ੍ਰੰਥ ਲੈ ਕੇ ਦਿੱਲੀ ਦਰਬਾਰ ਵਿੱਚ ਪੇਸ਼ ਹੋਣ ਦਾ ਹੁਕਮ ਦੇ ਦਿੱਤਾ। ਗੁਰੂ ਜੀ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਹੋਰ ਸਿੱਖ ਵਿਦਵਾਨਾਂ ਨੂੰ ਨਾਲ ਲੈ ਕੇ ਗੁਰੂ ਗ੍ਰੰਥ ਸਮੇਤ ਅਕਬਰ ਦੇ ਦਰਬਾਰ ਵਿੱਚ ਪਹੁੰਚ ਗਏ।

ਜਦੋਂ ਅਕਬਰ ਦੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੀ ਵਿਆਖਿਆ ਕਰਕੇ ਦੱਸੀ ਗਈ ਤਾਂ ਅਕਬਰ ਸੰਤੁਸ਼ਟ ਹੋ ਗਿਆ। ਉਸਨੇ ਗੁਰੂ ਜੀ ਨੂੰ ਸਗੋਂ ਕੁਝ ਇਨਾਮ ਦੇਣਾ ਚਾਹਿਆ। ਗੁਰੂ ਜੀ ਨੇ ਕਿਹਾ ਕਿ ਹੇ ਅਕਬਰ ਜੇ ਤੂੰ ਮੈਨੂੰ ਕੋਈ ਇਨਾਮ ਦੇਣਾ ਹੈ ਤਾਂ ਫਿਰ ਇਸ ਵਾਰ ਪੰਜਾਬ ਦੇ ਕਿਸਾਨਾਂ ਦਾ ਮਾਲੀਆ ਮੁਆਫ ਕਰ ਦੇਹ, ਕਿਉਂਕਿ ਇਸ ਵਾਰ ਪੰਜਾਬ ਵਿੱਚ ਔੜ ਦੀ ਮਾਰ ਨਾਲ ਕਿਸਾਨਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ। ਕਿਸਾਨ ਇਸ ਵਾਰ ਮਾਲੀਆ ਅਦਾ ਕਰਨ ਦੀ ਹਾਲਤ ਵਿੱਚ ਨਹੀਂ ਹਨ।

ਅਕਬਰ ਗੁਰੂ ਜੀ ਤੋਂ ਪਹਿਲਾਂ ਹੀ ਕਾਫੀ ਪ੍ਰਭਾਵਿਤ ਹੋ ਗਿਆ ਸੀ, ਉਸਨੇ ਗੁਰੂ ਜੀ ਦੀ ਇਹ ਮੰਗ ਖੁਸ਼ੀ ਖੁਸ਼ੀ ਮੰਨ ਲਈ। ਪ੍ਰਿਥੀ ਚੰਦ ਦੀ ਇਹ ਚਾਲ ਵੀ ਨਾਕਾਮ ਹੋ ਗਈ। ਮਾਲੀਆ ਮੁਆਫ ਕਰਾਉਣ ਦੀ ਗੱਲ ਨਾਲ ਗੁਰੂ ਜੀ ਦਾ ਪੰਜਾਬ ਦੇ ਜੱਟ ਭਾਈਚਾਰੇ ਵਿੱਚ ਮਾਣ ਸਨੁਮਾਨ ਹੋਰ ਵੀ ਵਧ ਗਿਆ। ਸਿੱਖਾਂ ਦੀ ਗਿਣਤੀ ਦਿਨੋਂ ਦਿਨ ਵਧਣ ਲੱਗ ਪਈ। ਕਈ ਪ੍ਰਮੁੱਖ ਹਸਤੀਆਂ - ਝਬਾਲ ਦਾ ਚੌਧਰੀ ਲੰਗਾਹ ਢਿੱਲੋ, ਤਰਨ ਤਾਰਨ ਦੇ ਖੇਤਰ ਦਾ ਚੌਧਰੀ ਅਮਰੀਕਾ, ਕੰਗ ਮਾਈ ਪਿੰਡ ਦਾ ਭਾਈ ਮੰਝ ਆਦਿ ਗੁਰੂ ਜੀ ਦੇ ਸੇਵਕ ਬਣ ਗਏ ਅਤੇ ਗੁਰੂ ਜੀ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਵਿੱਚ ਜੁੱਟ ਗਏ।

ਭਾਰੀ ਗਿਣਤੀ ਵਿੱਚ ਪੰਜਾਬ ਦੇ ਖੱਤਰੀ, ਜੱਟ, ਰਾਜਪੂਤ, ਤਰਖਾਣ, ਅਰੋੜੇ, ਕੰਬੋਜ, ਸੈਣੀ, ਚੁਮਾਰ ਆਦਿ ਸਿੱਖ ਬਣ ਗਏ । ਕੁਝ ਮੁਸਲਮਾਨਾਂ ਨੇ ਵੀ ਸਿੱਖ ਧਰਮ ਧਾਰਨ ਕਰ ਲਿਆ।

ਗੁਰੂ ਜੀ ਦੀਆਂ ਸਿੱਖਿਆਵਾਂ ਵਿੱਚ ਸੱਚਾਈ ਨੂੰ ਵੇਖਦੇ ਹੋਏ ਕਈ ਮੁਸਲਮਾਨ ਪੀਰ ਵੀ ਗੁਰੂ ਜੀ ਦੇ ਪੈਰੋਕਾਰ ਬਣ ਗਏ । ਇੱਥੋਂ ਤੱਕ ਕਿ ਕਈ ਹਿੰਦੂ ਸੰਤਾਂ, ਜੋਗੀਆਂ ਅਤੇ ਸਿੱਧਾਂ ਨੇ ਵੀ ਸਿੱਖ ਮੱਤ ਧਾਰਨ ਕਰ ਲਿਆ। ਇਸ ਤਰ੍ਹਾਂ ਸਿੱਖ ਧਰਮ ਪੰਜਾਬ ਦਾ ਇੱਕ ਮੁੱਖ ਧਰਮ ਬਣ ਗਿਆ।

ਇਸਦੇ ਨਾਲ ਨਾਲ ਵਿਰੋਧੀਆਂ ਦੀਆਂ ਚਾਲਾਂ ਵੀ ਤੇਜ਼ ਹੁੰਦੀਆਂ ਗਈਆਂ। ਅਕਬਰ ਦੀ ਮੌਤ ਤੋਂ ਬਾਅਦ ਉਸਦਾ ਪੁੱਤਰ ਜਹਾਂਗੀਰ ਗੱਦੀ ਉਤੇ ਬੈਠਾ। ਉਹ ਢਿੱਲਾ, ਸਨਕੀ ਅਤੇ ਐਸ਼ ਪ੍ਰਸਤ ਬੰਦਾ ਸੀ। ਉਸਦੀਆਂ ਕਮਜ਼ੋਰੀਆਂ ਦਾ ਫਾਇਦਾ ਉਠਾਉਂਦਿਆਂ ਗੁਰੂ ਜੀ ਦੇ ਵਿਰੋਧੀਆਂ ਨੇ ਜਹਾਂਗੀਰ ਤੋਂ ਗੁਰੂ ਜੀ ਨੂੰ ਲਹੌਰ ਵਿੱਚ ਸ਼ਹੀਦ ਕਰਵਾ ਦਿੱਤਾ। ਗੁਰੂ ਜੀ ਨੂੰ ਬਹੁਤ ਸਾਰੇ ਗ਼ੈਰ ਮਨੁੱਖੀ ਤਸੀਹੇ ਦਿੱਤੇ ਗਏ। ਤੱਤੀ ਤਵੀ ਉਤੇ ਬਿਠਾ ਕੇ ਬਦਨ ਉਤੇ ਸੜਦੀ ਹੋਈ ਰੇਤ ਪਾਈ ਗਈ। ਅੰਤ ਆਪਣਾ ਜਲਿਆ ਹੋਇਆ ਬਦਨ ਲੈ ਕੇ ਗੁਰੂ ਜੀ ਨੇ ਜਦੋਂ 30 ਮਈ 1606 ਨੂੰ ਰਾਵੀ ਨਦੀ ਦੇ ਪਾਣੀ ਵਿੱਚ ਟੁੱਭੀ ਲਾਈ, ਫਿਰ ਉਪਰ ਨਹੀਂ ਆਏ।

## ਹੁਣ ਹਵਾਈ ਜਹਾਜ਼ 'ਚ ਪਸੰਦੀਦਾ ਸੀਟ 'ਤੇ ਬੈਠਣਾ ਹੋਵੇਗਾ ਮਹਿੰਗਾ

**ਨਵੀਂ ਦਿੱਲੀ** - ਭਾਰਤ ਵਿਚ ਹੁਣ ਹਵਾਈ ਯਾਤਰਾ ਦੌਰਾਨ ਆਪਣੀ ਮਨਪਸੰਦ ਸੀਟ 'ਤੇ ਬੈਠਣਾ ਤੁਹਾਨੂੰ ਮਹਿੰਗਾ ਪੈ ਸਕਦਾ ਹੈ। ਭਾਰਤ ਵਿਚ ਹਵਾਈ ਯਾਤਰੀਆਂ ਨੂੰ ਪਸੰਦੀਦਾ ਸੀਟਾਂ 'ਤੇ ਲਾਉਂਜ ਦੇ ਇਸਤੇਮਾਲ ਵਰ-ਗੀਆਂ ਸੁਵਿਧਾਵਾਂ ਲੈਣ ਲਈ ਵਧੇਰੇ ਧਨ ਦੇਣਾ ਪਵੇਗਾ। ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ (ਡੀ. ਜੀ. ਸੀ. ਏ.) ਨੇ ਹਵਾਈ ਕੰਪਨੀਆਂ ਨੂੰ ਇਸ ਤਰ੍ਹਾਂ ਦੀਆਂ ਸੁਵਿਧਾਵਾਂ 'ਤੇ ਸ਼ੁਲਕ ਵਸੂਲਣ ਦੀ ਆਗਿਆ ਦੇ ਦਿੱਤੀ ਹੈ। ਡੀ. ਜੀ. ਸੀ. ਏ. ਸਾਲ 2013 ਵਿਚ ਇਨ੍ਹਾਂ ਸੇਵਾਵਾਂ ਨੂੰ ਵੱਖ ਕਰ ਦਿੱਤਾ ਸੀ।



## ਸਿੱਖ ਲੜਕੀ ਨਾਲ ਛੇੜਛਾੜ ਕਰਨ 'ਤੇ ਇੰਦੌਰ ਵਿੱਚ ਤਣਾਅ

**ਇੰਦੌਰ (ਮੱਧ ਪ੍ਰਦੇਸ਼)** - ਮੱਧ ਪ੍ਰਦੇਸ਼ ਵਿਚ ਇੰਦੌਰ ਦੇ ਪੰਢਰੀਨਾਥ ਖੇਤਰ ਵਿਚ ਇਕ ਮੁਸਲਿਮ ਲੜਕੇ ਵੱਲੋਂ ਇਕ ਸਿੱਖ ਲੜਕੀ ਨਾਲ ਛੇੜਛਾੜ ਕਰਨ ਅਤੇ ਭਰਾ ਦੇ ਤਲਵਾਰ ਮਾਰਨ ਦੇ ਮਾਮਲੇ ਨੂੰ ਲੈ ਕੇ ਤਣਾਅ ਫੈਲ ਗਿਆ ਹੈ। ਮਾਮਲੇ ਵਿਚ ਦੋਸ਼ੀ ਵਿਰੁੱਧ ਕਾਰਵਾਈ ਨਹੀਂ ਹੋਣ ਉੱਤੇ ਸਿੱਖ ਸਮਾਜ ਦੇ ਲੋਕਾਂ ਨੇ ਥਾਣੇ ਦਾ ਘਿਰਾਓ ਕੀਤਾ ਹੈ। ਲੋਕਾਂ ਦਾ ਦੋਸ਼ ਹੈ ਕਿ ਪੁਲਿਸ ਦੋਸ਼ੀ ਨੂੰ ਬਚਾਉਣ ਵਿਚ ਲੱਗੀ ਹੋਈ ਹੈ। ਜਾਣਕਾਰੀ ਮੁਤਾਬਕ ਪਿਛਲੇ ਦਿਨੀਂ ਨਦੀਮ ਨਾਂ ਦੇ ਇਕ ਮੁਸਲਿਮ ਲੜਕੇ ਨੇ ਇਕ ਸਿੱਖ ਲੜਕੀ ਨਾਲ ਛੇੜਛਾੜ ਕੀਤੀ। ਜਦੋਂ ਲੜਕੀ ਘਰ ਨੇੜੇ ਸਥਿਤ ਇਕ ਦੁਕਾਨ ਉੱਤੇ ਸਮਾਨ ਲੈਣ ਆਈ ਤਾਂ ਨਦੀਮ ਨੇ ਉਸ ਨੂੰ ਆਪਣਾ ਮੋਬਾਈਲ ਨੰਬਰ ਦੇਣ ਦੀ ਕੋਸ਼ਿਸ਼ ਕੀਤੀ। ਲੜਕੀ ਨੇ ਮਨ੍ਹਾ ਕੀਤਾ ਤਾਂ ਦੋਸ਼ੀ ਧਮਕੀਆਂ ਦੇਣ ਲੱਗਾ। ਜਦੋਂ ਨੇੜੇ ਕ੍ਰਿਕਟ ਖੇਡ ਰਹੇ ਲੜਕੀ ਦੇ ਭਰਾ ਨੇ ਦੇਖਿਆ ਤਾਂ ਉਹ ਭੈਣ ਦੀ ਮਦਦ ਲਈ ਅੱਗੇ ਆਇਆ।

ਨਦੀਮ ਨੇ ਉਸ ਨਾਲ ਵੀ ਝਗੜਾ ਕਰਦੇ ਹੋਏ ਤਲਵਾਰ ਨਾਲ ਹਮਲਾ ਕਰ ਦਿੱਤਾ। ਮਾਮਲੇ ਦੀ ਸ਼ਿਕਾਇਤ ਲੈ ਕੇ ਜਦੋਂ ਪਰਿਵਾਰ ਥਾਣੇ ਪਹੁੰਚਿਆ ਤਾਂ ਪੁਲਿਸ ਨੇ ਨਦੀਮ ਵਿਰੁੱਧ ਆਮ ਧਾਰਾਵਾਂ ਲਾ ਕੇ ਕੇਸ ਦਰਜ ਕੀਤਾ। ਮੁਕੱਦਮੇ ਵਿਚ ਤਲਵਾਰ ਦੀ ਬਜਾਏ ਇੱਟ ਮਾਰਨਾ ਦੱਸਿਆ ਗਿਆ ਹੈ। ਛੇੜਛਾੜ ਦੀਆਂ ਧਾਰਾਵਾਂ ਨਹੀਂ ਲਾਈਆਂ ਗਈਆਂ ਹਨ। ਸਿੱਖ ਭਾਈਚਾਰੇ ਨੇ ਦੋਸ਼ ਵਿਰੁੱਧ ਸਖਤ ਧਾਰਾਵਾਂ ਲਾ ਕੇ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।



## 1 ਮਈ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਲਈ ਵਿਸ਼ੇਸ਼

# ਮਜ਼ਦੂਰ ਦਿਵਸ ਹੁਣ ਰਹਿ ਗਿਆ ਹੈ ਇੱਕ ਖਾਨਾ ਪੂਰਤੀ, ਬਹੁਤੇ ਮਜ਼ਦੂਰਾਂ ਨੂੰ ਨਹੀਂ ਕੋਈ ਵੀ ਜਾਣਕਾਰੀ

ਕੁਲਦੀਪ ਚੰਦ
9417563054



1 ਮਈ ਦਾ ਦਿਹਾੜਾ ਸਾਨੂੰ ਮਜਦੂਰਾਂ ਦੀਆਂ ਹਾਲਤਾਂ ਅਤੇ ਉਨ੍ਹਾਂ ਦੀ ਭਲਾਈ ਲਈ ਕੀਤੇ ਗਏ ਅੰਦੋਲਨਾ ਦੀ ਯਾਦ ਕਰਵਾਂਦਾ ਹੈ। 01 ਮਈ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਜਿਸਨੂੰ ਮਈ ਦਿਵਸ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਇਸਦੀ ਸ਼ੁਰੂਆਤ 1886 ਵਿੱਚ ਸ਼ਿਕਾਗੋ ਵਿੱਚ ਉਸ ਸਮੇਂ ਹੋਈ ਸੀ, ਜਦੋਂ ਮਜ਼ਦੂਰਾਂ ਦੇ ਹੋ ਰਹੇ ਸ਼ੋਸ਼ਣ ਨੂੰ ਰੋਕਣ ਲਈ ਮਜਦੂਰ ਇਕੱਠੇ ਹੋਕੇ ਮੰਗ ਕਰ ਰਹੇ ਸਨ ਕਿ ਇੱਕ ਦਿਹਾੜੀ ਵਿੱਚ ਕੰਮ ਦੇ ਘੰਟੇ 8 ਘੰਟੇ ਹੋਣ ਅਤੇ ਹਫਤੇ ਵਿੱਚ ਇੱਕ ਦਿਨ ਦੀ ਛੁੱਟੀ ਹੋਵੇ। ਇਸ ਦੌਰਾਨ ਇੱਕ ਅਣਪਛਾਤੇ ਵਿਅਕਤੀ ਨੇ ਬੰਬ ਚਲਾ ਦਿੱਤਾ ਅਤੇ ਬਾਅਦ ਵਿੱਚ ਪੁਲਿਸ ਫਾਈਰਿੰਗ ਵਿੱਚ ਕੁਝ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕੁਝ ਪੁਲਿਸ ਵਾਲੇ ਵੀ ਮਾਰੇ ਗਏ। ਇਸਤੋਂ ਬਾਅਦ 1889 ਵਿੱਚ ਪੈਰਿਸ ਵਿੱਚ ਅੰਤਰਰਾਸ਼ਟਰੀ ਮਹਾਂਸਭਾ ਦੀ ਦੂਜੀ ਬੈਠਕ ਵਿੱਚ ਫਰੈਂਚ ਕ੍ਰਾਂਤੀ ਨੂੰ ਯਾਦ ਕਰਦੇ ਹੋਏ ਇੱਕ ਪ੍ਰਸਤਾਵ ਪਾਰਿਤ ਕੀਤਾ ਗਿਆ ਕਿ ਇਸਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇ, ਉਸ ਸਮੇਂ ਤੋਂ ਹੀ ਦੁਨੀਆਂ ਦੇ 80 ਦੇਸ਼ਾਂ ਵਿੱਚ ਮਈ ਦਿਵਸ ਨੂੰ ਰਾਸ਼ਟਰੀ ਛੁੱਟੀ ਘੋਸ਼ਿਤ ਕੀਤਾ ਗਿਆ ਅਤੇ ਇਸਨੂੰ ਰਾਸ਼ਟਰ ਪੱਧਰ ਤੇ ਮਨਾਇਆ ਜਾਣ ਲੱਗ ਪਿਆ। 1919 ਵਿੱਚ ਅੰਤਰਰਾਸ਼ਟਰੀ ਮਜਦੂਰ ਸੰਗਠਨ ਹੋਂਦ ਵਿੱਚ ਆ ਗਿਆ। ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਵੱਖ ਵੱਖ ਦੇਸ਼ਾਂ ਵਿੱਚ ਦਫਤਰ ਖੋਲੇ ਗਏ ਹਨ। ਅੰਤਰਰਾਸ਼ਟਰੀ ਮਜਦੂਰ ਸੰਗਠਨ ਵਲੋਂ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਸਮੇਂ-ਸਮੇਂ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਇਸ ਲਈ ਜਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਭਾਰਤ ਵਿੱਚ ਇੱਕ ਮਈ ਦਾ ਦਿਹਾੜਾ ਸਭ ਤੋਂ ਪਹਿਲਾਂ ਚੇਨਈ ਵਿੱਚ 1 ਮਈ 1923 ਨੂੰ ਮਨਾਉਣਾ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਇਸ ਨੂੰ ਮਦਰਾਸ ਦਿਵਸ ਵਜੋਂ ਪ੍ਰਵਾਨਿਤ ਕਰ ਲਿਆ ਗਿਆ ਸੀ। ਇਸ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਰਾਵੇਲੂ ਚੇਟਿਆਰ ਨੇ ਸ਼ੁਰੂ ਕੀਤੀ ਸੀ। ਭਾਰਤ ਵਿੱਚ ਮਦਰਾਸ ਦੇ ਹਾਈਕੋਰਟ ਸਾਹਮਣੇ ਇੱਕ ਵੱਡਾ ਮੁਜ਼ਾਹਰਾ ਕਰਕੇ ਇੱਕ ਮਤਾ ਪਾਸ ਕਰਕੇ ਇਹ ਸਹਿਮਤੀ ਬਣਾਈ ਗਈ ਕਿ ਇਸ ਦਿਵਸ ਨੂੰ ਭਾਰਤ ਵਿੱਚ ਵੀ ਕਾਮੇ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਛੁੱਟੀ ਦਾ ਐਲਾਨ ਕੀਤਾ ਜਾਵੇ। ਇਸਤੋਂ ਬਾਦ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ 01 ਮਈ ਦਾ ਦਿਹਾੜਾ ਮਨਾਇਆ ਜਾਣ ਲੱਗ ਪਿਆ। ਕਿਸੇ ਵੀ ਸਮਾਜ, ਦੇਸ਼, ਸੰਸਥਾ ਅਤੇ ਉਦਯੋਗ ਵਿੱਚ ਮਜ਼ਦੂਰਾਂ, ਕਾਮਿਆਂ ਅਤੇ ਮਿਹਨਤਕਸ਼ਾਂ ਦਾ ਅਹਿਮ ਰੋਲ ਹੁੰਦਾ ਹੈ। ਕਿਸੇ ਵੀ ਉਦਯੋਗ ਵਿੱਚ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਕਾਮਿਆਂ ਤੋਂ ਬਿਨਾਂ ਕੋਈ ਵੀ ਸਨਅਤੀ ਢਾਂਚਾ ਖੜਾ ਨਹੀਂ ਰਹਿ ਸਕਦਾ ਹੈ। ਸਰਕਾਰ ਦਾ ਰੋਲ ਉਦਯੋਗਿਕ ਸ਼ਾਂਤੀ, ਉਦਯੋਗਪਤੀਆਂ ਅਤੇ ਮਜ਼ਦੂਰਾਂ ਦਰਮਿਆਨ ਸੁਖਾਵੇਂ, ਸ਼ਾਂਤਮਈ ਤੇ ਪਰਿਵਾਰਕ ਸਬੰਧ ਕਾਇਮ ਕਰਨਾ, ਝਗੜੇ ਤੇ ਟਕਰਾਅ ਦੀ ਸੂਰਤ ਵਿੱਚ ਉਨ੍ਹਾਂ ਦਾ ਸਮਝੌਤਾ ਅਤੇ ਸੁਲਾਹ ਕਰਵਾਉਣ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਉਦਯੋਗਿਕ ਟ੍ਰਿਬਿਊਨਲ ਕਾਇਮ ਕਰਕੇ ਨਿਰਪੱਖਤਾ ਤੇ ਪਾਰਦਰਸ਼ੀ ਢੰਗ ਨਾਲ ਕੁਦਰਤੀ ਨਿਆਂ ਦੇ ਅਸੂਲ ਦੇ ਸਿਧਾਂਤ ਅਨੁਸਾਰ ਇਨਸਾਫ਼ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੀ ਬਿਹਤਰੀ ਲਈ ਸਮੇਂ-ਸਮੇਂ ਸਿਰ ਕਾਨੂੰਨੀ ਅਤੇ ਜਾਬਤਾ ਪ੍ਰਣਾਲੀ ਨਿਰਧਾਰਤ ਕਰਨਾ ਹੈ। ਭਾਰਤੀ ਸੰਦਰਭ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸਾਨਾਂ, ਮਜ਼ਦੂਰਾਂ ਅਤੇ ਕਿਰਤੀਆਂ ਦੇ ਹੱਕ ਵਿੱਚ ਆਵਾਜ਼ ਉਠਾਈ ਸੀ ਅਤੇ ਉਸ ਸਮੇਂ ਦੇ ਹੰਕਾਰੀ ਅਤੇ ਲੁਟਰੇ ਹਾਕਮ ਮਲਕਿ ਭਾਗੋ ਦੀ ਰੋਟੀ ਨਾ ਖਾ ਕੇ ਉਸ ਦਾ ਹੰਕਾਰ ਤੋੜਿਆ ਅਤੇ ਭਾਈ ਲਾਲੋ ਦੀ ਕਿਰਤ ਦੀ ਕਮਾਈ ਨੂੰ ਸਤਿਕਾਰ ਦਿੱਤਾ ਸੀ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ 'ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ ਅਤੇ ਦਸਵੰਧ ਕੱਢਣਾ' ਦਾ ਸੰਦੇਸ਼ ਦਿੱਤਾ। ਗ਼ਰੀਬ ਮਜ਼ਦੂਰ ਅਤੇ ਕਾਮੇ ਦਾ ਹਲੀਮੀ ਰਾਜ ਸਥਾਪਿਤ ਕਰਨ ਲਈ ਮਨਮੁੱਖ ਤੋਂ ਗੁਰਮੁੱਖ ਤੱਕ ਦੀ ਯਾਤਰਾ ਕਰਨ ਦਾ ਸੰਦੇਸ਼ ਦਿੱਤਾ। ਇਸੇ ਕਰਕੇ 1 ਮਈ ਨੂੰ ਭਾਈ ਲਾਲੋ ਦਿਵਸ ਵਜੋਂ ਵੀ ਸਿੱਖ ਜਗਤ ਵਿੱਚ ਮਨਾਇਆ ਜਾਂਦਾ ਹੈ। ਹੁਣ ਸਮਾਜਵਾਦ ਦੀ ਆਵਾਜ਼ ਘੱਟ ਹੀ ਸੁਣਾਈ ਦਿੰਦੀ ਹੈ। ਅਜਿਹੇ ਹਾਲਾਤ ਵਿੱਚ ਇਸ ਮਈ ਦਿਵਸ ਦੀ ਹਾਲਤ ਕੀ ਹੋਵੇਗੀ, ਇਹ ਸਵਾਲ ਮਹੱਤਵਪੂਰਨ ਹੈ। ਇਤਿਹਾਸਕ ਨਜ਼ਰ ਨਾਲ 'ਦੁਨੀਆਂ ਦੇ ਮਜ਼ਦੂਰੋਂ ਇੱਕ ਹੋਵੋ' ਦੇ ਨਾਰੇ ਨੂੰ ਦੇਖੀਏ ਤਾਂ ਉਸ ਸਮੇਂ ਵੀ ਦੁਨੀਆਂ ਦੇ ਲੋਕ ਦੋ ਖੇਮਿਆਂ ਵਿੱਚ ਵੰਡੇ ਹੋਏ ਸੀ। ਅਮੀਰ ਅਤੇ ਗਰੀਬ ਦੇਸ਼ਾਂ ਵਿੱਚ ਫਰਕ ਸੀ। ਸਾਰੇ ਦੇਸ਼ਾਂ ਵਿੱਚ ਕੁਸ਼ਲ ਅਤੇ ਗੈਰ-ਕੁਸ਼ਲ ਮਜ਼ਦੂਰ ਇਕੱਠੇ ਟ੍ਰੇਡ ਯੂਨੀਅਨਾਂ ਵਿੱਚ ਭਾਗੀਦਾਰ ਨਹੀਂ ਸਨ। ਪਹਿਲੇ ਸੰਸਾਰ ਯੁੱਧ ਅਤੇ ਦੂਜੇ ਸੰਸਾਰ ਯੁੱਧ ਦੋਰਾਨ ਸਾਰੇ ਮਜ਼ਦੂਰ ਸੰਗਠਨ ਅਤੇ ਇਸਦੇ ਨੇਤਾ ਆਪਣੇ ਦੇਸ਼ ਦੇ ਝੰਡੇ ਦੇ ਥੱਲੇ ਆ ਗਏ। ਇਸਤੋਂ ਬਾਅਦ ਪੱਛਮੀ ਦੇਸ਼ਾਂ ਵਿੱਚ ਕਲਿਆਣਕਾਰੀ ਰਾਜ ਆਇਆ ਅਤੇ ਮਈ ਦਿਵਸ ਦਾ ਪੁਨਰ-ਜਾਗਰਣ ਹੋਇਆ। ਸੋਵੀਅਤ ਸੰਘ ਦੇ ਟੁੱਟਣ ਦੇ ਨਾਲ ਹੀ ਪੂੰਜੀਵਾਦ ਦਾ ਵਿਕੱਲਪ ਦੁਨੀਆਂ ਵਿੱਚ ਗੁੰਮ ਹੋ ਗਿਆ ਹੈ। ਉਦਯੋਗਿਕ ਉਤਪਾਦਨ ਦਾ ਤਰੀਕਾ ਬਦਲ ਗਿਆ। ਉਦਯੋਗਿਕ ਉਤਪਾਦਨ ਤੰਤਰ ਦਾ ਵਿਸਤਾਰ ਪੂਰੀ ਦੁਨੀਆਂ ਵਿੱਚ ਹੋ ਗਿਆ ਹੈ। ਇਕੱਠੇ ਕੰਮ ਕਰਨਾ ਅਤੇ ਇੱਕ ਜਗ੍ਹਾ ਕੰਮ ਕਰਨਾ ਹੁਣ ਮਹਿਜ ਇੱਕ ਸੁਪਨਾ ਹੀ ਰਹਿ ਗਿਆ। ਅੱਜ ਕੱਲ ਕਿਤਾਬਾਂ ਲਿਖੀਆ ਜਾ ਰਹੀਆਂ ਹਨ 'ਕੰਮ ਦਾ ਖਾਤਮਾ'।






ਦੁਨੀਆਂ ਵਿੱਚ ਸਭ ਤੋਂ ਵੱਡਾ ਪਰਿਵਰਤਨ ਇਹ ਆਇਆ ਹੈ ਕਿ ਜੋ ਕੰਮ ਪਹਿਲਾਂ 100 ਮਜ਼ਦੂਰ ਮਿਲਕੇ ਕਰਦੇ ਸੀ ਉਹ ਕੰਮ ਹੁਣ ਇੱਕ ਰੋਬੋਟ ਕਰ ਲੈਂਦਾ ਹੈ। ਉਦਾਹਰਣ ਦੇ ਲਈ ਟਾਟਾ ਦੀ ਨੈਨੋ ਫੈਕਰੀ ਵਿੱਚ 4 ਕਰੋੜ ਰੁਪਏ ਦੇ ਨਿਵੇਸ਼ ਤੇ ਇੱਕ ਨੌਕਰੀ ਨਿਕਲਦੀ ਹੈ। ਇਹ ਕੰਮ ਵੀ ਮਜ਼ਦੂਰ ਦੇ ਲਈ ਨਹੀਂ ਬਲਕਿ ਤਕਨੀਤੀ ਰੂਪ ਨਾਲ ਉੱਚ ਸਿੱਖਿਅਤ ਲੋਕਾਂ ਦੇ ਲਈ ਹੈ। ਤਕਨੀਕ ਨੇ ਲੋਕਾਂ ਦੀ ਜ਼ਰੂਰਤਾਂ ਨੂੰ ਘੱਟ ਕਰ ਦਿੱਤਾ ਹੈ। ਇਸ ਨਾਲ ਸਾਧਾਰਨ ਲੋਕਾਂ ਦੀ ਜ਼ਮੀਨ ਖਿਸਕ ਗਈ ਹੈ। ਲੋਕ ਬੇਰੁਜ਼ਗਾਰ ਹਨ, ਜਿਹਨਾਂ ਦੇ ਕੋਲ ਰੋਜ਼ਗਾਰ ਹੈ ਉਨ੍ਹਾਂ ਨੂੰ ਇਹ ਡਰ ਸਤਾ ਰਿਹਾ ਹੈ ਕਿ ਕੱਲ ਇਹ ਕਿਤੇ ਖੋਹ ਨਾ ਲਿਆ ਜਾਵੇ। ਆਈ ਐਮ ਐਫ (ਅੰਤਰਰਾਸ਼ਟਰੀ ਮੁੱਦਰਾ ਕੋਸ਼) ਅਤੇ ਵਿਸ਼ਵ ਬੈਂਕ ਦੀਆਂ ਨੀਤੀਆਂ ਦਾ ਹਜ਼ਾਰਾਂ ਨੌਜ਼ਵਾਨ ਸੜਕਾਂ ਤੇ ਵਿਰੋਧ ਕਰਦੇ ਹਨ ਪਰ ਇਸ ਬੁਨਿਆਦੀ ਸਵਾਲ ਦਾ ਕਿਸੇ ਕੋਲ ਕੋਈ ਜਵਾਬ ਨਹੀਂ ਹੈ। ਬੇਸ਼ਕ 01 ਮਈ ਦਾ ਦਿਨ ਅੰਤਰਰਾਸ਼ਟਰੀ ਮਜਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਵੱਖ-ਵੱਖ ਥਾਵਾਂ ਤੇ ਮਜ਼ਦੂਰਾਂ ਦੀ ਮਾੜੀ ਹਾਲਤ ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਜਾਂਦੀਆਂ ਹਨ। ਗੈਰ ਸੰਗਠਤ ਖੇਤਰ ਹੋਟਲਾਂ, ਢਾਬਿਆਂ, ਖੇਤੀਬਾੜੀ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜਦੂਰਾਂ ਦੀ ਭਲਾਈ ਦੇ ਨਾਂ ਤੇ ਹਰ ਸਾਲ ਕਰੋੜ੍ਹਾਂ ਰੁਪਏ ਖਰਚੇ ਜਾਂਦੇ ਹਨ। ਸਰਕਾਰ ਵਲੋਂ ਮਹਿਲਾ ਮਜਦੂਰਾਂ, ਬਾਲ ਮਜਦੂਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਇਹਨਾਂ ਦੇ ਵਿਕਾਸ ਲਈ ਸਕੀਮਾਂ ਬਣਾਈਆਂ ਜਾਂਦੀਆ ਹਨ ਪਰ ਇਹ ਸਕੀਮਾਂ ਕਾਗਜ਼ਾਂ ਵਿੱਚ ਹੀ ਰਹਿ ਜਾਂਦੀਆਂ ਹਨ। ਸਰਕਾਰ ਵਲੋਂ ਕੀਤੇ ਜਾਂਦੇ ਵਾਅਦਿਆ ਦੀ ਹਵਾ ਉੱਡ ਜਾਂਦੀ ਹੈ ਅਤੇ 364 ਦਿਨ ਮੁੜਕੇ ਕਿਸੇ ਰਾਜਨੀਤੀਵਾਨ ਨੂੰ ਅਤੇ ਅਧਿਕਾਰੀਆਂ ਨੂੰ ਮਜਦੂਰਾਂ ਦੀ ਯਾਦ ਨਹੀਂ ਆਂਦੀ ਹੈ।

ਮਜਦੂਰਾਂ ਦੀ ਕੰਮ ਕਾਜ ਦੇ ਮਾੜੇ ਹਾਲਤਾਂ ਕਾਰਨ ਵਿਗੜਦੀ ਜਾ ਰਹੀ ਸਿਹਤ, ਮਜਦੂਰ ਭਲਾਈ ਵਿਭਾਗ ਦੇ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਹੋ ਰਹੀ ਲੁੱਟ ਖਸੁੱਟ, ਆਏ ਦਿਨ ਮਜਦੂਰਾਂ ਨਾਲ ਵਾਪਰ ਰਹੇ ਹਾਦਸੇ ਆਦਿ ਕਾਰਨ ਮਜ਼ਦੂਰਾਂ ਦੀ ਹਾਲਤ ਵਿਗੜਦੀ ਹੀ ਜਾ ਰਹੀ ਹੈ। ਸਰਕਾਰ ਵਲੋਂ ਸ਼ੁਰੂ ਕੀਤੀ ਗਈ ਪੇਂਡੂ ਮਜਦੂਰਾਂ ਲਈ ਮਹਾਤਮਾ ਗਾਂਧੀ ਰੁਜਗਾਰ ਗਰਾਂਟੀ ਯੋਜਨਾ ਵੀ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਮਿਲੀਭੁਗਤ ਕਾਰਨ ਮਜਦੂਰਾਂ ਨਾਲੋ ਅਧਿਕਾਰੀਆਂ ਲਈ ਵੱਧ ਲਾਭਦਾਇਕ ਸਾਬਿਤ ਹੋ ਰਹੀ ਹੈ। ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਕਿਸੇ ਵੀ ਤਰਾਂ ਦੀ ਮਜ਼ਦੂਰੀ ਕਰਵਾਣਾ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਬਾਲ ਮਜ਼ਦੂਰੀ ਕਰਵਾਣ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜ਼ਾ ਅਤੇ ਜ਼ੁਰਮਾਨਾ ਰੱਖਿਆ ਗਿਆ ਹੈ। ਸਰਕਾਰ ਵਲੋਂ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਸਮੇ-ਸਮੇ ਤੇ ਬਾਲ ਮਜ਼ਦੂਰਾਂ ਬਾਰੇ ਵੀ ਅੰਕੜੇ ਇੱਕਠੇ ਕੀਤੇ ਜਾਂਦੇ ਹਨ ਅਤੇ ਬਾਲ ਮਜਦੂਰੀ ਰੋਕਣ ਲਈ ਨੀਤੀਆਂ ਵੀ ਬਣਾਈਆਂ ਜਾਂਦੀਆਂ ਹਨ, ਪਰ ਹੈਰਾਨੀ ਹੈ ਕਿ ਬਾਲ ਮਜ਼ਦੂਰਾਂ ਤੋਂ ਸ਼ਰੇਆਮ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਹਰ ਸ਼ਹਿਰ ਕਸਬੇ ਵਿੱਚ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਹੋਟਲਾਂ, ਢਾਬਿਆਂ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜ਼ਦੂਰਾਂ ਵਿੱਚ ਜ਼ਿਆਦਾ ਗਿਣਤੀ ਬਾਲ ਮਜ਼ਦੂਰਾਂ ਦੀ ਹੁੰਦੀ ਹੈ।

ਇਨ੍ਹਾਂ ਬਾਲ ਮਜ਼ਦੂਰਾਂ ਤੋਂ ਜ਼ੋਖਿਮ ਭਰੇ ਕੰਮ ਕਰਵਾਏ ਜਾ ਰਹੇ ਹਨ ਅਤੇ ਮਜ਼ਦੂਰੀ ਨਾਂ- ਮਾਤਰ ਦਿਤੀ ਜਾਂਦੀ ਹੈ। ਇਹਨਾਂ ਮਜਦੂਰਾਂ ਨੂੰ ਜੋਖਿਮ ਭਰੇ ਕੰਮ ਕਰਨ ਕਾਰਨ ਕਈ ਤਰਾਂ ਦੀਆਂ ਬਿਮਾਰੀਆਂ ਵੀ ਲੱਗ ਚੁਕੀਆਂ ਹਨ ਪਰ ਮਾਲਕਾਂ ਵਲੋਂ ਇਹਨਾਂ ਤੋਂ ਸਿਰਫ ਕੰਮ ਲੈਣ ਤੱਕ ਹੀ ਮਤਲਬ ਰੱਖਿਆ ਜਾਦਾ ਹੈ। ਬੇਸ਼ੱਕ ਸਰਕਾਰ ਵਲੋਂ ਮਜਦੂਰਾਂ ਦੀ ਭਲਾਈ ਲਈ ਵੱਖ ਵੱਖ ਵਿਭਾਗ ਬਣਾਏ ਗਏ ਹਨ ਪਰ ਮਜਦੂਰਾਂ ਦੇ ਇਨਸਾਫ ਅਤੇ ਭਲਾਈ ਲਈ ਬਣਾਏ ਗਏ ਬੋਰਡ ਅਤੇ ਵਿਭਾਗ ਵੀ ਬਹੁਤੀ ਵਾਰ ਮਜ਼ਦੂਰਾਂ ਦੀ ਥਾਂ ਅਪਣੇ ਹੀ ਅਧਿਕਾਰੀਆਂ ਅਤੇ ਆਗੂਆਂ ਦਾ ਭਲਾ ਕਰਨ ਵਿੱਚ ਲਾਭ ਮਹਿਸੂਸ ਕਰਦੇ ਹਨ। ਇਸ ਤਰਾਂ ਸਰਕਾਰਾਂ, ਮਜ਼ਦੂਰ ਯੂਨੀਅਨਾਂ, ਸਰਕਾਰੀ ਅਧਿਕਾਰੀਆਂ, ਰਾਜਨੀਤਿਕ ਪਾਰਟੀਆ ਵਲੋਂ ਕਰਵਾਏ ਜਾਂਦੇ ਵੱਡੇ ਵੱਡੇ ਸਮਾਗਮ ਸਿਰਫ ਖਾਨਾਪੂਰਤੀ ਹੀ ਲੱਗਦੇ ਹਨ। ਪਿਛਲੇ ਸਮੇਂ ਦੋਰਾਨ ਵਾਪਰੀਆਂ ਅਣਸੁਖਾਵੀਂ ਘਟਨਾਵਾਂ ਨੇ ਸਾਬਤ ਕਰ ਦਿਤਾ ਹੈ ਕਿ ਸਰਕਾਰਾਂ ਮਜਦੂਰਾਂ ਦੀ ਸੁਰਖਿਆ ਲਈ ਕਿੰਨੀ ਕੁ ਗੰਭੀਰ ਹਨ। ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਦੇ ਲੱਖਾਂ ਮਜਦੂਰਾਂ ਨੂੰ ਅਜੇ ਤੱਕ 01 ਮਈ ਦੇ ਦਿਹਾੜ੍ਹੇ ਬਾਰੇ ਵੀ ਪੂਰੀ ਜਾਣਕਾਰੀ ਨਹੀਂ ਹੈ ਅਤੇ ਨਾਂ ਹੀ ਕਿਸੇ ਸਰਕਾਰੀ ਅਧਿਕਾਰੀ ਨੇ ਇਹਨਾਂ ਵੱਲ ਦੇਖਿਆ ਹੈ।

ਇਨ੍ਹਾਂ ਮਜਦੂਰਾਂ ਲਈ 01 ਮਈ ਮਜਦੂਰ ਦਿਵਸ ਦਾ ਕਦੋਂ ਮਹੱਤਵ ਹੋਊਗਾ ਇਹ ਅਜੇ ਤੱਕ ਵੀ ਇੱਕ ਵੱਡੀ ਬੁਝਾਰਤ ਹੀ ਹੈ। ਜੇਕਰ ਅਸੀਂ ਸੱਚਮੁਚ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣੀ ਹੈ ਤਾਂ ਸਾਨੂੰ ਸਭਨੂੰ ਮਿਲਕੇ ਮਜ਼ਦੂਰਾਂ ਦੀ ਵਿਗੜਦੀ ਹਾਲਤ ਵਿੱਚ ਸੁਧਾਰ ਲਿਆਉਣ ਲਈ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ। 01 ਮਈ ਦਾ ਦਿਹਾੜਾ ਮਨਾਉਣ ਦਾ ਅਸਲੀ ਮਕਸਦ ਉਦੋਂ ਹੀ ਪੂਰਾ ਹੋਵੇਗਾ ਜਦੋਂ ਮਜਦੂਰਾਂ ਦੇ ਹੱਕ ਪੂਰੀ ਤਰਾਂ ਸੁਰਖਿਅਤ ਹੋਣਗੇ, ਉਨ੍ਹਾਂ ਦੀ ਹੋ ਰਹੀ ਲੁੱਟ ਖਸੁਟ ਬੰਦ ਹੋਵੇਗੀ।

# ਨਿਜੀ ਥਰਮਲ ਪਲਾਂਟਾਂ ਨੂੰ ਫਾਇਦਾ ਦੇਣ ਦੀ ਖਾਤਰ ਪਾਵਰਕਾਮ ਕਰ ਰਿਹਾ ਹੈ ਬਿਜਲੀ ਦੇ ਰੇਟ ਵਧਾਉਣ ਦੀ ਤਿਆਰੀ

ਅਕੇਸ਼ ਕੁਮਾਰ
98880-31426



ਭਾਰਤ ਵਿੱਚ ਸਭ ਤੋਂ ਮਹਿੰਗੀ ਬਿਜਲੀ ਹੁਣ ਪਾਵਰਕਾਮ ਖਰੀਦ ਰਿਹਾ ਹੈ ਅਤੇ ਇਸ ਦਾ ਭਾਰ ਆਉਣ ਵਾਲੇ ਦਿਨਾਂ ਵਿੱਚ ਆਮ ਲੋਕਾਂ ਤੇ ਪਾਉਣ ਦੀ ਪੂਰੀ ਤਿਆਰੀ ਕਰ ਲਈ ਗਈ ਹੈ ਅਤੇ ਨਿਜੀ ਪਲਾਂਟਾਂ ਦੇ ਘਾਟੇ ਨੂੰ ਬਚਾਉਣ ਖਾਤਰ ਪਾਵਰਕਾਮ ਆਪਣੇ ਪਲਾਂਟ ਕਈ ਕਈ ਹਫਤੇ ਬੰਦ ਰੱਖ ਰਿਹਾ ਹੈ ਜੱਦਕਿ ਪਾਵਰਕਾਮ ਦੇ ਆਪਣੇ ਪਲਾਂਟਾਂ ਦੀ ਬਿਜਲੀ ਨਿਜੀ ਪਲਾਂਟਾਂ ਤੋਂ ਸਸਤੀ ਪੈਂਦੀ ਹੈ ਅਤੇ ਨਿਜੀ ਥਰਮਲ ਪਲਾਂਟਾਂ ਨੂੰ ਫਾਇਦਾ ਦੇਣ ਦੀ ਖਾਤਰ ਜਨਤਾ ਤੇ ਇਹ ਮਾਰ ਮਾਰੀ ਜਾ ਰਹੀ ਹੈ। ਪਾਵਰਕਾਮ ਵਲੋਂ ਨਿਜੀ ਥਰਮਲ ਪਲਾਂਟਾਂ ਨਾਲ ਹੋਏ ਕਰਾਰ ਮੁਤਾਬਕ ਉਹਨਾਂ ਨੂੰ 3685 ਕਰੋੜ ਰੁਪਏ ਫਿਕਸ ਚਾਰਜ ਦੇਣੇ ਹਨ। ਹੁਣ ਕਿਉਂਕਿ ਨਿਜੀ ਪਲਾਂਟਾਂ ਦੀ ਉਦਪਾਦਨ ਸ਼ਕਤੀ ਪੰਜਾਬ ਦੀ ਬਿਜਲੀ ਦੀ ਜਰੂਰਤ ਤੋਂ ਜਿਆਦਾ ਹੈ ਤਾਂ ਇਹ ਵਾਧੂ ਦੀ ਬਿਜਲੀ ਉਹਨਾ ਪਾਸੋਂ ਨਹੀਂ ਖਰੀਦੀ ਜਾ ਰਹੀ ਤੇ ਉਹਨਾਂ ਦਾ ਘਾਟਾ ਪੂਰਾ ਕਰਣ ਲਈ ਇਹ ਭਾਰ ਜਨਤਾ ਤੇ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪਾਵਰਕਾਮ ਵਲੋਂ ਪਾਵਰ ਰੈਗੁਲੇਟਰੀ ਕਮੀਸ਼ਨ ਪਾਸੋਂ ਬਿਜਲੀ ਦੇ ਰੇਟ ਵਧਾਉਣ ਦੀ ਮਨਜੂਰੀ ਮੰਗੀ ਗਈ ਹੈ ਤੇ ਜੋ ਕਮੀਸ਼ਨ ਹਾਂ ਕਰ ਦਿੰਦਾ ਹੈ ਤੇ ਬਿਜਲੀ ਦੇ ਰੇਟ 1 ਰੁ. ਪ੍ਰਤੀ ਯੁਨਿਟ ਤੋਂ ਵੀ ਜਿਆਦਾ ਦੇ ਹਿਸਾਬ ਨਾਲ ਵੱਧ ਜਾਣਗੇ।

ਪਾਵਰਕਾਮ ਮੁਤਾਬਕ ਉਹ ਬਿਜਲੀ ਬਹੁੰਤ ਮਹਿੰਗੇ ਮੁੱਲ ਤੇ ਖਰੀਦ ਕੇ ਜਨਤਾ ਨੂੰ ਕਾਫੀ ਘੱਟ ਰੇਟ ਤੇ ਦੇ ਰਿਹਾ ਹੈ। ਪਾਵਰਕਾਮ ਦਾ ਤਰਕ ਹੈ ਕਿ ਉਹ ਲਗਾਤਾਰ ਘਾਟੇ ਵਿੱਚ ਜਾ ਰਿਹਾ ਹੈ ਤੇ ਪਾਵਰਕਾਮ ਉਪਰ 23912 ਕਰੋੜ ਦਾ ਕਰਜਾ ਹੈ ਜਿਸਦਾ ਬਿਆਜ ਹੀ 2593 ਕਰੋੜ ਦੇਣਾ ਹੁੰਦਾ ਹੈ ਤੇ ਇਸੇ ਲਈ ਹਰ ਸਾਲ ਬਿਆਜ ਦੇਣ ਲਈ ਬਿਜਲੀ ਮਹਿੰਗੀ ਕਰਣ ਦੀ ਮੰਗ ਕੀਤੀ ਜਾਂਦੀ ਹੈ।

ਪੰਜਾਬ ਵਿੱਚ ਪਹਿਲਾਂ ਪਰੇਸ਼ਾਨੀ ਇਹ ਸੀ ਕਿ ਬਿਜਲੀ ਪੂਰੀ ਨਹੀਂ ਹੁੰਦੀ ਸੀ ਜਿਸ ਕਾਰਨ ਪੰਜਾਬ ਦੀ ਇੰਡਸਟਰੀ ਘਾਟੇ ਵਿੱਚ ਜਾ ਰਹੀ ਸੀ ਤੇ ਉਹ ਪੰਜਾਬ ਤੋਂ ਪਲਾਅਨ ਕਰਕੇ ਪੜੋਸੀ ਰਾਜਾਂ ਵਿੱਚ ਚਲੀ ਗਈ ਸੀ ਪਰ ਹੁਣ ਜਦੋਂ ਬਿਜਲੀ ਸਰਪਲਸ ਹੈ ਤਾਂ ਹੁਣ ਬਿਜਲੀ ਦੇ ਰੇਟ ਵਧਾਉਣ ਨਾਲ ਇੰਡਸਟਰੀ ਦੀ ਲਾਗਤ ਮੁੜ ਵੱਧ ਜਾਵੇਗੀ ਤੇ ਪੰਜਾਬ ਦੀ ਇੰਡਸਟਰੀ ਲਈ ਹੋਰ ਰਾਜਾਂ ਨਾਲ ਮੁਕਾਬਲਾ ਕਰਨਾ ਔਖਾ ਹੋ ਜਾਵੇਗਾ। ਵੈਸੇ ਵੀ ਨਵੇਂ ਸਾਲ ਦਾ ਟੈਰਿਫ ਪਲਾਨ ਲੇਟ ਹੋਣ ਦੇ ਕਾਰਨ ਇੰਡਸਟਰੀ ਨੂੰ ਰਾਤ ਦੇ ਸਮੇਂ ਮਿਲ ਰਹੀ ਸਸਤੀ ਦਰ ਤੇ ਬਿਜਲੀ ਦੀ ਸੁਵਿਧਾ ਵੀ ਫਿਲਹਾਲ ਬੰਦ ਕਰ ਦਿੱਤੀ ਗਈ ਹੈ ਜਿਸ ਨਾਲ ਉਹਨਾਂ ਇੰਡਸਟਰੀਆਂ ਨੂੰ ਭਾਰੀ ਨੁਕਸਾਨ ਹੋਇਆ ਹੈ ਜਿਹਨਾਂ ਨੇ ਰਾਤ ਦੀ ਸ਼ਿਫਟ ਲਈ ਅਲਗ ਸਟਾਫ ਅਤੇ ਮਸ਼ੀਨਰੀ ਤੇ ਨਿਵੇਸ਼ ਕੀਤਾ ਹੈ।

ਪੰਜਾਬ ਵਿੱਚ ਪਾਵਰਕਾਮ ਦੀ ਸਥਿਤੀ ਅਣਸੁਲਝੀ ਪਹੇਲੀ ਵਰਗੀ ਹੈ। ਪਹਿਲਾਂ ਤਾਂ ਬਿਜਲੀ ਦੀ ਕਮੀ ਨੂੰ ਪੂਰਾ ਕਰਣ ਲਈ ਨਵੇਂ ਪਲਾਂਟ ਲਗਾਏ ਗਏ ਤੇ ਜੇ ਹੁਣ ਬਿਜਲੀ ਸਰਪਲਸ ਹੈ ਤਾਂ ਉਹ ਵੀ ਲੋਕਾਂ ਲਈ ਮੁਸੀਬਤ ਦਾ ਕਾਰਣ ਬਣ ਗਈ ਹੈ।

ਨਿਜੀ ਪਲਾਂਟਾਂ ਦੇ ਘਾਟੇ ਨੂੰ ਬਚਾਉਣ ਖਾਤਰ ਪਾਵਰਕਾਮ ਆਪਣੇ ਪਲਾਂਟ ਕਈ ਕਈ ਹਫਤੇ ਬੰਦ ਰੱਖ ਰਿਹਾ ਹੈ ਜੱਦਕਿ ਪਾਵਰਕਾਮ ਦੇ ਆਪਣੇ ਪਲਾਂਟਾਂ ਦੀ ਬਿਜਲੀ ਨਿਜੀ ਪਲਾਂਟਾਂ ਤੋਂ ਸਸਤੀ ਪੈਂਦੀ ਹੈ। ਨਿਜੀ ਪਲਾਂਟਾਂ ਕਾਰਨ ਹੋਈ ਸਰਪਲਸ ਬਿਜਲੀ ਹੋਰ ਰਾਜਾਂ ਨੂੰ ਵੇਚ ਕੇ ਵੀ ਕਮਾਈ ਕੀਤੀ ਜਾ ਸਕਦੀ ਹੈ। ਪਰ ਪਾਵਰਕਾਮ ਦੀਆਂ ਢਿੱਲ ਮੁੱਲ ਨੀਤੀਆਂ ਹਮੇਸ਼ਾ ਹੀ ਜਨਤਾ ਲਈ ਪਰੇਸ਼ਾਨੀ ਦਾ ਸਬਬ ਬਣਦੀਆਂ ਰਹੀਆਂ ਹਨ।

ਵਿਚਾਰ ਤਾਂ ਇਹ ਵੀ ਹੈ ਕਿ ਇੰਡਸਟਰੀ ਨੂੰ ਰਾਤ ਨੂੰ ਸਸਤੀ ਬਿਜਲੀ ਦੇ ਕੇ ਬਿਜਲੀ ਦੀ ਖਪਤ ਵਧਾਈ ਜਾਵੇ। ਆਮ ਜਨਤਾ ਲਈ ਹੈਰਾਨੀ ਵਾਲੀ ਗੱਲ੍ਹ ਤਾਂ ਇਹ ਹੈ ਕਿ ਪਹਿਲਾਂ ਬਿਜਲੀ ਦੇ ਕੱਟ ਲੱਗਣ ਅਤੇ ਬਿਜਲੀ ਮਹਿੰਗੀ ਹੋਣ ਪਿੱਛੇ ਤਰਕ ਇਹ ਦਿੱਤਾ ਜਾਂਦਾ ਸੀ ਕਿ ਪਾਵਰਕਾਮ ਦੇ ਆਪਣੇ ਪਾਵਰ ਪਲਾਂਟਾਂ ਦੀ ਉਤਪਾਦਨ ਕਪੈਸਟੀ ਘੱਟ ਹੈ ਤੇ ਲਾਗਤ ਜਿਆਦਾ ਤੇ ਇਸ ਲਈ ਜਨਤਾ ਨੂੰ ਵੀ ਵਿਗਿਆਪਨਾਂ ਰਾਹੀਂ ਬਿਜਲੀ ਬਚਾਉਣ ਲਈ ਜਾਗਰੁੱਕ ਕੀਤਾ ਜਾਂਦਾ ਹੈ ਪਰ ਹੁਣ ਉਹੀ ਜਨਤਾ ਨੂੰ ਮਹਿੰਗੀ ਬਿਜਲੀ ਦੀ ਮਾਰ ਦਾ ਬੋਝ ਝੱਲਣ ਲਈ ਕਿਹਾ ਜਾ ਰਿਹਾ ਹੈ ਕਿਉਂਕਿ ਹੁਣ ਬਿਜਲੀ ਸਰਪਲਸ ਹੈ। ਇਹ ਹੈ ਪੰਜਾਬ ਦੇ ਪਾਵਰਕਾਮ ਦੇ ਅਧਿਕਾਰੀਆਂ ਦਾ ਕਮਾਲ। ਇਹਨਾਂ ਦੀਆਂ ਨੀਤੀਆਂ ਹਮੇਸ਼ਾ ਹੀ ਲੋਕਾਂ ਲਈ ਮੁਸੀਬਤ ਦਾ ਕਾਰਨ ਬਣਦੀਆਂ ਰਹੀਆਂ ਹਨ।

ਇਹ ਗੱਲ੍ਹ ਆਮ ਜਨਤਾ ਦੀ ਸਮਝ ਤੋਂ ਪਰੇ ਹੈ ਕਿ ਉਹ ਬਿਜਲੀ ਬਚਾਵੇ ਤਾਂ ਜੋ ਉਸ ਨੂੰ ਪੂਰੀ ਬਿਜਲੀ ਮਿਲੇ ਜਾਂ ਫਿਰ ਖਪਤ ਵਧਾਵੇ ਤਾਂ ਜੋ ਉਸਨੂੰ ਸਸਤੀ ਬਿਜਲੀ ਮਿਲੇ। ਦੂਜੇ ਪਾਸੇ ਪਾਵਰਕਾਮ ਦੇ ਪਲਾਂਟ ਬੰਦ ਰੱਖਣ ਦਾ ਮਤਲਬ ਹੈ ਉਸ ਵਿੱਚ ਕੰਮ ਕਰਦੇ ਮੁਲਾਜਮਾਂ ਦਾ ਕਈ ਕਈ ਦਿਨ ਵਿਹਲੇ ਬੈਠ ਕੇ ਹੀ ਘਰਾਂ ਨੂੰ ਚਲੇ ਜਾਣਾ ਜੱਦਕਿ ਉਹਨਾਂ ਦੀ ਇੱਕ ਮਹੀਨੇ ਦੀ ਤਨਖਾਹ ਹੀ ਕਈ ਕਰੋੜ ਬਣਦੀ ਹੈ ਜਿਸ ਨਾਲ ਘਾਟੇ ਵਿੱਚ ਹੋਰ ਵਾਧਾ ਹੀ ਹੋ ਰਿਹਾ ਹੈ।

ਪਾਵਰਕਾਮ ਨੂੰ ਹੋ ਰਹੇ ਘਾਟੇ ਅਤੇ ਉਸ ਉਪਰ ਵੱਧ ਰਹੇ ਕਰਜੇ ਤੇ ਭਾਰ ਦਾ ਇੱਕ ਵੱਡਾ ਕਾਰਨ ਪਾਵਰਕਾਮ ਵਿੱਚ ਫੈਲਿਆ ਭ੍ਰਿਸ਼ਟਾਚਾਰ ਵੀ ਹੈ।

ਪਾਵਰਕਾਮ ਵਿੱਚ ਫੈਲੇ ਭ੍ਰਿਸ਼ਟਾਚਾਰ ਕਾਰਨ ਹੀ ਬਿਜਲੀ ਚੋਰੀ ਦਾ ਧੰਦਾ ਬੜੇ ਧੱੜਲੇ ਦੇ ਨਾਲ ਚੱਲਦਾ ਹੈ ਅਤੇ ਜੇ ਕੋਈ ਬਿਜਲੀ ਚੋਰੀ ਦੀ ਸ਼ਕਾਇਤ ਕਰ ਵੀ ਦੇਵੇ ਤਾਂ ਕੁੱਝ ਭ੍ਰਿਸ਼ਟ ਅਧਿਕਾਰੀ ਬਿਜਲੀ ਚੋਰਾਂ ਨੂੰ ਬਚਾਉਣ ਲਈ ਸਰਗਰਮ ਹੋ ਜਾਂਦੇ ਹਨ ਅਤੇ ਮਾਮਲੇ ਨੂੰ ਰਫਾ ਦਫਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ।

ਇਸੇ ਤਰ੍ਹਾਂ ਪੰਜਾਬ ਭਰ ਵਿੱਚ ਕਈ ਅਧਾਰਿਆਂ ਅਤੇ ਖਪਤਕਾਰਾਂ ਵੱਲ ਬਿਜਲੀ ਵਿਭਾਗ ਦਾ ਕਰੋੜਾਂ ਦਾ ਬਕਾਇਆ ਹੈ ਪਰ ਇੱਥੇ ਵੀ ਵਸੂਲੀ ਨਹੀ ਕੀਤੀ ਜਾਂਦੀ। ਜੇਕਰ ਇਮਾਨਦਾਰੀ ਨਾਲ ਬਿਜਲੀ ਚੋਰੀ ਰੋਕ ਕੇ ਬਿਜਲੀ ਵਿਭਾਗ ਦੀ ਬਕਾਇਆ ਰਾਸ਼ੀ ਦੀ ਵਸੂਲੀ ਕੀਤੀ ਜਾਵੇ ਤਾਂ ਵਿਭਾਗ ਦੀ ਆਮਦਨੀ ਵਿੱਚ ਕਈ ਸੌ ਕਰੋੜ ਦਾ ਵਾਧਾ ਹੋ ਜਾਵੇਗਾ।

ਪੰਜਾਬ ਸਰਕਾਰ ਨੂੰ ਪਾਵਰਕਾਮ ਨੂੰ ਪੂਰੀ ਤਰ੍ਹਾਂ ਪ੍ਰਾਇਵੇਟ ਕਰ ਦੇਣਾ ਚਾਹੀਦਾ ਹੈ ਤਾਂ ਜੋ ਪਾਵਰਕਾਮ ਵਿੱਚ ਚੱਲ ਰਿਹਾ ਗੋਰਖਧੰਦਾ ਬੰਦ ਹੋ ਸਕੇ ਅਤੇ ਲੋਕਾਂ ਅਤੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਨਾ ਲਗ ਸਕੇ।

# ਇੱਕ ਬਾਪ ਦੇ ਪੁੱਤਰ ਨੂੰ ਅੰਤਲੇ ਬੋਲ



**ਹਰਨਾਮ ਦਾਸ ਮਹੇ**
ਮੈਨੇਜਰ (ਰਿਟਾਇਰਡ)
ਸਟੇਟ ਬੈਂਕ ਆਫ ਇੰਡੀਆ
94654-66905

ਭਾਰਤ ਵਿਚ ਗੋਰਿਆਂ ਦਾ ਆਗਮਨ ਕਲੱਕਤੇ ਤੋਂ ਹੋਇਆ ਸੀ। ਜਾਤ-ਪਾਤ ਅਤੇ ਛੂਤ-ਛਾਤ ਕਾਰਨ ਦੇਸ਼ ਦੀ ਦੁਰਦਸ਼ਾ ਸੀ। ਦੇਸ਼ ਨੂੰ ਹਰ ਖੇਤਰ ਵਿਚ ਪਿਛੜਿਆ ਦੇਖ ਕੇ ਅੰਗਰੇਜ਼ਾਂ ਨੇ ਸੰਭਾਵਨਾਵਾਂ ਤਲਾਸ਼ੀਆਂ। ਸਭ ਤੋਂ ਪਹਿਲਾਂ ਗੋਰਿਆਂ ਨੇ ਵਿਉਪਾਰ ਕਰਦੇ ਕਰਦੇ ਆਸਾਮ ਵਿਚ ਚਾਹ ਦੀ ਖੇਤੀ, ਖੰਡ ਦੀਆਂ ਮਿੱਲਾਂ, ਨਰਮੇ ਦੀ ਕਤਾਈ, ਕੱਪੜੇ ਦੀਆਂ ਮਿਲਾਂ ਅਤੇ ਚਮੜਾ ਉਦਯੋਗ ਨੂੰ ਪ੍ਰਫੁਲਿਤ ਕੀਤਾ ਕਿਉਂਕਿ ਇਹ ਸਾਰੇ ਦੇ ਸਾਰੇ ਗੋਰਿਆਂ ਨੂੰ ਆਪਣੇ ਜੀਵਨ ਦੀਆਂ ਲੋੜਾਂ ਵਾਸਤੇ ਅਤੇ ਦੂਸਰੇ ਦੇਸ਼ਾਂ ਵਿਚ ਵਿਉਪਾਰ ਕਰਨ ਵਾਸਤੇ ਜਰੂਰੀ ਸਨ।

ਚਮੜੇ ਸੰਬੰਧੀ ਸਾਰੇ ਦਾ ਸਾਰਾ ਕਾਰੋਬਾਰ ਭਾਰਤ ਵਿਚ ਨੀਵੀਂ ਜਾਤੀ ਦੇ ਕਹੇ ਜਾਂਦੇ ਚੰਡਾਲ, ਚਮਾਰ (ਜਿੰਨਾਂ ਨੂੰ ਬਾਦ ਵਿਚ ਆਦਿ-ਧਰਮ। ਰਵਿਦਾਸੀਏ ਆਖਣ ਲਗ ਪਏ) ਲੋਕ ਹੀ ਕਰਦੇ ਸਨ। ਗੋਰਿਆਂ ਨੂੰ ਚਮੜੇ ਦੀਆਂ ਬਣੀਆਂ ਵਸਤਾਂ ਨਾਲ ਬਹੁਤ ਲਗਾਓ ਸੀ। ਇਸ ਕਰਕੇ ਗੋਰਿਆਂ ਚਮੜੇ ਦੇ ਉਦਯੋਗ ਨੂੰ ਪ੍ਰਫੁਲਿਤ ਕੀਤਾ ਸੀ। ਅਣਵੰਡੇ ਪੰਜਾਬ ਦੇ ਚਮਾਰ, ਚਮੜੇ ਦਾ ਵਿਉਪਾਰ ਕਰਨ ਵਾਸਤੇ ਹੌਲੀ ਹੌਲੀ ਕਲਕੱਤਾ ਪਹੁੰਚਦੇ ਗਏ। ਇਹ ਲੋਕ ਕਾਫੀ ਅਮੀਰ ਹੁੰਦੇ ਗਏ, ਸੇਠ ਕਹਾਉਣ ਲਗ ਪਏ। ਲੇਖਕ ਵੀ ਅਜਿਹੇ ਹੀ ਇਕ ਸੇਠ ਦਾ ਨਤਪੋਤਰਾ ਹੈ।

ਓਸ ਸਮੇਂ ਦੀ ਗੱਲ ਹੈ, ਇਕ ਸੇਠ ਦਾ ਪੁੱਤਰ ਕਲੱਕਤੇ ਕੁਕਰਮਾ ਵਿਚ ਪੈ ਗਿਆ। ਆਮ ਤੌਰ ਤੇ ਵਡੇ ਘਰਾਂ ਦੇ ਮੁੰਡੇ ਪੈਸੇ ਦੀ ਆਮਦ ਕਾਰਨ ਵਿਗੜ ਜਾਂਦੇ ਹਨ। ਇਕਲੌਤਾ, ਲਾਡਲਾ ਅਤੇ ਪਰਿਵਾਰਿਕ ਲੋੜ ਕਰਕੇ ਪੁੱਤਰ ਦਾ ਵਿਆਹ ਵੀ ਕਰ ਦਿਤਾ। ਉਦੋਂ ਦੇਸੀ ਸ਼ਰਾਬ ਦਾ ਨਸ਼ਾ ਹੀ ਮਸ਼ਹੂਰ ਸੀ, ਪੁੱਤਰ ਨਸ਼ਾ ਵੀ ਕਰਦਾ ਸੀ, ਰੰਡੀਵਾਜ਼ੀ ਵਾਸਤੇ ਚੌਰੰਗੀ ਚੌਂਕ, ਸੋਨਾ ਘਾਸ਼ੀ ਅਤੇ ਖਿਦਰਪੁਰ (ਸਰਕਾਰ ਤੋਂ ਮਨਜ਼ੂਰਸ਼ੁਦਾ ਅੱਡੇ) ਦੇ ਕੋਠਿਆਂ ਤੇ ਵੀ ਜਾਂਦਾ ਸੀ ਅਤੇ ਜੁਆ ਵੀ ਖੇਡਦਾ ਸੀ। ਸੇਠ ਨੇ ਪੁਤਰ ਨੂੰ ਬਹੁੱਤ ਸਮਝਾਇਆ ਪਰ ਪੁੱਤਰ ਨਹੀਂ ਸਮਝਿਆ।

ਸੇਠ ਨੂੰ ਆਪਣੇ ਮਰਨ ਦੇ ਬਾਦ ਪੁਤਰ ਵਲੋਂ ਵਿਰਾਸਤ ਸੰਭਾਲਣ ਦੀ ਵੀ ਫਿਕੱਰ ਸੀ। ਜਦ ਸੇਠ ਦੇ ਸਾਰੇ ਦੇ ਸਾਰੇ ਤਰੀਕੇ ਸਮਝਾਉਣ ਦੇ ਰਾਸ ਨਾ ਆਏ ਤਾਂ ਸੇਠ ਪੁਤਰ ਦੇ ਗੰਮ ਕਾਰਨ ਅਸਾਧੇ ਰੋਗ ਅਤੇ ਬੁਢਾਪੇ ਦਾ ਸ਼ਿਕਾਰ ਵੀ ਹੋ ਗਿਆ। ਪ੍ਰਾਣ ਤਿਆਗਣ ਤੋਂ ਪਹਿਲਾਂ ਸੇਠ ਨੇ ਪਿਆਰ ਨਾਲ ਆਪਣੇ ਪੁਤਰ ਨੂੰ ਬੁਲਾਇਆ ਤੇ ਕਿਹਾ ਕਿ ਪੁਤਰ "ਮੈਂ ਤੇਰੇ ਨਾਲ ਹਾਂ, ਤੇਰੇ ਸਾਰੇ ਕੰਮਾਂ ਤੇ ਆਦਤਾਂ ਨਾਲ ਸਹਿਮਤ ਹੈ। ਮੇਰੀ ਜਿੰਦਗੀ ਦਾ ਕੋਈ ਭਰੋਸਾ ਨਹੀਂ। ਤੂੰ ਅਗੇ ਤੋਂ ਮੇਰੀਆਂ ਤਿੰਨ ਗਲਾਂ ਸਮਝ ਲੈ।''

ਪਹਿਲੀ ਗਲ-"ਜਦੋਂ ਤੂੰ ਸ਼ਰਾਬ ਪੀਣੀ ਹੈ ਤਾਂ ਤੁਸਾਂ ਕਿਸੇ ਦੀ ਲਿਆਂਦੀ ਜਾਂ ਖਰੀਦੀ ਹੋਈ ਨਹੀਂ ਪੀਣੀ ਸਗੋਂ ਆਪ ਠੇਕੇ ਤੋਂ ਲਿਆ ਕੇ ਪੀਣੀ ਹੈ''।

ਦੂਜੀ ਗਲ ਕਿ ਜਦੋਂ ਤੁਸਾਂ ਵੇਸ਼ਵਾਵਿਰਤੀ ਅੱਡਿਆਂ ਦੇ ਕੋਠੇ ਜਾਣਾ ਹੈ ਤਾਂ ਰਾਤ ਨੂੰ ਨਹੀਂ ਸਗੋਂ ਸਵੇਰੇ ਸਵੇਰੇ ਜਾਣਾ ਹੈ, ਜਿਸ ਨਾਲ ਤੂੰ ਜ਼ਿਆਦਾ ਆਨੰਦ ਮਾਣੇਗਾ।

ਤੀਜੀ ਗਲ ਪੁਤਰਾ ਧਿਆਨ ਨਾਲ ਸੁਣ ਲੈ- "ਜੇ ਜੁਆ ਖੇਡਣ ਜਾਣਾ ਹੈ ਤਾਂ ਆਦਿ ਜੁਆਹਰੀਆਂ ਨਾਲ ਹੀ ਖੇਡਣਾ ਹੈ। ਉਹ ਬਹੁੱਤ ਪੱਕੇ, ਰੜੇ ਤੇ ਤਜੁਰਬੇਕਾਰ ਹੁੰਦੇ ਹਨ। ਤੂੰ ਬਹੁਤ ਵੱਡਾ ਬੰਦਾ ਬਣ ਜਾਵੇਂਗਾ ਅਤੇ ਰੜ ਵੀ ਜਾਵੇਗਾ।''

ਸੇਠ ਜੀ ਮਹੀਨੇ ਕੁ ਬਾਦ ਹੀ ਅੱਖਾਂ ਮੀਟ ਗਏ। ਅੰਤਿਮ ਅਰਦਾਸ ਨਾਲ ਪੱਗੜੀ ਦੀ ਰਸਮ ਵੀ ਹੋਈ। ਪਰ ਪੁੱਤਰ ਅਜੇ ਵੀ ਆਪਣੇ ਚਾਲਿਆਂ ਤੋਂ ਟਲਿਆ ਨਹੀਂ। ਇਕ ਦਿਨ ਪੁਤਰ ਨੂੰ ਬੈਠੇ ਬੈਠੇ ਯਾਦ ਆਇਆ ਕਿ ਬਾਪੂ ਨੇ ਤਿੰਨ ਗਲਾਂ ਤੇ ਅਮਲ ਕਰਨ ਨੂੰ ਕਿਹਾ ਸੀ।

ਓਸ ਸਮੇਂ ਕਲੱਕਤੇ ਵਿਚ ਦੇਸੀ ਸ਼ਰਾਬ ਦਾ ਬਹੁੱਤ ਬੋਲ ਬਾਲਾ ਸੀ ਅਤੇ ਹੁਣ ਤੱਕ ਵੀ ਰਿਹਾ। ਪਹਿਲਾਂ ਆਮ ਤੌਰ ਤੇ ਠੇਕੇ ਗੰਦੇ ਨਾਲਿਆਂ ਤੇ ਖੋਖਿਆਂ ਵਿਚ ਹੁੰਦੇ ਸਨ। ਸ਼ਰਾਬ ਦੀ ਲਲਕ ਉਠਦਿਆਂ ਇਕ ਦਿਨ ਉਸ ਨੂੰ ਬਾਪੂ ਦਾ ਚੇਤਾ ਆਇਆ ਤਾਂ ਆਪ ਸ਼ਰਾਬ ਖਰੀਦਣ ਵਾਸਤੇ ਗਿਆ। ਜਾ ਕੇ ਦੇਖਣਾ ਹੈ ਕਿ ਲੋਕ ਖੋਖੇ ਦੇ ਆਲੇ ਦੁਆਲੇ ਸ਼ਰਾਬ ਪੀ ਰਹੇ ਹਨ। ਕੁਝ ਕੁ ਗੰਦੇ ਨਾਲੇ ਤੋਂ ਪੀਂਦੇ ਪੀਂਦੇ, ਲੁੜਕਦੇ ਲੁੜਕਦੇ, ਬੇਸੁੱਧ ਹੋਇਆਂ ਦੀਆਂ ਲੱਤਾਂ ਨਾਲੇ ਵਿਚ ਅਤੇ ਧੜ ਸਿਰ ਬਾਹਰ ਕੱਚੇ ਰਸਤੇ ਤੇ ਪਏ ਹੋਇਆਂ, ਕਈਆਂ ਨੂੰ ਉਲਟੀਆਂ ਆਉਣ ਕਾਰਨ ਉਨਾਂ ਦੇ ਮੂੰਹਾਂ ਤੇ ਮੱਖੀਆਂ ਭਿਣਕਦੀਆਂ ਅਤੇ ਕੁੱਤੇ ਵੀ ਮੂੰਹ ਚੱਟ ਰਹੇ ਸਨ। ਇਹ ਸਾਰਾ ਨਜ਼ਾਰਾ ਦੇਖਕੇ ਠਠੰਬਰ ਗਿਆ ਤਾਂ ਉਸ ਸੋਚਿਆ ਕਿ ਮੈਂ ਵੀ ਤਾਂ ਨਸ਼ੇ ਵਿਚ ਬੇਸੁੱਧ ਹੋ ਜਾਂਦਾ ਹਾਂ। ਮੇਰਾ ਵੀ ਇਹੋ ਹਾਲ ਹੋ ਸਕਦਾ ਹੈ। ਉਹ ਸ਼ਰਾਬ ਖਰੀਦੇ ਵਗੈਰ ਹੀ ਵਾਪਸ ਆ ਗਿਆ। ਪਹਿਲੀ ਰਾਤ ਸ਼ਰਾਬ ਛਡਣ ਕਾਰਨ ਉਸ ਨੂੰ ਠੀਕ ਤਰਾਂ ਨੀਂਦ ਨਾ ਆਈ। ਪਹਿਲਾਂ ਤਾਂ ਸ਼ਾਮ ਨੂੰ ਖੁਸਮੁਸਾ ਹੋਣ ਤੇ ਪੀ ਕੇ ਰੰਡੀਵਾਜੀ ਕਰਨ ਵਾਸਤੇ ਮਨਜ਼ੂਰਸ਼ੁੱਧਾ ਵੇਸ਼ਵਾਵਾਂ ਦੇ ਕੋਠਿਆਂ ਤੇ ਵੀ ਜਾਂਦਾ ਸੀ। ਪਰ ਜਦ ਸ਼ਰਾਬ ਛਡਣ ਦਾ ਵਿਚਾਰ ਬਣਾ ਲਿਆ ਤਾਂ ਪੁਤੱਰ ਨੂੰ ਸੋਚ ਸੋਚ ਕੇ ਬਾਪੂ ਦੀ ਦੂਜੀ ਗਲ ਯਾਦ ਆ ਗਈ ਕਿ ਉਸ ਨੇ ਸਵੇਰੇ ਸਵੇਰੇ ਵੇਸ਼ਵਾ ਪਾਸ ਮਜ਼ਾ ਲੈਣ ਵਾਸਤੇ ਜਾਣਾ ਹੈ। ਜਦ ਉਹ ਸੋਨਾਘਾਸੀ ਕੋਠੇ ਤੇ ਗਿਆ ਤਾਂ ਦੇਖਦਾ ਹੈ ਕਿ ਰਾਤ ਦੀ ਦੁਧੀਆਂ ਰੌਸ਼ਨੀ ਵਿਚ ਚਮਕਦੇ ਫੁਲਾਂ ਵਰਗੇ ਚਿਹਰੇ, ਦਿਨ ਦੇ ਉਜਾਲੇ ਵਿਚ ਉਜੜੇ ਹੋਏ ਚਮਨ ਦਿਸਦੇ ਹਨ।

ਇਹੀ ਵੇਸ਼ਵਾਵਾਂ ਦਾ ਅਸਲੀ ਰੂਪ ਹੈ। ਉਸ ਦੇ ਦਿਮਾਗ ਵਿਚ ਆਇਆ ਕਿ ਮੇਰੀ ਭਾਗਾਂ ਵਾਲੀ ਇਨਾਂ ਦੇ ਟਾਕਰੇ ਤਾਂ ਅਪਸਰਾਂ ਵਰਗੀ ਹੈ। ਇਹ ਵੇਸ਼ਵਾਵਾਂ ਤਾਂ ਨਿਰਾ ਚਿੱਕੜ ਅਤੇ ਬਿਮਾਰੀਆਂ ਦਾ ਘਰ ਹਨ। ਉਸ ਦਾ ਮਨ ਖੱਟਾ ਹੋ ਗਿਆ ਅਤੇ ਅੱਗੇ ਤੋਂ ਇਥੇ ਆਉਣ ਤੋਂ ਤੌਬਾ ਕਰ ਲਈ। ਦੁੱਖੀ ਜਿਹਾ ਹੋ ਕੇ ਘਰ ਨੂੰ ਮੁੜ ਆਇਆ।

ਵਾਪਸ ਤੁਰੇ ਆਉਂਦੇ ਹੀ ਜੇਬ ਟਟੋਲੀ ਤਾਂ ਨਿੱਘਰ ਜਾਪੀ। ਮਨ ਵਿਚ ਲਾਲਚ ਆਇਆ ਕਿ ਚਲੋ ਜੁਏ ਦੇ ਅੱਡੇ ਤੇ ਜਾ ਕੇ ਦੋ ਬਾਜੀਆਂ ਖੇਡ ਕੇ ਮਨ ਪ੍ਰਚਾਉਂਦੇ ਹਾਂ। ਅੱਡੇ ਤੇ ਪਹੁੰਚਿਆ ਤਾਂ ਜੁਆਹਰੀ ਖੁਸ਼ ਹੋ ਗਏ। ਇਕ ਢਾਣੀ ਆਪਣੇ ਵਲ ਤੇ ਦੂਜੀ ਆਪਣੇ ਵਲ ਖਿਚੇ। ਪਰ ਉਹ ਬੋਲਿਆ "ਰੁੱਕੋ ਰੁੱਕੋ'' ਦਸੋ ਤੁਹਾਡੇ ਵਿਚ ਹੰਡਿਆਂ ਤੇ ਆਦਿ ਜੁਆਹਰੀ ਕਿਹੜਾ ਹੈ? ਇਕ ਬੋਲਿਆ "ਓਹ ਅਗਲੇ ਅੱਡੇ ਤੇ ਚਲੇ ਜਾਓ, ਬਥੇਰੇ ਮਿਲ ਜਾਣਗੇ''। ਅੱਗੇ ਜਾ ਕੇ ਫਿਰ ਉਸ ਨੂੰ ਉੱਤਰ ਮਿਲਿਆ ਕਿ ਆਦਿ ਜੁਆਹਰੀਏ ਅੱਗੇ ਹਨ। ਜਦ ਅੱਗੇ ਗਿਆ ਤਾਂ ਇਹ ਉਹ ਜੁਆ ਹਰੀਏ ਸਨ ਜਿਹੜੇ ਆਪਣਾ ਧੰਨ ਦੌਲਤ, ਕਾਰੋਬਾਰ, ਘਰ ਬਾਰ, ਆ-ਪਣੀਆਂ ਜੁਆਨ ਪਤਨੀਆਂ ਜਾਂ ਧੀਆ ਜੁਏ ਵਿਚ ਹਾਰ ਚੁੱਕੇ ਸਨ। ਉਹ ਆਦਤ ਤੋਂ ਮਜਬੂਰ ਬੈਠੇ ਸਿਰਫ ਗੀਟੀਆਂ ਤੇ ਸਲਵਾੜ ਦੇ ਕਾਨਿਆਂ ਦੀਆਂ ਦੋ ਫਾੜ ਕੀਤੀਆਂ ਚਾਹਲਾਂ ਨਾਲ ਹੀ ਆਪਣਾ ਮਨ ਪਰਚਾ ਰਹੇ ਸਨ। ਪੁੱਤਰ ਨੇ ਪੁੱਛਿਆ ਕਿ ਇਹ ਕੀ ਕਰ ਰਹੇ ਹੋ? ਤਾਂ ਉਨਾਂ ਕਿਹਾ ਕਿ ਤੂੰ ਕੀ ਲੈਣਾ? ਉਸ ਉਤਰ ਦਿਤਾ ਕਿ ਭਰਾਵੋਂ ਮੈਂ ਤਾਂ ਬੜੀ ਆਸ ਨਾਲ ਤੁਹਾਡੇ ਨਾਲ ਜੁਆ ਖੇਡਣ ਆਇਆ ਹਾਂ। ਪਰ ਤੁਹਾਡੇ ਪਾਸ ਤਾਂ.. " ਭਰਾਵਾ ਮੁੜ ਜਾ ਘਰ ਨੂੰ, ਨਹੀਂ ਤਾਂ ਸਾਡੇ ਵਾਲਾ ਹਾਲ ਹੀ ਹੋ ਜਾਊ'' ਉਸ ਪੁੱਛਿਆ ਕੀ ਮਤਲੱਬ? "ਭਰਾਵਾ ਪਹਿਲਾਂ ਅਸੀਂ ਆਪਣੇ ਪੈਸੇ ਹਾਰੇ, ਫਿਰ ਕਾਰੋਬਾਰ ਹਾਰਿਆ, ਫਿਰ ਘਰਬਾਰ ਹਾਰਿਆ, ਫਿਰ ਆਪਣੀਆਂ ਪਤਨ ੀਆਂ ਤੇ ਜੁਆਨ ਧੀਆਂ ਦਾਅ ਤੇ ਲਾਈਆਂ। ਹੁਣ ਤਾਂ ਅਸੀਂ ਸੱਭ ਕੁਝ ਲੁਟਾ ਕੇ ਇਨਾਂ ਹਾਲਾਤਾਂ ਵਿਚ ਤੇਰੇ ਸਾਮਣੇ ਹਾਂ ਅਤੇ ਆਪਣਾ ਹੁਣ ਭੁਸ/ਲਲਕ ਪੂਰਾ ਕਰ ਰਹੇ ਹਾਂ। ਇਸੇ ਕਰਕੇ ਤੈਨੂੰ ਸਲਾਹ ਦਿੰਦੇ ਹਾਂ ਕਿ ਸਮਾਂ ਰਹਿੰਦੇ ਘਰ ਨੂੰ ਮੁੜ ਜਾ।''

ਅੱਜ ਉਸ ਦੇ ਘਰ ਨੌ ਨਿੱਪੀਆਂ ਤੇ ਬਾਰਾਂ ਸਿੱਧੀਆਂ ਹਨ। ਪਰ ਪਿਓ ਤਾਂ ਵੇਚਾਰਾ ਪੁੱਤਰ ਦੀਆਂ ਕੋਝੀਆਂ ਕਰਤੂਤਾਂ ਕਾਰਨ ਇਹ ਦਿਨ ਦੇਖਣ ਤੋਂ ਵਾਂਝਾ ਹੀ, ਪੂਰੀ ਉਮਰ ਭੋਗਣ ਤੋਂ ਪਹਿਲਾਂ ਹੀ ਜਹਾਨ ਤੋਂ ਉਠ ਗਿਆ ਸੀ।

## ਕੈਲੀਫੋਰਨੀਆ ਦਾ ਕਬੱਡੀ ਕੱਪ

ਵਾਈਸ ਪ੍ਰਧਾਨ ਬਲਜੀਤ ਸਿੰਘ ਮਾਨ, ਵਾਈਸ ਪ੍ਰਧਾਨ ਅਮਰਜੀਤ ਸਿੰਘ ਸੰਘਾ, ਜਨਰਲ ਸਕੱਤਰ ਹਰਜਿੰਦਰ ਸਿੰਘ ਜੌਹਲ, ਸਕੱਤਰ ਜਨਰਲ ਸਰਬਜੀਤ ਸਿੰਘ ਸਰਾਓ, ਖਜਾਨਚੀ ਸੰਤੋਖ ਸਿੰਘ ਜੱਜ, ਸਕੱਤਰ ਇੰਦਰਜੀਤ ਸਿੰਘ ਥਿੰਦ, ਸਕੱਤਰ ਡਿੰਪੀ ਟਿਵਾਣਾ, ਸਕੱਤਰ ਗੁਰਜੀਤ ਸਿੰਘ ਗਿੱਲ, ਖਜਾਨਚੀ ਸੁਖਵੰਤ ਸਿੰਘ ਖਹਿਰਾ, ਸਕੱਤਰ ਸਤਨਾਮ ਸਿੰਘ ਬੱਲ, ਸਕੱਤਰ ਪਰਮਿੰਦਰ ਸਿੰਘ ਗਿੱਲ, ਸਕੱਤਰ ਤੀਰਥ ਸਿੰਘ ਗਿੱਲ ਤੇ ਹੋਰਨਾਂ ਸੱਜਣ ਵਧਾਈ ਦੇ ਹੱਕਦਾਰ ਹਨ, ਜਿਹਨਾਂ ਦੀ ਮਿਹਨਤ ਨਾਲ ਇਹ ਸਾਰਾ ਟੂਰਨਾਮੈਂਟ ਬਹੁਤ ਹੀ ਕਾਮਯਾਬ ਰਿਹਾ। ਦੁਨੀਆਂ ਦੇ ਨਾਮਵਰ ਖਿਡਾਰੀਆਂ ਨੂੰ ਅਸੀਂ ਖੇਡਦੇ ਵੇਖ ਸਕੇ ਹਾਂ। ਇਕ ਚੰਗੀ ਪਿਰਤ ਪਈ ਹੈ, ਉਮੀਦ ਹੈ ਅਗਲੇ ਸਾਲਾਂ ਵਿਚ ਹੋਰ ਵੀ ਵੱਡਾ ਖੇਡ ਮੇਲਾ ਕਰਵਾਇਆ ਜਾਵੇਗਾ। ਇਸ ਮੌਕੇ ਹੋਰ ਬਹੁਤ ਸਾਰੀਆਂ ਸ਼ਖਸੀਅਤਾਂ ਨੇ ਹਾਜ਼ਰੀ ਲਗਵਾਈ ਜਿਹਨਾਂ ਵਿਚ ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕਸ), ਸਵਰਗਵਾਸੀ ਸ੍ਰੀ ਲਾਹੌਰੀ ਰਾਮ ਦੇ ਸਪੁੱਤਰ ਜਗਦੇਵ ਰਾਮ ਅਤੇ ਅਜੇਪਾਲ ਰਾਮ, ਜਸਵੀਰ ਸਿੰਘ ਤੱਖਰ (ਏ ਏ ਏ ਆਟੋ ਬਾਡੀ) ਭੱਜੀ ਗਿੱਲ ਅਤੇ ਚੈਨ ਗਿੱਲ (ਕਾਂਟੀਨੈਂਟਲ ਟਰੱਕ ਟਰੇਲਰ ਰਿਪੇਅਰ ਐਂਡ ਟਾਇਰ ਸਰਵਿਸ), ਮੱਖਣ ਸਿੰਘ ਬੈਂਸ (ਰਾਜਾ ਸਵੀਟਸ), ਮਹਿੰਗਾ ਸਿੰਘ ਸਰਪੰਚ, ਅਵਤਾਰ ਸਿੰਘ ਤਾਰੀ, ਮਨਜੀਤ ਸਿੰਘ ਗਿੱਲ, ਪ੍ਰੋ. ਐਚ. ਐਲ. ਕਪੂਰ, ਨਾਵਲਿਸਟ ਚਰਨ ਆਨੰਦ, ਕਰਨੈਲ ਟਰੇਸੀ, ਰਣਧੀਰ ਸੁੰਮਨ ਆਦਿ ਸ਼ਾਮਲ ਸਨ।

## ਹਰਭਜਨ ਸਿੰਘ ਬੈਂਸ ਦੀ ਸ਼ਾਇਰੀ

ਮੋਕਲਾ ਹੋਣ ਕਰਕੇ ਭਾਵ ਪ੍ਰਭਾਵਿਤ ਹੋਣ ਕਰਕੇ ਬਹਿਰ ਦੀ ਚਾਲ ਵਿਚ ਰਵਾਨੀ ਅਤੇ ਰੋਚਕਤਾ ਪੈਦਾ ਹੋਈ ਹੈ। ਲੰਬਾ ਕਾਫ਼ੀਆ ਰਦੀਫ਼ ਅਕਸਰ ਵਿਸ਼ੇ ਨੂੰ ਇਕਾਗਰ ਹੋਣ ਲਈ ਮਜਬੂਰ ਕਰਦਾ ਹੈ। ਫਲਸਰੂਪ, ਵਿਚਾਰ ਅਧੀਨ ਸ਼ਿਅਰਾਂ ਵਿਚ ਵਿਸ਼ੇ ਦੀ ਇਕਾਗਰਤਾ ਵਿਦਮਾਨ ਹੈ। ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਹਰਭਜਨ ਸਿੰਘ ਬੈਂਸ ਇਕ ਕਰਮਸ਼ੀਲ ਅਤੇ ਬਹੁਪੱਖੀ ਗ਼ਜ਼ਲਗੋ ਹੈ। ਉਸ ਦੇ ਵਿਸ਼ੇ ਇਨਸਾਨ ਦੀਆਂ ਨਿਤਾਪ੍ਰਤੀ ਸਮੱਸਿਆਵਾਂ ਨਾਲ ਵਾਬਸਤਾ ਹਨ। ਸਰਲ ਅਤੇ ਬਾਦੀ ਜ਼ੁਬਾਨ ਵਿਚ ਉਹ ਹਰ ਵਿਸ਼ੇ ਨੂੰ ਪੜ੍ਹਨ ਯੋਗ ਬਣਾ ਲੈਂਦਾ ਹੈ। ਚੌਖੇ ਸ਼ਬਦ ਭੰਡਾਰ ਦੇ ਨਾਲ ਨਾਲ ਤਦਭਵ ਰੂਪ ਵਿਚ ਬਦਲਣ ਦੀ ਕਾਰੀਗਰੀ ਅਤੇ ਚਤੁਰਾਈ ਵਿਚ ਵੀ ਉਹ ਕਲਾਕੌਸ਼ਲਤਾ ਰੱਖਦਾ ਹੈ। ਬਹਿਰਾਂ ਨੂੰ ਗੁਣੀਏਂ ਵਿਚ ਰੱਖਣ ਲਈ ਸੰਗੀਤ ਦੀ ਪਿੱਠ-ਭੂਮੀ ਉਸ ਲਈ ਲਾਭਦਾਇਕ ਸਿੱਧ ਹੋਈ ਹੈ, ਭਾਵੇਂ ਕਿਤੇ ਕਿਤੇ ਸੰਗੀਤ ਦੀ ਰੌ ਵਿਚ ਬਹਿਰ ਹਵਾਸਾਨ ਏਧਰ ਓਧਰ ਵੀ ਹੋ ਜਾਂਦੀ ਹੈ। ਬਹੁਪੱਖੀ ਪਿੱਠ-ਭੂਮੀ ਕਰਕੇ, ਬੈਂਸ ਨਾ ਸਿਰਫ਼ ਗ਼ਜ਼ਲ ਦੀ ਸਿਨਫ਼ ਦੀ ਹੀ ਰਹਿਨੁਮਾਈ ਕਰਦਾ ਹੈ, ਸਗੋਂ ਪੜ੍ਹਤ ਪੱਖੋਂ ਉਸ ਨੂੰ ਰੌਚਕ ਅਤੇ ਭਾਵਪੂਰਤ ਵੀ ਬਣਾ ਲੈਂਦਾ ਹੈ।

ਅਜੋਕੇ ਯੁੱਗ ਦੀਆਂ ਆਧੁਨਿਕ ਅਤੇ ਉੱਤਰ-ਆਧੁਨਿਕ ਕਦਰਾਂ-ਕੀਮਤਾਂ ਨੇ ਮਨੁੱਖ ਦੀ ਸੋਚ ਨੂੰ ਧੁੰਦਲਾ ਹੀ ਨਹੀਂ, ਸਗੋਂ ਗੰਧਲਾ ਵੀ ਕੀਤਾ ਹੈ।

ਕਵਿਤਾ ਇਸ ਘੜਮਸ ਨੂੰ ਚਿਤਰਦੀ ਹੋਈ ਖੁਦ ਗੰਧਲੀ ਅਤੇ ਧੁੰਦਲੀ ਹੋ ਗਈ ਹੈ। ਇਸ ਵਿਚਾਰ ਅਪਸਾਰੀ ਸਮੇਂ ਵਿਚ ਹਰਭਜਨ ਸਿੰਘ ਬੈਂਸ ਵਰਗੇ ਕਵੀਆਂ ਦੀ ਲੋੜ ਹੈ ਜੋ ਕਵਿਤਾ ਨੂੰ ਪਾਠਕਾਂ ਲਈ ਹਰਮਨ ਪਿਆਰੀ ਬਣਾ ਕੇ ਉਸ ਦਾ ਖੁੱਸਿਆ ਹੋਇਆ ਸਥਾਨ ਦੁਬਾਰਾ ਪ੍ਰਾਪਤ ਕਰਨ ਵਿਚ ਸਹਾਈ ਹੋ ਸਕਣ।

**ਗੁਰੂਮੇਲ ਸ. ਸਿੱਧੂ (ਡਾ.)**

## ਪੰਜਾਬ ਦੇ ਦੋ ਹਜ਼ਾਰ ਦੇ ਕਰੀਬ ਮੁਲਾਜ਼ਮਾਂ ਤੇ ਅਫ਼ਸਰਾਂ ਦੇ ਵਿਦੇਸ਼ਾਂ 'ਚ ਡੇਰੇ

**ਚੰਡੀਗੜ੍ਹ** – ਵਿਦੇਸ਼ ਡੇਰੇ ਲਾਈ ਬੈਠੇ ਮੁਲਾਜ਼ਮਾਂ ਬਾਰੇ ਚੱਲ ਰਹੀ ਪੰਜਾਬ ਵਿਜੀਲੈਂਸ ਬਿਊਰੋ ਦੀ ਜਾਂਚ ਨੂੰ ਸਬੰਧਤ ਵਿਭਾਗਾਂ ਨੇ ਕੋਈ ਰਾਹ ਨਹੀਂ ਦਿੱਤਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਤੂਬਰ 2014 ਦੌਰਾਨ ਸਰਕਾਰੀ ਮੁਲਾਜ਼ਮਾਂ ਤੇ ਅਫ਼ਸਰਾਂ ਵੱਲੋਂ ਨਿਯਮਾਂ ਦੇ ਉਲਟ ਵਿਦੇਸ਼ਾਂ ਦੀ ਇਮੀਗਰੇਸ਼ਨ ਹਾਸਲ ਕਰਨ ਦੇ ਮਾਮਲੇ ਦੀ ਵਿਜੀਲੈਂਸ ਪੜਤਾਲ ਦੇ ਹੁਕਮ ਦਿੰਦਿਆਂ ਇਕ ਮਹੀਨੇ ਵਿਚ ਰਿਪੋਰਟ ਦੇਣ ਲਈ ਕਿਹਾ ਸੀ।

ਬਿਊਰੋ ਦੇ ਸੂਤਰਾਂ ਮੁਤਾਬਕ ਵੱਖ-ਵੱਖ ਵਿਭਾਗਾਂ ਨੇ 200 ਦੇ ਕਰੀਬ ਮੁਲਾਜ਼ਮਾਂ ਤੇ ਦਰਜਾ 1 ਅਫ਼ਸਰਾਂ ਦੇ ਇਮੀਗਰੇਸ਼ਨ ਹਾਸਲ ਕਰਨ ਦੀ ਜਾਣਕਾਰੀ ਦਿੱਤੀ ਹੈ। ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਦੋ ਹਜ਼ਾਰ ਦੇ ਕਰੀਬ ਮੁਲਾਜ਼ਮਾਂ ਤੇ ਅਫ਼ਸਰਾਂ ਨੇ ਨਿਯਮਾਂ ਨੂੰ ਛਿੱਕੇ ਟੰਗਿਆ ਹੈ।

ਵਿਜੀਲੈਂਸ ਨੂੰ ਭ੍ਰਿਸ਼ਟਾਚਾਰ ਦੇ ਕੁਝ ਕੇਸਾਂ ਵਿਚ ਅਫ਼ਸਰਾਂ ਵੱਲੋਂ ਰਿਸ਼ਵਤਖੋਰੀ ਦੇ ਪੈਸੇ ਨੂੰ ਵਿਦੇਸ਼ ਭੇਜਣ ਤੇ ਫਿਰ ਐਨ੍ਆਰ੍ਆਈ੍ ਖਾਤਿਆਂ ਰਾਹੀਂ ਭਾਰਤ ਮੰਗਵਾ ਕੇ ਇਕ ਨੰਬਰ ਦਾ ਬਣਾਉਣ ਦੇ ਤੱਥ ਹਾਸਲ ਹੋਏ ਸਨ। ਵਿਜੀਲੈਂਸ ਵੱਲੋਂ ਭਾਵੇਂ ਸਾਰੇ ਵਿਭਾਗਾਂ ਨੂੰ ਇਮੀਗਰੇਸ਼ਨ ਦੀ ਜਾਣਕਾਰੀ ਹਾਸਲ ਕਰਨ ਲਈ ਇਕ ਸਾਲ ਤੋਂ ਜੱਦੋਜਹਿਦ ਕੀਤੀ ਜਾ ਰਹੀ ਹੈ ਪਰ ਸਫ਼ਲਤਾ ਨਹੀਂ ਮਿਲੀ। ਮੁੱਖ ਮੰਤਰੀ ਦੇ ਹੁਕਮਾਂ ਤੋਂ ਬਾਅਦ ਵੀ ਵਿਭਾਗਾਂ ਨੇ ਜਾਣਕਾਰੀ ਮੁਹੱਈਆ ਨਹੀਂ ਕਰਾਈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਪੰਜਾਬ ਪੁਲਿਸ ਦੇ ਬਹੁ ਗਿਣਤੀ ਮੁਲਾਜ਼ਮਾਂ ਤੇ ਅਫ਼ਸਰਾਂ ਵੱਲੋਂ ਇਮੀਗਰੇਸ਼ਨ ਹਾਸਲ ਕੀਤੇ ਜਾਣ ਦੇ ਤੱਥ ਮੌਜੂਦ ਹਨ ਪਰ ਪੁਲਿਸ ਵੱਲੋਂ ਵਿਜੀਲੈਂਸ ਨੂੰ ਸੂਚਨਾ ਨਹੀਂ ਦਿੱਤੀ ਜਾ ਰਹੀ। ਸੂਬਾ ਸਰਕਾਰ ਦੇ ਕੁੱਲ 49 ਵਿਭਾਗਾਂ ਵੱਲੋਂ ਸਹਿਯੋਗ ਨਾ ਦਿੱਤੇ ਜਾਣ ਕਾਰਨ ਬਿਊਰੋ ਨੇ ਸਰਕਾਰ ਤੱਕ ਪਹੁੰਚ ਕੀਤੀ ਹੈ। ਸੂਤਰਾਂ ਮੁਤਾਬਕ ਲੰਘੇ ਹਫ਼ਤੇ ਦੌਰਾਨ ਬਿਊਰੋ ਨੇ ਸਰਕਾਰ ਨੂੰ ਲਿਖਤੀ ਤੌਰ ਉਤੇ ਦੱਸਿਆ ਹੈ ਕਿ ਪੰਜ ਵਿਭਾਗਾਂ ਨੇ ਤਾਂ ਵਿਦੇਸ਼ਾਂ ਦੀ ਇਮੀਗਰੇਸ਼ਨ ਹਾਸਲ ਕਰਨ ਵਾਲੇ ਅਫ਼ਸਰਾਂ ਬਾਰੇ ਕੋਈ ਜਾਣਕਾਰੀ ਹੀ ਨਹੀਂ ਭੇਜੀ, ਜਦੋਂ ਕਿ 44 ਹੋਰ ਵਿਭਾਗਾਂ ਜਿਨ੍ਹਾਂ ਵਿਚ ਕੁੱਝ ਬੋਰਡ ਤੇ ਨਿਗਮ ਵੀ ਸ਼ਾਮਲ ਹਨ, ਨੇ ਅਧੂਰੀ ਜਾਣਕਾਰੀ ਮੁਹੱਈਆ ਕਰਾਈ ਹੈ। ਵਿਭਾਗਾਂ ਦੇ ਇਸ ਰਵੱਈਏ ਕਾਰਨ ਬਿਊਰੋ ਜਾਂਚ ਸਿਰੇ ਨਹੀਂ ਚਾੜ੍ਹ ਸਕਿਆ।

ਸੂਤਰਾਂ ਮੁਤਾਬਕ ਬਿਊਰੋ ਨੇ ਸਰਕਾਰ ਦੇ ਧਿਆਨ ਵਿਚ ਲਿਆਂਦਾ ਹੈ ਕਿ ਸਹਿਕਾਰਤਾ, ਖੁਰਾਕ ਤੇ ਸਪਲਾਈ, ਦਿਹਾਤੀ ਵਿਕਾਸ ਤੇ ਪੰਚਾਇਤ, ਡੀ੍ਪੀ੍ਆਈ੍ ਕਾਲਜਿਜ਼ ਤੇ ਗ੍ਰਹਿ ਵਿਭਾਗ ਨੇ ਤਾਂ ਜਾਣਕਾਰੀ ਭੇਜਣ ਬਾਰੇ ਪੂਰੀ ਤਰ੍ਹਾਂ ਘੇਸਲ ਵੱਟ ਲਈ ਹੈ। ਪੰਜਾਬ ਪੁਲਿਸ ਦੇ ਵੱਡੀ ਗਿਣਤੀ ਗਜ਼ਟਿਡ ਅਫ਼ਸਰਾਂ ਨੇ ਇਮੀਗਰੇਸ਼ਨ ਹਾਸਲ ਕੀਤੀ ਹੋਈ ਹੈ। 44 ਵਿਭਾਗ, ਬੋਰਡਾਂ ਤੇ ਨਿਗਮ ਅਜਿਹੇ ਹਨ, ਜਿਨ੍ਹਾਂ ਅਧੂਰੀ ਜਾਣਕਾਰੀ ਭੇਜੀ ਹੈ। ਅੱਧ ਪਚੱਧ ਜਾਣਕਾਰੀ ਮੁਹੱਈਆ ਕਰਾਉਣ ਵਾਲੇ ਵਿਭਾਗਾਂ ਵਿਚ ਕਰ ਤੇ ਆਬਕਾਰੀ, ਖੇਤੀਬਾੜੀ, ਲੋਕ ਨਿਰਮਾਣ ਵਿਭਾਗ, ਮਾਲ ਵਿਭਾਗ, ਜਲ ਸਪਲਾਈ ਤੇ ਸੈਨੀਟੇਸ਼ਨ, ਵਿੱਤ, ਉਦਯੋਗ, ਤਕਨੀਕੀ ਸਿੱਖਿਆ, ਸਿਹਤ, ਮੈਡੀਕਲ ਸਿੱਖਿਆ, ਜੇਲ੍ਹਾਂ, ਸਿੰਜਾਈ, ਪੰਜਾਬ ਮੰਡੀ ਬੋਰਡ ਤੇ ਸਾਰੀਆਂ ਯੂਨੀਵਰਸਿਟੀਆਂ ਸ਼ਾਮਲ ਹਨ। ਬਿਊਰੋ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁਕੰਮਲ ਜਾਣਕਾਰੀ ਨਾ ਆਉਣ ਕਾਰਨ ਜਾਂਚ ਨੇਪਰੇ ਨਹੀਂ ਚੜ੍ਹ ਸਕੀ। ਬਿਊਰੋ ਨੂੰ ਨਿਰਦੇਸ਼ ਦੇਣ ਤੋਂ ਬਾਅਦ ਸਰਕਾਰ ਨੇ ਸਾਰੇ ਵਿਭਾਗਾਂ ਦੇ ਮੁੱਖ ਵਿਜੀਲੈਂਸ ਅਫ਼ਸਰਾਂ ਨਾਲ ਮੀਟਿੰਗ ਕਰ ਕੇ ਇਹ ਜਾਣਕਾਰੀ ਬਿਊਰੋ ਨੂੰ ਦੇਣ ਲਈ ਕਿਹਾ ਸੀ। ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਲਈ ਪੰਜ ਸਾਲਾ ਸਵੈ ਰੁਜ਼ਗਾਰ ਛੁੱਟੀ ਦੀ ਸਹੂਲਤ ਦਿੱਤੀ ਗਈ ਸੀ, ਜਿਸ ਦਾ ਲਾਹਾ ਲੈਂਦਿਆਂ ਅਫ਼ਸਰਾਂ ਤੇ ਮੁਲਾਜ਼ਮਾਂ ਨੇ ਵਿਦੇਸ਼ਾਂ ਦੀ ਇਮੀਗਰੇਸ਼ਨ ਹਾਸਲ ਕੀਤੀ ਸੀ। ਸੂਚਨਾ ਅਧਿਕਾਰ ਕਾਨੂੰਨ ਤਹਿਤ ਵੱਖ-ਵੱਖ ਵਿਭਾਗਾਂ ਤੋਂ ਹਾਸਲ ਜਾਣਕਾਰੀ ਮੁਤਾਬਕ ਦੋ ਹਜ਼ਾਰ ਦੇ ਕਰੀਬ ਮੁਲਾਜ਼ਮਾਂ ਤੇ ਅਫ਼ਸਰਾਂ ਨੇ ਵਿਦੇਸ਼ਾਂ ਵਿਚ ਇਮੀਗਰੇਸ਼ਨ ਹਾਸਲ ਕੀਤੀ ਹੋਈ ਹੈ। ਇਨ੍ਹਾਂ ਵਿਚ ਆਈ੍ ਪੀ੍ ਐਸ਼, ਪੀ੍ਸੀ੍ਐਸ਼ ਤੇ ਪੀ੍ਪੀ੍ਐਸ਼ ਅਫ਼ਸਰ ਵੀ ਸ਼ਾਮਲ ਹਨ। ਸੇਵਾ ਨਿਯਮਾਂ ਮੁਤਾਬਕ ਕੋਈ ਵੀ ਅਫ਼ਸਰ ਜਾਂ ਮੁਲਾਜ਼ਮ ਵਿਦੇਸ਼ਾਂ ਵਿਚ ਇਮੀਗ੍ਰੇਸ਼ਨ ਹਾਸਲ ਨਹੀਂ ਕਰ ਸਕਦਾ ਤੇ ਜੇਕਰ ਕਿਸੇ ਅਧਿਕਾਰੀ ਨੇ ਅਜਿਹਾ ਕੀਤਾ ਤਾਂ ਉਸ ਵਿਰੁੱਧ ਕਾਰਵਾਈ ਹੋ ਸਕਦੀ ਹੈ। ਪੰਜਾਬ ਸਰਕਾਰ ਦੇ ਮੁੱਖ ਸਕੱਤਰ-ਕਮ-ਪ੍ਰਮੁੱਖ ਸਕੱਤਰ ਵਿਜੀਲੈਂਸ ਸਰਵੇਸ਼ ਕੌਸ਼ਲ ਨੇ ਦੱਸਿਆ ਵਿਜੀਲੈਂਸ ਬਿਊਰੋ ਵੱਲੋਂ ਇਮੀਗਰੇਸ਼ਨ ਦੇ ਤੱਥਾਂ ਨਾਲ ਜੁੜੀ ਜਾਣਕਾਰੀ ਵਿਭਾਗਾਂ ਵੱਲੋਂ ਮੁਹੱਈਆ ਨਾ ਕਰਾਉਣ ਬਾਰੇ ਪੱਤਰ ਸਰਕਾਰ ਨੂੰ ਮਿਲ ਗਿਆ ਹੈ। ਮੁੱਖ ਮੰਤਰੀ ਦੇ ਹੁਕਮਾਂ ਮੁਤਾਬਕ ਇਸ ਗੰਭੀਰ ਮਾਮਲੇ ਉਤੇ ਚੱਲ ਰਹੀ ਪੜਤਾਲ ਨੂੰ ਹਰ ਹਾਲਤ ਵਿਚ ਨੇਪਰੇ ਚਿੜ੍ਹਆ ਜਾਵੇਗਾ।

## ਰੇਤ ਮਾਫੀਏ ਖਿਲਾਫ਼ ਬੈਂਸ ਭਰਾਵਾਂ ਦਾ ਮੋਰਚਾ: ਸਰਕਾਰ ਵਲੋਂ ਕਾਊਂਟਰ ਅਟੈਕ

**ਲੁਧਿਆਣਾ** – ਪੰਜਾਬ ਵਿਚ ਰੇਤ ਮਾਫੀਆ ਖਿਲਾਫ ਮੋਰਚਾ ਲਾਉਣ ਵਾਲੇ ਵਿਧਾਇਕ ਬੈਂਸ ਭਰਾਵਾਂ ਨੂੰ ਪੰਜਾਬ ਸਰਕਾਰ ਨੇ ਘੇਰਨਾ ਸ਼ੁਰੂ ਕਰ ਦਿੱਤਾ ਹੈ। ਬੈਂਸ ਭਰਾਵਾਂ ਕੋਲੋਂ ਐਸਕਾਰਟ ਜਿਪਸੀਆਂ ਵਾਪਸ ਮੰਗਣ ਤੋਂ ਬਾਅਦ ਦੋਵਾਂ ਉਤੇ ਕਤਲ ਦੀ ਕੋਸ਼ਿਸ਼ ਤੇ ਲੁੱਟ ਕਰਨ ਵਰਗੀਆਂ ਗੰਭੀਰ ਧਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।ਸੱਤਿਆਗ੍ਰਹਿ ਕਾਰਨ ਸੂਬੇ ਵਿਚ ਹੋਈ ਕਿਰਕਿਰੀ ਪਿੱਛੋਂ ਹੁਣ ਸਰਕਾਰ ਨੇ ਡੈਮੇਜ ਕੰਟਰੋਲ ਕਰਨ ਲਈ ਵਿਧਾਇਕ ਬੈਂਸ ਤੇ ਟੀਮ ਇਨਸਾਫ਼ ਦੇ ਮੈਂਬਰਾਂ ਉਤੇ ਕਾਉਂਟਰ ਅਟੈਕ ਸ਼ੁਰੂ ਕਰ ਦਿੱਤਾ ਹੈ।

ਸੱਤਿਆਗ੍ਰਹਿ ਵਾਲੇ ਦਿਨ ਪਹਿਲਾਂ ਪੁਲਿਸ ਨੇ ਬੈਂਸ ਭਰਾਵਾਂ ਤੇ ਉਨ੍ਹਾਂ ਦੇ ਗ੍ਰਿਫ਼ਤਾਰ ਹੋਏ ਸਮਰੱਥਕਾਂ ਉਤੇ ਮਾਈਨਿੰਗ ਐਕਟ, ਰੇਤ ਚੋਰੀ, ਸਰਕਾਰੀ ਕੰਮ ਵਿਚ ਵਿਘਨ ਪਾਉਣ, ਸਰਕਾਰ ਦੇ ਖ਼ਿਲਾਫ਼ ਲੋਕਾਂ ਨੂੰ ਭੜਕਾਉਣ ਵਰਗੀਆਂ ਵੱਖ-ਵੱਖ ਧਾਰਾਵਾਂ ਵਿਚ ਕੇਸ ਦਰਜ ਕੀਤਾ ਸੀ, ਜਿਸ ਤੋਂ 24 ਘੰਟੇ ਬਾਅਦ ਹੀ ਪੁਲਿਸ ਨੇ ਸਪਲੀਮੈਂਟਰੀ ਬਿਆਨ ਦਰਜ ਕਰਕੇ ਵਿਧਾਇਕ ਬੈਂਸ ਸਮੇਤ ਸਾਰੇ ਹੀ ਸਮਰੱਥਕਾਂ ਉਤੇ ਕਤਲ ਦੀ ਕੋਸ਼ਿਸ਼ ਕਰਨ ਦੀ ਕੇਸ ਦਰਜ ਕੀਤਾ ਗਿਆ ਤੇ ਹੁਣ ਪੁਲਿਸ ਵੱਲੋਂ ਮਾਈ-ਨਿੰਗ ਅਫ਼ਸਰਾਂ ਕੋਲੋਂ ਪੈਸੇ ਲੁੱਟਣ ਦਾ ਕੇਸ ਦਰਜ ਕਰ ਟੀਮ ਇਨਸਾਫ਼ ਦੇ ਮੈਂਬਰਾਂ ਦਾ ਮਨੋਬਲ ਤੋੜਨ ਦੀ ਕੋਸ਼ਿਸ਼ ਕੀਤੀ ਹੈ। ਹਾਲਾਂਕਿ, ਵਿਧਾਇਕ ਬੈਂਸ ਭਰਾਵਾਂ ਤੇ ਉਨ੍ਹਾਂ ਦੇ ਸਮਰੱਥਕਾਂ ਉਤੇ ਕੇਸ ਦਰਜ ਕਰਨ ਵਾਲੇ ਪੁਲਿਸ ਮੁਲਾਜ਼ਮ ਖੁੱਲ੍ਹ ਕੇ ਕੁਝ ਵੀ ਨਹੀਂ ਕਹਿ ਰਹੇ ਪਰ ਅੰਦਰਖਾਤੇ ਪੁਲਿਸ ਦੇ ਉਚ ਅਧਿਕਾਰੀ ਵੀ ਮੰਨਦੇ ਹਨ ਕਿ ਉਨ੍ਹਾਂ ਨੂੰ ਜੋ ਸਰਕਾਰ ਨੇ ਆਦੇਸ਼ ਦਿੱਤੇ ਹਨ, ਉਸ ਉਤੇ ਹੀ ਕੰਮ ਕੀਤਾ ਹੈ। ਦਰਅਸਲ, ਬੈਂਸ ਭਰਾਵਾਂ ਨੇ ਟੀਮ ਇਨਸਾਫ਼ ਬਣਾ ਕੇ 20 ਅਪਰੈਲ ਤੋਂ ਰੇਤ ਮਾਫ਼ੀਆ ਦੇ ਖ਼ਿਲਾਫ਼ ਸੱਤਿਆਗ੍ਰਹਿ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਜਿਸ ਤੋਂ ਬਾਅਦ ਲਗਾਤਾਰ ਪੁਲਿਸ ਨੇ ਵਾਰ-ਵਾਰ ਬੈਂਸ ਤੇ ਉਨ੍ਹਾਂ ਦੇ ਸਮਰੱਥਕਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਨੂੰ ਬੈਂਸ ਨਾਲੋਂ ਤੋੜਨ ਦੀ ਕੋਸ਼ਿਸ਼ ਕੀਤੀ ਸੀ, ਪਰ ਬੈਂਸ ਦੇ ਸਮਰੱਥਕ ਉਤੇ ਇਸਦਾ ਕੋਈ ਅਸਰ ਨਹੀਂ ਦਿਖਿਆ।

ਇਸ ਤੋਂ ਬਾਅਦ ਬੈਂਸ ਭਰਾਵਾਂ ਨੇ ਟੀਮ ਇਨਸਾਫ਼ ਦੇ ਨਾਲ ਤਿੰਨ ਦਿਨ ਪਹਿਲਾਂ ਹੀ 17 ਅਪਰੈਲ ਨੂੰ ਹੀ ਪਿੰਡ ਚੂਹੜਵਾਲ ਤੋਂ ਰੇਤ ਦੀ ਖੱਡ ਵਿਚ ਉਤਰ ਕੇ ਰੇਤ ਭਰੀ ਤੇ ਆਪਣੇ ਸੱਤਿਆਗ੍ਰਹਿ ਦੀ ਸ਼ੁਰੂਆਤ ਕਰ ਦਿੱਤੀ ਸੀ। ਇਸ ਸੱਤਿਆਗ੍ਰਹਿ ਦੇ ਸ਼ੁਰੂ ਹੋਣ ਦੀ ਸੂਹ ਨਾ ਤਾਂ ਪੁਲਿਸ ਨੂੰ ਲੱਗ ਸਕੀ ਤੇ ਨਾ ਹੀ ਸਰਕਾਰ ਦੇ ਖੁਫੀਆ ਵਿਭਾਗ ਨੂੰ ਜਿਸ ਤੋਂ ਬਾਅਦ ਬੈਂਸ ਦੇ ਕੰਮ ਦੀ ਪੂਰੇ ਸੂਬੇ ਵਿਚ ਕਾਂਗਰਸ ਤੇ ਭਾਜਪਾ ਦੇ ਕੁਝ ਆਗੂਆਂ ਨੇ ਪ੍ਰਸ਼ੰਸਾ ਕੀਤੀ ਸੀ।

ਜਿਸ ਕਾਰਨ ਸਰਕਾਰ ਦੀ ਲਗਾਤਾਰ ਇਸ ਮੁੱਦੇ 'ਤੇ ਕਿਰਕਿਰੀ ਹੋ ਰਹੀ ਸੀ। ਜੇਲ੍ਹ ਭੇਜੇ ਬੈਂਸ ਤੇ ਉਨ੍ਹਾਂ ਦੇ ਸਮਰੱਥਕਾਂ ਦੇ ਹੌਂਸਲੇ ਬੁਲੰਦ ਦੇਖ ਕੇ ਸਰਕਾਰ ਨੇ ਬੀਤੀ ਦਿਨੀਂ ਵਿਧਾਇਕ ਬੈਂਸ ਤੇ ਉਨ੍ਹਾਂ ਦੇ ਸਮਰੱਥਕਾਂ ਨੂੰ ਸਬਕ ਸਿਖਾਉਣ ਲਈ ਉਨ੍ਹਾਂ 'ਤੇ ਕਤਲ ਦੀ ਕੋਸ਼ਿਸ਼ ਤੇ ਲੁੱਟ ਕਰਨ ਦਾ ਕੇਸ ਵੀ ਦਰਜ ਕਰ ਦਿੱਤਾ ਹੈ।

ੴ ਸਤਿਗੁਰ ਪ੍ਰਸਾਦਿ

ਸੋਹੰ

# ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

## 61-01 Broadway, Woodside NY 11377

ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵਿਖੇ ਸਿੱਖ ਪੰਥ ਦੇ ਮਹਾਨ ਵਿਦਵਾਨ, ਸਿੰਘ ਸਭਾ ਲਹਿਰ ਦੇ ਮੋਢੀ, ਖਾਲਸਾ ਕਾਲਜ ਅੰਮ੍ਰਿਤਸਰ ਦੇ ਫਾਊਂਡਰ, ਸੁੱਤੀ ਕੌਮ ਨੂੰ ਜਗਾਉਣ ਵਾਲੇ ਸਿੱਖ ਕੌਮ ਦੇ ਕੋਹਿਨੂਰ ਹੀਰੇ, ਜਿਹਨਾਂ ਨੇ ਸਮੇਂ ਦੇ ਸਨਾਤਨ ਧਰਮ ਦੇ ਉਘੇ ਵਿਦਵਾਨ ਸਵਾਮੀ ਦਯਾਨੰਦ ਨੂੰ ਤਿੰਨ ਵਾਰ ਵਿਚਾਰ ਗੋਸ਼ਟੀ ਕਰਕੇ ਹਰਾਇਆ, ਉਹ ਮਹਾਨ ਗੁਰਸਿੱਖ ਗਿਆਨੀ ਦਿੱਤ ਸਿੰਘ ਜੀ ਦਾ ਜਨਮ ਦਿਨ ਗੁਰੂ ਘਰ ਦੀ ਸਮੁੱਚੀ ਸੰਗਤ ਵੱਲੋਂ ਬੜੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। **1 ਮਈ ਦਿਨ ਸ਼ੁੱਕਰਵਾਰ** ਨੂੰ ਸਵੇਰੇ 11 ਵਜੇ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ ਅਤੇ 3 ਮਈ ਦਿਨ ਐਤਵਾਰ ਨੂੰ 10:30 ਵਜੇ ਅਖੰਡ ਪਾਠ ਸਾਹਿਬ ਜੀ ਦਾ ਭੋਗ ਪਵੇਗਾ। ਉਪਰੰਤ ਦਿਨ ਭਰ ਦੇ ਸਮੁੱਚੇ ਦੀਵਾਨ ਦੀ ਸੇਵਾ ਹੋਵੇਗੀ।





**8, 9, 10 ਮਈ** ਨੂੰ ਦੁਨੀਆਂ ਦੇ ਛੇਵੇਂ ਦਿਮਾਗ, ਗਰੀਬ ਲੋਕਾਂ ਦੇ ਮਸੀਹਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਮਨਾਇਆ ਜਾਵੇਗਾ। ਗੁਰੂ ਘਰ ਵਿਖੇ ਸਾਧ ਸੰਗਤ ਦੇ ਵਿਸ਼ੇਸ਼ ਉਦਮ ਦਾ ਸਦਕਾ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਅਤੇ ਵਿਸ਼ੇਸ਼ ਦੀਵਾਨ ਦੀ ਸੇਵਾ ਹੋਵੇਗੀ। ਇਹਨਾਂ ਮਹਾਨ ਸ਼ਖਸੀਅਤਾਂ 'ਚ ਗੁਰੂ ਪੰਥ ਦੇ ਮਹਾਨ ਕੀਰਤਨੀਏ, ਕਥਾ ਵਾਚਕ, ਢਾਡੀ ਸਾਹਿਬਾਨ ਅਤੇ ਕੌਮ ਦੇ ਪ੍ਰਸਿੱਧ ਵਿਦਵਾਨ ਗੁਰੂ ਘਰ ਵਿਖੇ ਪਹੁੰਚ ਰਹੇ ਹਨ। ਸਰਬੱਤ ਸੰਗਤ ਦੇ ਚਰਨਾਂ 'ਚ ਬੇਨਤੀ ਹੈ ਕਿ ਗੁਰੂ ਘਰ ਹਾਜ਼ਰੀਆਂ ਭਰ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ, ਰਹਿਮਤਾਂ ਪ੍ਰਾਪਤ ਕਰੋ ਜੀ। ਸਮਾਗਮਾਂ ਵਿਚ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਸ਼ੁਭ ਅਵਸਰ ਤੇ ਗੁਰੂ ਘਰ ਆਪਣੀ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਪੰਥ ਦੇ ਮਹਾਨ ਕੀਰਤਨੀਏ, ਕਥਾਵਾਚਕ, ਢਾਡੀ ਸਾਹਿਬਾਨ ਹਾਜ਼ਰੀ ਭਰਨਗੇ ਅਤੇ ਸੰਗਤਾਂ ਨੂੰ ਗੁਰੂ ਵਿਚਾਰਾਂ ਨਾਲ ਜੋੜਨਗੇ। ਬੁਲਾਰੇ ਆਪਣੇ ਵਿਚਾਰਾਂ ਨਾਲ ਸਾਂਝ ਪਾਉਣਗੇ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

ਸ: ਨਿਰਮਲ ਸਿੰਘ ਜੀ (ਮੁੱਖ ਸੇਵਾਦਾਰ)
347-538-8296

ਹੋਰ ਜਾਣਕਾਰੀ ਲਈ ਸੰਪਰਕ ਕਰੋ


ਸ੍ਰੀ ਪਰਮਜੀਤ ਲਾਲ ਜੀ (ਸਕੱਤਰ)
917-854-8628

ਗੁਰੂ ਘਰ ਦਾ ਸੰਪਰਕ ਨੰਬਰ

**718- 898- 8150 ਫੈਕਸ- 718-898-0932**


Raja SWEETS & CATERING
AUTHORIZED CATERER FOR MAJOR 5-STAR HOTELS
Raja Items Serving
ALL KINDS OF SWEETS
SNACKS
CHAAT STALL
NORTH INDIAN CUISINE
FLUDA KULFI STALL
ON SITE TANDOOR
Raja Catering Service
WEDDING CEREMONIES
RECEPTIONS
BIRTHADAY PARTIES
RELIGIOUS GATHERINGS
CORPORATE EVENTS
PICNICS / BAR-B-QUE
Raja Additional Service
WARMERS
CHAFFING DISHES
CHINA & SILVERWARE
LINEN RENTAL
WAITERS
BARTENDERS
Contact us
Raja Sweets & Catering
Work (510)489-9100 • Cell (510)715-1619
msbains@rajasweets.com • www.rajasweets.com
www.facebook.com/rajasweetsandcatering
www.twitter.com/RAJASWEETS


INDIA MARKET
SWEETS & SPICES
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
Chaat Plate Only for $2.99
Chaat Papdi. Samosa Chaat. Pani Puri. Dahi Vada. Bhel Puri Chaat
Music, Fabric, Artificial Jewelry, Sweets, Fresh Vegetables & more
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
We have the largest collection for Indian, Fijian & Pakistani Grocery
The Threading queen
threading & HEENA TATTOOS
We accept EBT cards
Call for appointment
(916) 297-0150, (916) 316-8199
Eyebrow Threading & Henna Tattoo (each hand)
Only for $ 5.00
(Regular $ 8.00)
Walk In Welcome
Mon-Sat 10am to 7 pm
1265 Pleasant Grove Blvd. # 100 Roseville, CA 95747 916-786-7666
5203 Elkhorn Blvd.Sacramento, CA 95842 916-338-5511


INDIA BAZAAR
Jai Ram Gaught
Harjit Gaught (Happy)
Indian, Pakistani & Fijjian Groceries
We are open 7 DAYS A WEEK TIME : 9:00 A.M. TO 8:30 P.M.
WE ACCEPT FOOD STAMPS
RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।
Email: indiabazaar08@yahoo.com
1304-E HAMMER LANE, Suite 12, STOCKTON CA, 95210


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜ੍ਹੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
BRIDAL BOUTIQUE JEWELRY
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com
Phone: 510-538-1138